ਜ਼ਿੰਦਗੀ ਦੇ ਰਾਹ ਤੇ

ਜ਼ਿੰਦਗੀ ਦੇ ਰਾਹ ਤੇ

ਪ੍ਰੋ: ਜਗਦੀਸ਼ ਸਿੰਘ

ਰਾਜਪਾਲ ਐਂਡ ਸੰਜ
ਕਸ਼ਮੀਰੀ ਗੇਟ: ਦਿੱਲੀ

ਕਰਤਾ ਦੇ ਹੱਕ ਰਾਖਵੇਂ ਹਨ

J 20
33785

ਅਕਤੂਬਰ – ੧੯੫੨

ਪ੍ਰਿੰਟਰ : ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ
ਪਬਲਿਸ਼ਰਜ਼ : ਰਾਜਪਾਲ ਐਂਡ ਸਨਜ਼, ਕਸ਼ਮੀਰੀ ਗੇਟ, ਦਿੱਲੀ

ਕੀ ਤੇ ਕਿਉਂ ?

ਕੀ ਸਾਡੇ ਘਰੋਗੀ ਜੀਵਨ ਵਿਚ ਸੁਖ ਤੇ ਖ਼ੁਸ਼ੀ ਹੈ ? ਜੇ ਹੈ ਤਾਂ ਸਾਡੀ ਖ਼ੁਸ਼-ਕਿਸਮਤੀ ! ਜੇ ਨਹੀਂ ਤਾਂ ਕੀ ਅਸਾਂ ਕਦੇ ਪੜਚੋਲ ਕੀਤੀ ਹੈ ਕਿ ਕਿਉਂ ਨਹੀਂ ?

ਜੇ ਸਾਡੀ ਘਰ ਦੀ ਰਾਣੀ ਇਸਤ੍ਰੀ ਸੁਖੀ ਹੈ ਤਾਂ ਮਰਦ ਭੀ ਸੁਖੀ ਹੋਵੇਗਾ । ਜੇ ਇਸਤ੍ਰੀ ਦੱਬੀ ਘੁਟੀ ਹੈ, ਬੰਧਨਾਂ ਵਿਚ ਫਾਬੀ ਹੈ, ਰਸਮਾਂ ਦੇ ਸੰਗਲਾਂ ਵਿਚ ਜਕੜੀ ਹੈ ਤਾਂ ਸੁਖੀ ਨਹੀਂ, ਉਸ ਦਾ ਮਨ ਪ੍ਰਸੰਨ ਨਹੀਂ, ਉਸ ਦੇ ਚਿਹਰੇ ਤੇ ਮੁਸਕਰਾਹਟ ਨਹੀਂ । ਦੁਖੀ, ਨਿਰਾਸ ਤੇ ਉਦਾਸ ਇਸਤ੍ਰੀ ਆਪਣੇ ਘਰ ਵਿਚ ਖ਼ੁਸ਼ੀ ਪੈਦਾ ਨਹੀਂ ਕਰ ਸਕਦੀ ।

ਬੱਚੇ ਦੇ ਜੀਵਨ ਦੀ ਪਹਿਲੀ ਦੁਨੀਆਂ ਉਸ ਦਾ ਘਰ ਹੈ । ਸਭ ਚੰਗੀਆਂ ਮੰਦੀਆਂ ਆਦਤਾਂ ਦੀਆਂ ਨੀਹਾਂ ਘਰ ਵਿਚ ਹੀ ਬਣਦੀਆਂ ਹਨ । ਕੀ ਉਸ ਦੇ ਘਰ ਦਾ ਵਾਤਾਵਰਨ ਉਸ ਦੇ ਜੀਵਨ ਦੀ ਪ੍ਰਫੁਲਤਾ ਲਈ ਹਰ ਤਰ੍ਹਾਂ ਯੋਗ ਹੈ ? ਕੀ ਉਸ ਦੀ

ਸਿਖਿਆ ਠੀਕ ਲੀਹਾਂ ਤੇ ਚਲ ਰਹੀ ਹੈ ? ਕੀ ਉਸ ਦੇ ਮਾਪੇ ਤੇ ਉਸਤਾਦ ਉਸ ਨੂੰ ਸਮਝਦੇ ਹਨ, ਉਸ ਦੀ ਸ਼ਖ਼ਸੀਅਤ ਨੂੰ ਪਹਿਚਾਣਦੇ ਹਨ ?

ਆਓ ਰਲ ਕੇ ਪੜਚੋਲ ਕਰੀਏ ਕਿ ਇਸਤ੍ਰੀ ਜੇ ਸੁਖੀ ਨਹੀਂ ਤਾਂ ਇਸ ਦੇ ਕੀ ਕਾਰਨ ਹਨ ? ਬੱਚੇ ਦੀ ਜੀਵਨ ਉਸਾਰੀ ਜੇ ਗ਼ਲਤ ਹੈ ਤਾਂ ਕਿਉਂ ?

ਅਕਤੂਬਰ ੧੯੫੨ ਜਗਦੀਸ਼ ਸਿੰਘ

★ ★ ★ ਤਤਕਰਾ

੧.

ਇਸਤ੍ਰੀ ਦੀ ਤਰਸਯੋਗ ਹਾਲਤ	੧੧
ਪਤੀ ਤੇ ਪਤਨੀ ਦਾ ਸਾਂਝਾ ਜੀਵਨ	੨੩
ਭਾਈਚਾਰਕ ਬੰਧਨ	੩੧
ਵੇਲੇ ਸਿਰ ਸੰਭਲੋ	੩੯
ਵਿਦਿਆ	੪੪
ਘਰੇਗੀ ਜੀਵਨ	੫੩

੨.

ਬੱਚੇ	੬੧
ਬੱਚੇ ਲਈ ਤੀਬਰ ਇੱਛਾ	੭੨
ਸਾਧਾਰਨ ਆਦਤਾਂ	੭੮
ਬੱਚੇ ਦਾ ਆਲਾ ਦੁਆਲਾ	੮੬
ਪਹਿਲੋਂ ਬੱਚੇ ਕਿ ਵਡੇ	੯੫
ਵਿਦਿਆ ਦਾ ਮੰਤਵ	੧੦੫
ਸਕੂਲ ਤੇ ਉਸਤਾਦ	੧੧੪
ਖ਼ੁਦਮੁਖਤਾਰੀ ਦੀਆਂ ਨੀਹਾਂ	੧੨੩

ਪਚਦੇ ਦੀ ਕੈਦ ਇਸਤ੍ਰੀ ਲਈ ਮਰਦ ਨੇ ਨੀਅਤ ਕੀਤੀ ਹੈ।
ਘੁੰਡ ਤੇ ਬੁਰਕਾ ਜ਼ਨਾਨੀ ਲਈ ਆਦਮੀ ਨੇ ਬਣਾਏ ਹਨ ।
ਘਰਾਂ ਦੀ ਚਾਰ ਦੀਵਾਰੀ ਵਿਚ ਇਸਤ੍ਰੀ ਨੂੰ ਆਦਮੀ ਹੀ ਡਕਦਾ ਹੈ ।
ਪਰਾਏ ਮਰਦ ਨਾਲ ਗਲ ਕਰਨੋਂ ਇਸਤ੍ਰੀ ਨੂੰ ਮਰਦ ਹੀ ਵਰਜਦਾ ਹੈ।
ਜੇ ਇਸਤ੍ਰੀ ਮਰਦ ਤੋਂ ਮੂੰਹ ਛੁਪਾਂਦੀ ਹੈ ਤਾਂ ਮਰਦ ਤੋਂ ਡਰਦੀ।
ਇਸਤ੍ਰੀ ਦੇ ਨੀਚ ਸਮਝੇ ਜਾਣ ਦਾ ਕਾਰਨ ਆਦਮੀ ਹੀ ਹੈ।
ਇਸਤ੍ਰੀ ਵਾਸਤੇ ਸਭ ਕਾਨੂੰਨ ਤੇ ਨੇਮ ਆਦਮੀ ਨੇ ਬਣਾਏ ਹਨ।
ਵਿਰਾਸਤ ਦਾ ਹਕ ਇਸਤ੍ਰੀ ਨੂੰ ਮਰਦ ਨਹੀਂ ਦੇਂਦਾ।
ਇਸਤ੍ਰੀ ਦੀ ਗ਼ੁਲਾਮੀ ਦੀ ਸਾਰੀ ਜ਼ੁਮੇਂਵਾਰੀ ਮਰਦ ਦੇ ਸਿਰ ਹੈ.

ਇਸਤ੍ਰੀ ਦੀ ਤਰਸਯੋਗ ਹਾਲਤ

ਕਿਸੇ ਦੇਸ ਦੀ ਸਭਿਅਤਾ ਦਾ ਅੰਦਾਜ਼ਾ ਲਗਾਣ ਲਈ ਉਸ ਦੇਸ ਦੀ ਇਸਤ੍ਰੀ ਜਾਤੀ ਦੀ ਹਾਲਤ ਵੇਖਣੀ ਚਾਹੀਦੀ ਹੈ। ਜਿਸ ਮੁਲਕ ਦੀਆਂ ਇਸਤ੍ਰੀਆਂ ਦੀ ਭੈੜੀ ਦਸ਼ਾ ਹੈ, ਸਮਝੋ ਕਿ ਉਸ ਮੁਲਕ ਦੇ ਆਦਮੀਆਂ ਨੂੰ ਅਜੇ ਸਮਝ ਨਹੀਂ ਆਈ ਤੇ ਉਥੇ ਦੇ ਲੋਕਾਂ ਨੇ ਅਜੇ ਤਰੱਕੀ ਨਹੀਂ ਕੀਤੀ। ਦੁਨੀਆ ਹਰ ਗੱਲੇ ਅਗਾਂਹ ਵਧਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਉੱਨਤੀ ਦਾ ਇਕ ਮੇਚਾ ਇਸਤ੍ਰੀਆਂ ਦੀ ਹਾਲਤ ਹੈ। ਜਦ ਤੋਂ ਇਤਿਹਾਸ ਦੀ ਗਵਾਹੀ ਮਿਲਦੀ ਹੈ, ਇਕ ਗਲ ਸਾਫ਼ ਨਜ਼ਰ ਆ ਰਹੀ ਹੈ ਕਿ ਕਈਆਂ ਸਦੀਆਂ ਤੋਂ ਵੱਖੋ ਵੱਖ ਮੁਲਕਾਂ ਵਿਚ ਅੱਗੜ ਪਿੱਛੜ ਇਸਤ੍ਰੀ-ਆਜ਼ਾਦੀ ਦੀ ਲਹਿਰ ਚਲਦੀ ਆਉਂਦੀ ਹੈ। ਕਿਸੇ ਮੁਲਕ ਵਿਚ ਇਹ ਜੋਸ਼ ਪਹਿਲੋਂ ਉਠ ਬਹਿੰਦਾ ਹੈ ਤੇ ਕਿਸੇ ਵਿਚ ਪਿਛੋਂ ਪਰ ਹੌਲੀ ਹੌਲੀ ਆਂਢੀ ਗੁਆਂਢੀ ਮੁਲਕਾਂ ਦਾ ਅਸਰ ਹੋ ਹੀ ਜਾਂਦਾ ਹੈ। ਅਫਗਾਨਿਸਤਾਨ ਵਰਗੇ ਕੱਟੜ ਮੁਲਕਾਂ ਵਿਚ ਵੀ ਇਹ ਲਹਿਰ ਚਲ ਪਈ ਹੈ। ਇਸਤ੍ਰੀ ਦੀ ਆਜ਼ਾਦੀ ਦੀ ਲਹਿਰ ਦਾ ਉਦੇਸ਼ ਸਿਰਫ਼ ਇਕ ਹੀ ਹੈ ਕਿ ਇਸਤ੍ਰੀ ਨੂੰ ਮਰਦ ਦੇ ਪੰਜੇ ਤੋਂ ਛੁਡਾਉਣਾ

ਤੇ ਗ਼ੁਲਾਮੀ ਦੀ ਜ਼ਿੰਦਗੀ ਦਾ ਖ਼ਾਤਮਾ ਕਰਨਾ। ਇਸ ਮੰਤਵ ਵਿਚ ਇਸਤ੍ਰੀਆਂ ਜਿਥੋਂ ਤਕ ਸਫਲ ਹੋਈਆਂ ਹਨ, ਇਹ ਸਾਡੀਆਂ ਅੱਖੀਆਂ ਦੇ ਸਾਹਮਣੇ ਹੈ। ਹਿੰਦੁਸਤਾਨ ਵਿਚ ਇਹ ਲਹਿਰ ਅਜੇ ਹੁਣੇ ਹੁਣੇ ਹੀ ਸ਼ੁਰੂ ਹੋਈ ਹੈ ਤੇ ਅਜੇ ਕਾਫ਼ੀ ਜ਼ੋਰਾਂ ਤੇ ਨਹੀਂ। ਇਸਤ੍ਰੀਆਂ ਗ਼ਲਤੀ ਤੇ ਹਨ ਕਿ ਮਰਦ, ਇਸ ਗੱਲ ਦਾ ਨਿਰਣਾ ਕਰਨਾ ਔਖਾ ਹੈ, ਕਿਉਂਕਿ ਦੋਵੇਂ ਇਕ ਦੂਜੇ ਤੇ ਦੋਸ਼ ਥੱਪਣ ਦੀ ਕਰਦੇ ਹਨ, ਆਪਣੀ ਬੁੱਕਲ ਵਿਚ ਝਾਤੀ ਨਹੀਂ ਮਾਰਦੇ। ਅਸੀਂ ਅਗੇ ਸੁਖੀ ਸਾਂ ਕਿ ਹੁਣ, ਇਹ ਵੀ ਇਕ ਮੁਸ਼ਕਲ ਜਿਹਾ ਸਵਾਲ ਹੈ। ਹਕੂਮਤ ਦੀ ਜ਼ਿੰਦਗੀ ਵਿਚ ਹਾਕਮ ਤਾਂ ਸੁਖੀ ਹੁੰਦਾ ਹੈ, ਪਰ ਗ਼ੁਲਾਮ ਲਈ ਉਤਨਾ ਚਿਰ ਹੀ ਸੁਖ ਹੈ, ਜਦ ਤਕ ਉਸ ਨੂੰ ਆਪਣੀ ਗ਼ੁਲਾਮੀ ਦੀ ਸੋਝੀ ਨਾ ਹੋਵੇ। ਜਦ ਉਸਦੇ ਦਿਲ ਵਿਚ ਇਹ ਖ਼ਿਆਲ ਪੈਦਾ ਹੋ ਜਾਏ ਕਿ ਉਹ ਗ਼ੁਲਾਮ ਹੈ ਤਾਂ ਜਦ ਤਕ ਗ਼ੁਲਾਮੀ ਦੇ ਛੋਹ ਨਾ ਕੱਟੇ ਜਾਣ, ਗ਼ੁਲਾਮ ਦੁਖੀ ਤੇ ਅਸੰਤੁਸ਼ਟ ਹੀ ਰਹਿੰਦਾ ਹੈ। ਹਾਕਮ ਲਈ ਐਸਾ ਗ਼ੁਲਾਮ ਬਾਗ਼ੀ ਹੈ, ਕਿਉਂਕਿ ਉਹ ਹਾਕਮ ਦੀ ਹਕੂਮਤ ਖੋਹਣਾ ਚਾਹੁੰਦਾ ਹੈ ਤੇ ਉਸ ਦਾ ਸੁਖ ਘਟਾਂਦਾ ਹੈ, ਪਰ ਬਾਗ਼ੀ ਆਪਣੇ ਹੱਕ ਮੰਗਦਾ ਹੈ ਤੇ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਹਾਕਮ ਨੂੰ ਉਸ ਤੇ ਹਕੂਮਤ ਕਰਨ ਦਾ ਹੱਕ ਰੱਬ ਵਲੋਂ ਮਿਲਿਆ ਹੈ। ਠੀਕ ਇਹੀ ਹਾਲਤ ਇਸਤ੍ਰੀਆਂ ਦੀ ਹੈ। ਕਈ ਸਦੀਆਂ ਤੋਂ ਮਰਦ ਦਾ ਰਾਜ ਚਲਿਆ ਆ ਰਿਹਾ ਹੈ ਤੇ ਹੁਣ ਉਹ ਆਪਣੀ ਤਾਕਤ ਖੁਸਦੀ ਦੇਖ ਕੇ ਕਈ ਤਰ੍ਹਾਂ ਦੀਆਂ ਚਾਲਾਂ ਚੱਲਣ ਦੀ ਕਰਦੇ ਹਨ ਤੇ ਡੁੰਕੇ ਦੀ ਚੋਟ ਕਹਿ ਰਹੇ ਹਨ ਕਿ "ਇਸਤ੍ਰੀ ਆਜ਼ਾਦ ਹੋ ਕੇ ਸੁਖੀ ਕਦੇ ਨਹੀਂ ਰਹਿ ਸਕਦੀ, ਆਦਮੀ ਦੀ ਛਤਰ ਛਾਇਆ ਹੇਠ ਹੀ ਸੁਖ ਭੋਗ ਸਕਦੀ ਹੈ।" ਇਸਤ੍ਰੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਦੀ ਲਾਲਸਾ ਲੱਗੀ ਹੋਈ ਹੈ ਤੇ ਉਹ ਹੁਣ ਕਿਸੇ ਫੰਦੇ ਵਿਚ ਵੀ ਫਸਣ ਨੂੰ ਤਿਆਰ ਨਹੀਂ। ਸੁਖ

ਦੁਖ ਦਾ ਤੇ ਸਵਾਲ ਹੀ ਕੋਈ ਨਹੀਂ, ਜ਼ਮਾਨੇ ਦੀ ਲਹਿਰ ਚੱਲ ਰਹੀ ਹੈ, ਨਾ ਸਾਡੇ ਰੋਕਿਆਂ ਰੁਕ ਸਕਦੀ ਹੈ ਤੇ ਨਾ ਕਿਸੇ ਹੋਰ ਦੇ ਆਖੇ ਰੁਕਣੀ ਹੈ। ਇਸਦਾ ਅੰਤ ਕੀ ਹੋਵੇਗਾ, ਰੱਬ ਜਾਣੇ! ਪਰ ਅਸੀਂ ਇਸ ਗੱਲ ਤੋਂ ਮੁੱਕਰ ਨਹੀਂ ਸਕਦੇ ਕਿ ਸਾਡੇ ਦੇਸ ਵਿਚ ਇਸਤ੍ਰੀ ਦੀ ਹਾਲਤ ਬੜੀ ਤਰਸਯੋਗ ਹੈ।

ਧੀ ਜੰਮਦੀ ਹੈ ਤਾਂ ਬਸ ਮਾਪਿਆਂ ਦੇ ਭਾਣੇ ਤਾਂ ਪਹਾੜ ਆ ਡਿਗਦਾ ਹੈ। ਧੀ ਦਾ ਜੰਮਣਾ ਮੰਦੇ ਭਾਗ ਸਮਝੇ ਜਾਂਦੇ ਸਨ। ਧੀ ਦੇ ਜਨਮ ਤੇ ਨ ਕਦੇ ਕਿਸੇ ਲੱਡੂ ਵੰਡੇ ਹਨ ਤੇ ਨਾ ਹੀ ਵਧਾਈਆਂ ਲੈਣ ਦੇਣ ਹੋਈਆਂ ਹਨ। ਨਾਮ ਕਰਨ ਸੰਸਕਾਰ ਵੀ ਐਵੇਂ ਹੀ ਹੁੰਦਾ ਹੈ, ਜੋ ਕਿਸੇ ਨੇ ਬੁਲਾਣਾ ਸ਼ੁਰੂ ਕਰ ਦਿਤਾ ਉਹੀ ਨਾਂ ਹੋ ਗਿਆ। ਧੀ ਜਿੱਥੇ ਮਰਜ਼ੀ ਹੈ ਪਈ ਰੁਲੇ, ਖੇਹ ਖਾਏ, ਕੋਈ ਪ੍ਰਵਾਹ ਨਹੀਂ। ਜੇ ਮਰ ਜਾਏ ਤਾਂ ਦੋ ਅਥਰੂ ਕੇਰ ਛੱਡੇ, ਬਸ ਖਲਾਸੀ ਮੁੱਕੀ, ਜੇ ਜਿਊਂਦੀ ਰਹੇ ਤਾਂ ਜੋ ਕਰਮਾਂ ਵਿਚ ਹੋਵੇਗਾ ਸੁ ਲੈ ਜਾਏਗੀ। ਜੇ ਕੁਝ ਬੀਮਾਰ ਹੋ ਜਾਏ ਤਾਂ ਜੋ ਕਿਸੇ ਆਂਢਣ ਗੁਆਂਢਣ ਨੇ ਦਸ ਦਿੱਤਾ ਕਰ ਦਿੱਤਾ; ਜੇ ਵੱਲ ਹੋ ਗਈ ਤਾਂ ਖ਼ੈਰ ਸੱਲਾ ਨਹੀਂ ਤੇ 'ਖਾਏ ਖਸਮਾਂ' ਨੂੰ। ਜੇ ਕੁੜੀ ਭੁੱਖੀ ਲੂਸੜੀਆਂ ਲੈਂਦੀ ਹੈ ਤੇ ਹਾਲ ਪਾਹਰਿਆ ਕਰਦੀ ਹੈ ਤਾਂ 'ਰੋਵ ਜੰਮਦਿਆਂ ਨੂੰ' ਮਾਂ ਨੂੰ ਕੀ ? ਜੇ ਪਾਲੇ ਪਈ ਠਰਦੀ ਤਾਂ ਪਈ ਠਰੇ, ਜੇ ਕੋਈ ਪੁਰਾਣੇ ਕਪੜੇ ਪਏ ਹੋਣ ਤਾਂ ਗਲ ਪਾ ਛੱਡੇ ਨਹੀਂ ਤਾਂ ਬੇਸ਼ਕ ਨਮੂਨੀਆ ਹੋ ਜਾਏ।

ਇਸ ਤਰ੍ਹਾਂ ਰੁਲ ਖੁਲ ਕੇ ਜਦ ਕੁੜੀ ਸੱਤਾਂ ਅੱਠਾਂ ਸਾਲਾਂ ਦੀ ਹੋ ਜਾਂਦੀ ਹੈ ਉਸ ਲਈ ਘਰ ਦੇ ਕੰਮ ਕਾਜ ਕਰਨੇ ਜ਼ਰੂਰੀ ਹੋ ਜਾਂਦੇ ਹਨ। ਕੋਈ ਨਿਕਾ ਭਰਾ ਹੋਵੇ ਤਾਂ ਉਹਨੂੰ ਖਿਡਾਣਾ ਤੇ ਭੁਆਣਾ, ਵੱਡਿਆਂ ਨੂੰ ਪਾਣੀ ਧਾਣੀ ਦੇਣਾ, ਆਟਾ ਗੁੰਨ੍ਹਣ ਦੀ ਜਾਚ ਸਿਖਣੀ

ਆਦਿਕ। ਜੇ ਜ਼ਰਾ ਕੁ ਬਾਲ ਰੋ ਪਵੇ ਤਾਂ, "ਖਲੋ ਖਸਮਾਂ ਖਾਣੀਏ! ਮੈਂ ਤੇਰੀਆਂ ਹੱਡੀਆਂ ਫੇਹਨੀ ਹਾਂ। ਇਸ ਨੂੰ ਬਾਲ ਸਾਂਭਣ ਦੀ ਜਾਚ ਹੀ ਨਹੀਂ ਆਉਂਦੀ। ਖੇਹ ਲੈਣੀ, ਭਰਾ ਚੰਗਾ ਨਹੀਂ ਸੂ ਲਗਦਾ, ਜ਼ਰਾ ਚੁਕਣਾ ਪੈ ਜਾਏ ਤੇ ਮੌਤ ਪੈ ਜਾਂਦੀ ਸੂ। ਉਸ ਨੂੰ ਚੁੰਢੀਆਂ ਵਢ ਕੇ ਝਟ ਰੁਆ ਦੇਂਦੀ ਏ, ਰੁੜ੍ਹ ਪੁੜ੍ਹ ਜਾਣੀ। ਚਲ ਕਮਜ਼ਾਤੇ! ਨਿਕਲ ਜਾ ਮੇਰੇ ਘਰੋਂ।"

ਜ਼ਰਾ ਹੋਰ ਵੱਡੀ ਹੋਈ ਤਾਂ ਸਾਰਾ ਚੌਂਕਾ ਬਹਾਰੀ ਧੀ ਦੇ ਸਪੁਰਦ। ਸਵੇਰੇ ਮੂੰਹ ਹਨੇਰੇ ਉੱਠੇ, ਮਧਾਣੀ ਪਾਏ, ਲੱਸੀ ਰਿੜਕੇ ਤੇ ਮੱਖਣ ਕੱਢੇ। ਫੇਰ ਬਹਾਰੀ ਸਾਰੇ ਅੰਦਰੀਂ ਦਏ ਤੇ ਚੁਲ੍ਹੇ ਚੌਂਕੇ ਤੇ ਪੋਚਾ ਫੇਰੇ। ਫੇਰ 'ਮਰਦਾਂ' ਨੂੰ ਲੱਸੀ ਪਾਣੀ ਪਿਆ ਕੇ ਨਿੱਕੇ ਭੈਣ ਭਰਾ ਨੂੰ ਨੁਹਾਏ ਧੁਆਏ। ਫੇਰ ਜਦ ਸਾਰੇ ਨਹਾ ਧੋ ਬਹਿੰਦੇ ਹਨ ਤਾਂ ਮਸਾਂ ਕਿਧਰੇ ਦੁਪਹਿਰੀਂ ਵਿਚਾਰੀ ਦੀ ਨਹਾਉਣ ਦੀ ਵਾਰੀ ਆਉਂਦੀ ਹੈ ਭਾਵੇਂ ਤ੍ਰੇਹ ਨਾਲ ਪਈ ਜਾਨ ਨਿਕਲੇ। ਆਟਾ ਗੁਨ੍ਹਣਾ, ਭਾਂਡੇ ਮਾਂਜਣ ਤੇ ਰੋਟੀ ਟੁੱਕਰ ਕਰ ਕੇ ਸਾਰਿਆਂ ਨੂੰ ਰੋਟੀ ਖੁਆਣੀ, ਫੇਰ ਚਰਖਾ ਡਾਹਣਾ, ਸਿਊਣ ਪਰੋਣ ਜਾਂ ਕਢਣ ਦਾ ਕੁਝ ਕੰਮ ਕਰਨਾ, ਬਾਲਾਂ ਦੇ ਝੱਗੇ ਹੀ ਸਿਊਣੇ ਧੋਣੇ, ਕੋਈ ਚਾਦਰ ਦੁਪੱਟਾ ਹੀ ਕਢਣਾ। ਫੇਰ ਲੌਢੇ ਵੇਲੇ ਰਾਤ ਦੀ ਰੋਟੀ ਦਾ ਆਹਰ ਕਰਨਾ, ਕੋਈ ਦਾਲ ਸ਼ਾਲ ਚੁਣਨੀ ਭਿਓਣੀ, ਮਸਾਲਾ ਸ਼ਾਲਾ ਹੀ ਕੁੱਟਣਾ। ਫੇਰ ਅਗ ਬਾਲਣੀ, ਵਲਟੋਹੀ ਉਤੇ ਰਖਣੀ, ਦਿਨ ਦੇ ਜੂਠੇ ਭਾਂਡਿਆਂ ਨੂੰ ਮਾਂਜਣਾ, ਆਟਾ ਛਾਨਣਾ, ਗੁੰਨ੍ਹਣਾ ਤੇ ਮੁੱਕੀ ਦੇਣੀ। ਇਚਰਾਂ ਨੂੰ ਰਾਤ ਪੈ ਜਾਂਦੀ ਹੈ, ਫੇਰ ਰੋਟੀ ਪਕਦੀ ਹੈ ਤੇ ਸਾਰੇ ਖਾਂਦੇ ਹਨ, ਪਹਿਲੋਂ ਮਰਦ, ਫੇਰ ਤੀਵੀਆਂ ਤੇ ਫੇਰ ਕਿਧਰੇ ਸਾਰਿਆਂ ਤੋਂ ਛੇਕੜ ਵਿਚਾਰੀ ਧੀ ਦੀ ਵਾਰੀ ਆਉਂਦੀ ਹੈ। ਆਪ ਰੋਟੀ ਖਾ ਕੇ ਸਾਰਾ ਚੌਂਕਾ ਭਾਂਡਾ ਸਾਂਭ ਕੇ ਵਿਚਾਰੀ ਸਭ ਤੋਂ ਪਿਛੋਂ ਸੌਂਦੀ ਤੇ ਸਵੇਰੇ ਸਭ ਤੋਂ

ਪਹਿਲੋਂ ਉਠਦੀ ਹੈ। ਜੇ ਜ਼ਰਾ ਧੀ ਵੇਹਲੀ ਨਜ਼ਰ ਆ ਜਾਏ ਤਾਂ,"ਖਸਮਾਂ ਨੂੰ ਖਾਣੀਏਂ ! ਧਿੰਗਾ ਮੰਜਾ ਲੈ ਕੇ ਪੈ ਰਹੀ ਏਂ, ਕਿੱਥੇ ਸੂਲ ਪਿਆ ਹੋਇਆ ਈ ? ਹਾਇਆ ਨੀ ! ਤੇਰਾ ਤੇ ਕਿਸੇ ਕੰਮ ਤੇ ਦਿਲ ਈ ਨਹੀਂ ਕਰਦਾ ਰੁੜ੍ਹ ਪੁੜ੍ਹ ਜਾਣੀਏਂ ਅਗੇ ਨਹੀਓਂ ਉਦਲ੍ਹਣਾ ? ਏਥੇ ਹੀ ਕੁਆਰ-ਕੋਠਾ ਪਾਣਾ ਈ ? ਨੀ ਤੂੰ ਨਿਜ ਹੁੰਦੀਓ, ਮੇਰੀਆਂ ਤੇ ਤੂੰ ਹੱਡੀਆਂ ਰੜਕ ਲਈਆਂ ਨੇ ਅਉਂਤਰੀ ਨਾ ਹੋਵੇ ਤੇ।"

ਵਿਚਾਰੀਆਂ ਧੀਆਂ ਦੇ ਇਸ ਤਰ੍ਹਾਂ ਦਿਨ ਕਟੀਂਦੇ ਹਨ, ਸਾਰਾ ਦਿਨ ਕੰਮ ਕਰ ਕਰ ਕੇ ਥੱਕ ਟੁਟ ਜਾਂਦੀਆਂ ਹਨ, ਅਗੋਂ ਇਹ ਕੁਝ ਉਨ੍ਹਾਂ ਨੂੰ ਮਿਲਦਾ ਹੈ। ਮਾਂ, ਪਿਓ,ਭਰਾਵਾਂ ਦੀਆਂ, ਸਭ ਦੀਆਂ ਝਿੜਕਾਂ ਖਾਂਦੀਆਂ ਹਨ। ਜੇ ਨਿੱਕੇ ਭਰਾ ਨੂੰ ਭੁਲ ਕੇ ਝਿੜਕ ਬਹਿਣ ਤਾਂ ਉਹ ਬੁਰੀ ਬਾਬ ਹੁੰਦੀ ਹੈ ਕਿ ਰਹੇ ਰਬ ਦਾ ਨਾਂ, 'ਨੀ ਰੰਡੀਏ ! ਤੈਨੂੰ ਤੇ ਬਾਲ ਕੋਈ ਵਢਿਆ ਨਹੀਂ ਭਾਉਂਦਾ। ਮੱਥਾ ਸੜੀਏ ! ਉਹਨੇ ਤੇਰਾ ਕੀ ਵਿਗਾੜਿਆ ਏ, ਉਹਦੇ ਨਾਲ ਤੇਰਾ ਕਿਹੜਾ ਪਿਛਲੇ ਜੁਗ ਦਾ ਵੈਰ ਏ ? ਹਰ ਵੇਲੇ ਉਹਨੂੰ ਚੰਬੜੀ ਰਹਿਣੀ ਏ। ਮੁੰਡਾ ਮੇਰਾ ਅੱਧਾ ਨਹੀਓਂ ਛਡਿਆ, ਜੇ ਵਿਚਾਰਾ ਕੋਈ ਚੀਜ਼ ਮੰਗ ਬਹੇ ਤਾਂ ਉਹਨੂੰ ਖਾਣ ਨੂੰ ਪੈ ਜਾਨੀ ਏਂ।" ਡੰਡਾ ਵਰ੍ਹੁਨੋਂ ਵੀ ਫ਼ਰਕ ਨਹੀਂ ਰਹਿੰਦਾ। ਜੇ ਕੋਈ ਕੰਮ ਜ਼ਰਾ ਵਿਗੜ ਜਾਏ ਤਾਂ, "ਨੀ ਸਿਰ ਸੜੀਏ ! ਤੇਰੇ ਸਿਰ ਵਿਚ ਸੱਤਾਂ ਚੁਲ੍ਹਿਆਂ ਦੀ ਸਵਾਹ ਪਾਵਾਂ, ਆ ਕੀ ਸਾੜਿਆ ਈ ? ਨੀਂ ਤੂੰ ਕਿੱਡੀ ਹਡ ਹਰਾਮ ਹੋ ਗਈ ਏਂ, ਕਿਸੇ ਕੰਮ ਤੇ ਤੇਰਾ ਦਿਲ ਈ ਨਹੀਂ ਕਰਦਾ। ਜਿਹੜੀ ਚੀਜ਼ ਨੂੰ ਹੱਥ ਲਾਨੀ ਏਂ, ਚੋਜ਼ ਕਰ ਛੱਡਨੀ ਏਂ, ਖ਼ਬਰਦਾਰ ਜੇ ਅਗੋਂ ਨੂੰ ਕਿਸੇ ਕੰਮ ਨੂੰ ਹੱਥ ਲਾਇਆ ਤੇ, ਨੀਂ ਤੂੰ ਕਿਥੋਂ ਮੇਰੇ ਜੋਗੀ ਚੰਡਾਲਣ ਆ ਗਈ ਸੈਂ ।" ਜੇ ਧੀ ਅਗੋਂ ਇਕ ਦੋ ਗੱਲਾਂ ਦਾ ਜਵਾਬ ਦੇ ਦਏ ਤਾਂ, "ਨੀਂ ਤੂੰ ਕਿਹੜਾ ਸੋਂਕਨਾ ਵਾਲਾ ਆਢਾ ਮੇਰੇ ਨਾਲ ਲਾ ਬੈਠੀ ਏਂ ? ਮੈਂ

ਨਹੀਓਂ ਇਹ ਜਵਾਬ ਲੈਣੇ, ਹਿਲੀ ਹੋਵੇਂਗੀ ਕਿਸੇ ਹੋਰ ਦੀ। ਬਹੁਤ ਚਪਰ ਚਪਰ ਕਰਨਾ ਸਿਖ ਗਈ ਏਂ ! ਖ਼ਸਮ ਖਾਣੀਏਂ, ਮੈਂ ਤੇ ਤੇਰੀ ਮਿਝ ਕੱਢ ਛਡਣੀ ਏਂ, ਜੇ ਬਹੁਤੀ ਬਕ ਬਕ ਕਤੀਓ ਤੇ।''

ਇਹ ਹੁੰਦਾ ਹੈ ਵਰਤਾਉ ਧੀਆਂ ਨਾਲ ਘਰਾਂ ਵਿਚ ! ਵਿਚਾਰੀਆਂ ਨਰਕ ਭੋਗਣ ਆਈਆਂ ਹੁੰਦੀਆਂ ਹਨ। ਖਾਣ ਪੀਣ ਵਲੋਂ ਉਨ੍ਹਾਂ ਨੂੰ ਅਜ਼ਾਬ, ਹੰਡਾਣ ਦਾ ਉਨ੍ਹਾਂ ਨੂੰ ਕੋਈ ਸਵਾਦ ਨਹੀਂ ਤੇ ਰੋਜ਼ ਦੀਆਂ ਝਿੜਕਾਂ, ਗਾਲ੍ਹਾਂ ਤੇ ਕਦੇ ਕਦੇ ਦੀ ਝੰਬ ਉਨ੍ਹਾਂ ਦਾ ਲਹੂ ਸੁਕਾਈ ਰਖਦੇ ਹਨ। ਦੁਧ ਤੇ ਉਨ੍ਹਾਂ ਨੂੰ ਕਦੇ ਪੀਣਾ ਨਸੀਬ ਹੀ ਨਹੀਂ ਹੋਇਆ, ਉਹ 'ਤੇ ਮਰਦਾਂ' ਵਾਸਤੇ ਹੀ ਹੁੰਦਾ ਹੈ। ਮੱਖਣ, ਬਦਾਮ, ਫਲ ਆਦਿਕ ਸਭ 'ਮਰਦ' ਹੀ ਖਾ ਸਕਦੇ ਹਨ, ਜ਼ਨਾਨੀਆਂ ਨੂੰ ਇਹ ਚੀਜ਼ਾਂ ਖਾਣੀਆਂ ਮਨ੍ਹਾ ਹਨ। ਕਪੜੇ ਵੀ ਉਨ੍ਹਾਂ ਨੂੰ ਵਧ ਘਟ ਹੀ ਮਿਲਦੇ ਹਨ। ਘਰੋਂ ਬਾਹਰ ਨਿਕਲਣ ਦਾ ਬਿਲਕੁਲ ਹੁਕਮ ਨਹੀਂ ਹੁੰਦਾ। ਜੇ ਕਿਧਰੇ ਗਲੀ ਜਾਵਾਂਢ ਦੀ ਕੁੜੀ ਨਾਲ ਬਹੁਤੀ ਗਲ ਬਾਤ ਕਰਦੀ ਫੜੀ ਜਾਏ ਤਾਂ ਬਸ ਸ਼ਾਮਤ ਆ ਜਾਂਦੀ ਹੈ।

ਇਹ ਦੁਖੀ ਜੀਵਨ ਭੋਗ ਕੇ ਫੇਰ ਧੀਆਂ ਸਹੁਰੇ ਟੁਰ ਜਾਂਦੀਆਂ ਹਨ। ਸਹੁਰੇ ਟੁਰਨ ਲਗਿਆਂ ਮਾਂ ਵੀ ਚਾਰ ਅਥਰੂ ਕੇਰਦੀ ਹੈ। ਫੇਰ ਰੋਂਦੀ ਹੈ ਕਿ ਹੁਣ ਘਰ ਕੌਣ ਸਾਂਭੇਗਾ, ਬਾਲ ਨੂੰ ਖਿਡਾਏਗਾ। ਫੇਰ ਮਾਂ ਵੀ ਕਹਿੰਦੀ ਏ, ''ਉਹਨੇ ਤੇ ਘਰ ਐਉਂ ਸਾਂਭਿਆ ਹੋਇਆ ਸੀ ਪਈ ਮੈਨੂੰ ਕਦੇ ਕਿਸੇ ਗੱਲ ਦਾ ਫ਼ਿਕਰ ਨਹੀਂ ਸੀ ਹੋਇਆ। ਆਪਣਾ ਵੇਲੇ ਨਾਲ ਬਹੁਕਰ ਬਹਾਰੀ ਦੇਣੀ, ਲੱਸੀ ਰਿੜਕਣੀ, ਰੋਟੀ ਕਰਨੀ, ਚੌਂਕਾ ਸਾਂਭਣਾ ਵਿਚਾਰੀ ਸਾਰਾ ਦਿਨ ਕੰਮ ਈ ਕਰਦੀ ਰਹਿੰਦੀ ਸੀ, ਕਦੇ ਵਿਹਲੀ ਬੈਠੀ ਨਹੀਂ ਸੀ ਡਿੱਠੀ ! ਆਪਣਾ ਆਹਰ ਨਾਲ ਬਾਲਾਂ ਨੂੰ ਨੁਹਾਣਾ, ਧੁਆਣਾ ਐਉਂ ਬਾਲਾਂ ਨੂੰ ਸਾਂਭਿਆ ਹੋਇਆ ਸਾਸੂ ਕਿ ਕਦੇ ਕੋਈ ਰੋਂਦਾ ਨਹੀਂ

ਸੀ ਡਿੱਠਾ। ਅਜ ਵੇਖਾਂ ਕਾਕਾ ਵੀ ਭੈਣ ਤੋਂ ਓਦਰਿਆ ਹੋਇਆ ਰੋਂਦਾ ਹੈ। ਹੱਛਾ! ਧੀਆਂ ਪਰਾਇਆ ਧਨ ਹੁੰਦੀਆਂ ਨੇ, ਉਨ੍ਹਾਂ ਵੀ ਆਪਣੇ ਘਰ ਤੇ ਜਾਣਾ ਹੋਇਆ ਨਾ।''

ਅਗੇ ਸਹੁਰੇ ਘਰ ਸਸ ਉਡੀਕ ਰਹੀ ਹੁੰਦੀ ਹੈ ਕਿ ਨੂੰਹ ਆਵੇ ਤੇ ਚੌਂਕਾ ਸਾਂਭੇ। ਪਤੀ ਨੂੰ ਉਸ ਦੇ ਸੱਜਨਾਂ ਮਿਤਰਾਂ ਨੇ ਸਿਖਿਆ ਹੀ ਇਹ ਦਿੱਤੀ ਹੁੰਦੀ ਹੈ, ''ਵਹੁਟੀ ਨੂੰ ਹਮੇਸ਼ਾ ਕਾਬੂ ਵਿਚ ਰਖਣਾ ਚਾਹੀਦਾ ਹੈ। ਨਹੀਂ ਤੇ ਫੇਰ ਤੰਗ ਹੋਣਾ ਪੈਂਦਾ ਹੈ। ਆਉਂਦਿਆਂ ਹੀ ਉਹਦੇ ਤੇ ਰੋਅਬ ਪਾ ਦੇਣਾ ਚਾਹੀਦਾ ਹੈ ਮਤੇ ਫੇਰ ਵਸੋਂ ਬਾਹਰ ਹੋ ਜਾਏ।'' ਇਕ ਸਜਣ ਕਹਿੰਦੇ ਸਨ,''ਜਦੋਂ ਮੇਰਾ ਵਿਆਹ ਹੋਇਆ ਤੇ ਵਹੁਟੀ ਘਰ ਆਈ ਤਾਂ ਉਸੇ ਦਿਨ ਹੀ ਮੈਂ ਕਿਸੇ ਬਹਾਨੇ ਆਪਣੇ ਨੌਕਰ ਨੂੰ ਖੂਬ ਫੰਡ ਚਾੜ੍ਹੀ ਤੇ ਬਣਾ ਕੇ ਕੁਟਿਆ। ਮੇਰੀ ਵਹੁਟੀ ਬੜੀ ਡਰ ਗਈ ਤੇ ਉਹਦੇ ਤੇ ਉਦੋਂ ਦਾ ਅਜਿਹਾ ਰੋਅਬ ਪਿਆ ਕਿ ਅਜ ਤਕ ਕਦੇ ਨਹੀਂ ਕੁਸਕੀ।

ਜਦ ਨੂੰਹ ਸਹੁਰੇ ਘਰ ਪਹੁੰਚਦੀ ਹੈ ਤਾਂ ਪਹਿਲੋਂ ਖੂਬ ਖ਼ਾਤਰਾਂ ਹੁੰਦੀਆਂ ਨੇ। ਖੂਬ ਰੇਸ਼ਮੀ ਤੇ ਸਿਲਮੇ ਸਤਾਰੇ ਵਾਲੇ ਕਪੜੇ ਪਾ ਕੇ ਸਾਰਾ ਦਿਨ ਪੀੜ੍ਹੇ ਤੇ ਬੈਠੀ ਰਹਿੰਦੀ ਹੈ, ਸਭ ਸਾਕ ਅੰਗ ਤੇ ਗਲੀ ਗਵਾਂਢ ਨਵੀਂ ਵਹੁਟੀ ਨੂੰ ਵੇਖਣ ਆਉਂਦੇ ਹਨ,ਉਹਦਾ ਚੂੜਾ ਤੇ ਗਹਿਣੇ ਸਾੜ੍ਹੀਆਂ ਫੋਲ ਫੋਲ ਵਿੰਹਦੀਆਂ ਹਨ,ਉਹਦਾ ਦੁਪੱਟਾ ਤੇ ਸਲਵਾਰ ਕਮੀਜ਼ ਪਰਖਦੀਆਂ ਹਨ, ਪਲੰਘ ਪੀੜ੍ਹਾ ਸਲਾਂਹਦੀਆਂ ਹਨ, ਤਿਓਰਾਂ ਦੀ ਉਸਤਤ ਕਰਦੀਆਂ ਥਕਦੀਆਂ ਨਹੀਂ ਤੇ ਉਹਦੇ ਪੇਕਿਆਂ ਦੀ ਬੜੀ ਸਿਫਤ ਕਰਦੀਆਂ ਹਨ। ਫੇਰ ਹਰ ਕੋਈ ਉਸਨੂੰ ਸਗਣ ਪਾਂਦੀ ਹੈ ਤੇ ਨਾਲ ਰੁਪਏ ਵੀ ਬਥੇਰੇ ਦੇਂਦੀਆਂ ਹਨ। ਵਹੁਟੀ ਦੀਆਂ ਖੂਬ ਖ਼ਾਤਰਾਂ ਹੁੰਦੀਆਂ ਹਨ, ਖਾਣ ਨੂੰ ਖੀਰਾਂ, ਪਲਾ, ਕੜਾਹ ਪੂੜੀ ਮਿਲਦੇ ਹਨ। ਸਸ ਵੀ ਬੜੀ ਕਦਰ ਕਰਦੀ ਹੈ ਤੇ ਆਪਣੀ ਨੂੰਹ ਤੋਂ ਵਾਰੇ ਵਾਰੇ ਜਾਂਦੀ ਹੈ। ਨਨਾਣਾਂ ਆਪਣੀ

ਭਰਜਾਈ ਨੂੰ ਵੇਖ ਕੇ ਬੜੀਆਂ ਖ਼ੁਸ਼ ਹੁੰਦੀਆਂ ਹਨ। ਦਿਉਰ ਵੀ ਠੱਠਾ ਮਖ਼ੌਲ ਕਰਦੇ ਹਨ ਤੇ ਉਹਦਾ ਘੁੰਢ ਲਾਂਹਦੇ ਹਨ। ਪਰ ਉਹ ਵੀ ਛਾਪ ਲਏ ਬਿਨਾਂ ਉਨ੍ਹਾਂ ਕੋਲੋਂ ਘੁੰਡ ਨਹੀਂ ਲਾਂਹਦੀ। ਦਰਾਣੀਆਂ ਜਠਾਣੀਆਂ ਦੀ ਤਾਂ ਪੁਛੋ ਹੀ ਨਾ,ਉਸਨੂੰ ਚੌਂਕੇ ਦੇ ਨੇੜੇ ਨਹੀਂ ਜਾਣ ਦੇਂਦੀਆਂ ਮਤਾਂ ਉਹਦੇ ਪੈਰਾਂ ਦੀ ਮਹਿੰਦੀ ਨਾ ਲਹਿ ਜਾਏ, ਉਥੇ ਹੀ ਪੀੜ੍ਹੇ ਤੇ ਉਸ ਨੂੰ ਰੋਟੀ ਪਾਣੀ ਦੇਂਦੀਆਂ ਹਨ। ਹੋਰ ਵੀ ਹਰ ਤਰ੍ਹਾਂ ਨਵੀਂ ਵਹੁਟੀ ਦੀ ਖ਼ਾਤਰ ਤੇ ਕਦਰ ਕੀਤੀ ਜਾਂਦੀ ਹੈ।

ਪਰ ਨਵੀਂ ਵਹੁਟੀ ਨੌਂ ਦਿਹਾੜੇ ! ਮੁੜ ਉਹੋ ਹੀ ਹੁੰਦੀ ਹੈ ਜੋ ਸਾਰਿਆਂ ਨਾਲ ਹੁੰਦੀ ਆਈ ਹੈ। ਸਸ ਦੀਆਂ ਗਾਲ੍ਹਾਂ, ਜਠਾਣੀਆਂ ਦੀਆਂ ਝਿੜਕਾਂ, ਨਨਾਣਾਂ ਦੇ ਮੇਹਣੇ ਤੇ ਪਤੀ ਦਾ ਗੁੱਸਾ ਹੀ ਉਹਦੀ ਕਿਸਮਤ ਵਿਚ ਲਿਖੇ ਹੋਏ ਹਨ। ਰਸੋਈ ਦਾ ਕੰਮ ਸਾਰਾ ਨੂੰਹ ਦੇ ਸਪੁਰਦ ਹੋ ਜਾਂਦਾ ਹੈ, ਸੱਸਾਂ ਨਨਾਣਾਂ ਤੇ ਜਠਾਣੀਆਂ ਰਾਜ ਤੇ ਬਹਿ ਜਾਂਦੀਆਂ ਹਨ। ਜੇ ਬਹਾਰੀ ਫੇਰੇ ਤਾਂ ਨੂੰਹ, ਜੇ ਭਾਂਡੇ ਮਾਂਜੇ ਤਾਂ ਨੂੰਹ, ਆਟਾ ਗੁਨ੍ਹੇ ਤਾਂ ਨੂੰਹ, ਰੋਟੀਆਂ ਤੰਦੂਰੇ ਲਾ ਕੇ ਲਿਆਵੇ ਤਾਂ ਨੂੰਹ, ਕਪੜੇ ਧੋਵੇ ਤਾਂ ਨੂੰਹ। ਜੋ ਕੰਮ ਕਰੇ ਨੂੰਹ ਕਰੇ ਬਾਕੀ ਸਭ ਹਕੂਮਤ ਕਰਨ। ਬਸ ਉਹੋ ਪੇਕੇ ਘਰ ਦਾ ਹਾਲ, ਨਾ ਪੇਕੇ ਸੁਖ ਮਿਲਿਆ ਤੇ ਨਾ ਸਹੁਰੇ !

ਜੇ ਸਵੇਰੇ ਜ਼ਰਾ ਚਿਰਕੀ ਉੱਠੇ ਤਾਂ ਸੱਸ ਗਿਰਦ ਹੋ ਜਾਂਦੀ ਹੈ, "ਦੁਪਹਿਰ ਤਕ ਮੰਜੇ ਤੇ ਪੈਣ ਦਾ ਕੀ ਰਾਹ ਹੋਇਆ ਭਲਾ ! ਤੇਰੀ ਮਾਂ ਨੇ ਤੈਨੂੰ ਇਹ ਕੁਝ ਸਿਖਾਇਆ ਏ ? ਉਤੋਂ ਸੂਰਜ ਸਿਰ ਤੇ ਆ ਗਿਆ ਹੈ ਤੇ ਇਸ ਫੂਲਾਂ ਰਾਣੀ ਨੂੰ ਜਾਗ ਹੀ ਨਹੀਂ ਆਉਂਦੀ।" ਜੇ ਰਾਤੀਂ ਸਸ ਦੇ ਜਾਗਦਿਆਂ ਸੌਂ ਜਾਏ ਜਾਂ ਕੋਈ ਕੰਮ ਛਡ ਕੇ ਸੌਂ ਰਹੇ ਤਾਂ ਸ਼ਾਮਤ, "ਤਰਕਾਲਾਂ ਵੇਲੇ ਹੀ ਇਸ ਨਵਾਬਜ਼ਾਦੀ ਨੂੰ ਸੌਣ ਦੀ ਪੈ ਜਾਂਦੀ ਹੈ, ਅਜੇ ਭਾਂਡੇ ਸਾਰੇ ਜੂਠੇ ਰੁਲਦੇ ਪਏ ਨੇ, ਇਹ ਤੇਰੀ ਮਾਂ ਆ ਕੇ ਮਾਂਜੇਗੀ, ਨਾ ਅਜੇ

ਦੁਧ ਨੂੰ ਖੱਟਾ ਲਾਇਆ ਸੂ। ਕਿਹੜੇ ਕੰਮ ਪਈ ਤੂੰ ਸਾੜਨੀ ਏਂ?'' ਦਿਨੇ ਚਰਖਾ ਨਾ ਕੱਤੇ ਤਾਂ ਗਾਲ੍ਹਾਂ, ਜੇ ਨੂੰਹ ਦੇ ਪੇਕਿਓਂ ਬਿਦਾਂ ਨਾ ਆਉਣ ਤਾਂ ਸਸ ਉਹਦੇ ਸਭ ਅਗਲਿਆਂ ਪਿਛਲਿਆਂ ਨੂੰ ਪੁਣ ਛਡਦੀ ਹੈ। ਜੇ ਉਹਦੇ ਪਤੀ ਨੂੰ ਕੁਝ ਹੋ ਜਾਏ ਤਾਂ ਨੂੰਹ ਦੀ ਸ਼ਾਮਤ, ''ਨੀ ਨਿੱਜ ਹੁੰਦੀਉਂ! ਕੀ ਮੇਰੇ ਪੁਤਰ ਨੂੰ ਘੋਲ ਕੇ ਪਿਆ ਛਡਿਆ ਈ, ਜਿਸ ਦਿਨ ਦੀ ਤੂੰ ਆਈ ਏਂ, ਮੇਰਾ ਮੁੰਡਾ ਅੱਧਾ ਨਹੀਓਂ ਛਡਿਆ।'' ਇਸ ਤਰ੍ਹਾਂ ਦਾ ਵਰਤਾਉ ਹੁੰਦਾ ਹੈ ਸੱਸਾਂ ਦਾ। ਨਨਾਣਾਂ ਦੀ ਤੇ ਕੁਝ ਪੁਛੋ ਹੀ ਨਾ, ਉਹ ਤੇ ਭਰਜਾਈਆਂ ਨਾਲ ਉਹ ਕਰਦੀਆਂ ਨੇ ਜਿਹੜੀ ਕਦੇ ਨਾ ਕਿਸੇ ਕੀਤੀ ਹੋਵੇ—ਝੂਠੀਆਂ ਚੁਗ਼ਲੀਆਂ ਪਈਆਂ ਲਾਣੀਆਂ ਤੇ ਲੜਾਈਆਂ ਪਵਾ ਕੇ ਆਪ ਤਮਾਸ਼ੇ ਵੇਖਣੇ। ਦਰਾਣੀਆਂ ਜਠਾਣੀਆਂ ਤੇ ਐਵੇਂ ਭੈੜੀ ਭੈੜੀ ਗਲ ਤੋਂ ਲੜ ਪੈਂਦੀਆਂ ਹਨ, ਬਾਲਾਂ ਤੋਂ ਲੜੀਆਂ ਤਾਂ ਸਾਰਾ ਗਲੀ ਗਵਾਂਢ ਕੱਠਾ ਕਰ ਲਿਆ। ਕੁਝ ਨਾ ਪੁਛੋ, ਨੂੰਹਾਂ ਦੀ ਉਹ ਬੁਰੀ ਬਾਬ ਹੁੰਦੀ ਹੈ ਕਿ ਅਖੀਂ ਵੇਖੀ ਨਹੀਂ ਜਾਂਦੀ। ਵਿਚਾਰੀ ਜੇ ਦੁਖੀ ਹੋ ਕੇ ਅਥਰੂ ਕੇਰ ਬਹੇ ਤਾਂ ਸਸ ਦਵਾਲੇ ਹੋ ਜਾਂਦੀ ਹੈ, ''ਨੀ ਚੰਡਾਲਣੇ! ਮੇਰੇ ਬੂਹੇ ਤੇ ਖ਼ਬਰਦਾਰ ਰੋਈਓਂ ਤੇ! ਰੋ ਆਪਣਿਆਂ ਜਣਦਿਆਂ ਨੂੰ ਆਪਣੀ ਮਾਂ ਕੋਲ ਜਾ ਕੇ, ਸਿਰ ਸੜੀ ਨਾ ਹੋਵੇ ਤੇ।''

ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਪੁੱਤਰ ਕੁਝ ਸਾਲਾਂ ਮਗਰੋਂ ਵਖ ਹੋ ਜਾਂਦਾ ਹੈ ਤੇ ਫੇਰ ਦੋਵੇਂ ਜੀ ਆਪਣਾ ਗੁਜ਼ਾਰਾ ਆਪ ਕਰਦੇ ਹਨ। ਪਰ ਸੁਖ ਏਥੇ ਵੀ ਨਸੀਬ ਨਹੀਂ ਹੁੰਦਾ, ਭਾਗਾਂ ਵਿਚ ਸੁਖ ਜੇ ਨਾ ਹੋਇਆ। ਵਹੁਟੀ ਵਿਚਾਰੀ ਆਪੇ ਚੌਂਕੇ ਭਾਂਡੇ ਦਾ ਕੰਮ ਕਰੇ, ਆਪੇ ਬਹਾਰੀ ਬਹੁਕਰ ਦਏ, ਆਪੇ ਬਾਲਾਂ ਨੂੰ ਸਾਂਭੇ, ਉਨ੍ਹਾਂ ਦੇ ਕਪੜੇ ਧੋਏ, ਉਹਨਾਂ ਨੂੰ ਨੁਹਾਏ ਧੁਆਏ ਤੇ ਸਵਾਮੀ ਹੁਰੀ ਆਪਣੇ ਕੰਮ ਤੇ ਸਵੇਰੇ ਚਲੇ ਜਾਣ ਤੇ ਫੇਰ ਕਿਧਰੇ ਦੁਪਹਿਰੀ ਰੋਟੀ ਖਾਣ ਆਉਣ। ਜਦ ਤਕ ਉਹ ਨਾ ਆਉਣ

ਵਹੁਟੀ ਵਿਚਾਰੀ ਵੀ ਭੁੱਖੀ ਰਹੇ ਉਹਨਾਂ ਨੂੰ ਖੁਆ ਕੇ ਪਿਛੋਂ ਆਪ ਖਾਣੀ ਹੈ। ਸਵਾਮੀ ਹੁਰੀ ਰਾਤੀਂ ਵੀ ਸੋਤੇ ਪਏ ਆ ਵੜਦੇ ਹਨ ਤੇ ਫੇਰ ਰੋਟੀ ਖਾ ਕੇ ਲੇਟ ਜਾਂਦੇ ਹਨ। ਵਹੁਟੀ ਵਿਚਾਰੀ ਆਪ ਦੋ ਗਰਾਹੀਆਂ ਝਟ ਪਟ ਖਾ ਕੇ ਦੁਧ ਕਾੜ੍ਹਦੀ ਜਮਾਂਦੀ ਹੈ ਤੇ ਸਵਾਮੀ ਹੁਰਾਂ ਨੂੰ ਤੇ ਬਾਲਾਂ ਨੂੰ ਦੁਧ ਪਿਆ ਕੇ ਬਾਲਾਂ ਨੂੰ ਸੁਲਾਂਦੀ ਹੈ। ਬਾਲ ਸੌਂਦੇ ਨਹੀਂ, ਇਕ ਨੂੰ ਥਥੋਕੜਦੀ ਹੈ, ਦੂਜੇ ਨੂੰ ਕੁਟਦੀ ਹੈ, ਤੀਜੇ ਨੂੰ ਦੁਧ ਪਿਆਂਦੀ ਹੈ ਪਰ ਸੌਂਦਾ ਕੋਈ ਵੀ ਨਹੀਂ, ਮਸਾਂ ਅੱਧੀ ਰਾਤੀ ਵਿਚਾਰੀ ਨੂੰ ਕਿਧਰੇ ਸੌਣਾ ਮਿਲਦਾ ਹੈ। ਫੇਰ ਤੜਕੇ ਉਠ ਕੇ ਬਹਾਰੀ ਪੋਚੇ ਦਾ ਆਹਰ ਕਰਦੀ ਹੈ।

ਇਸ ਤਰਾਂ ਦੁਖਾਂ ਤੇ ਕਲੇਸ਼ਾਂ ਵਿਚ ਇਸਤ੍ਰੀਆਂ ਦਾ ਜੀਵਨ ਗੁਜ਼ਰਦਾ ਹੈ। ਵੱਡੀਆਂ ਹੋ ਕੇ ਵਿਚਾਰੀਆਂ ਪੁੱਤਰਾਂ ਤੇ ਨੂੰਹਾਂ ਦੇ ਵੱਸ ਪੈ ਜਾਂਦੀਆਂ ਹਨ। ਸਵਾਮੀ ਦੇ ਚਲਾਣਾ ਕਰ ਜਾਣ ਤੋਂ ਬਾਅਦ ਜਾਇਦਾਦ ਸਾਰੀ ਪੁੱਤਰਾਂ ਨੇ ਹੀ ਸਾਂਭਣੀ ਹੁੰਦੀ ਹੈ ਤੇ ਇਸਤ੍ਰੀ ਵਿਚਾਰੀ ਨੂੰ ਕੱਖ ਵੀ ਨਹੀਂ ਮਿਲਦਾ। ਵਿਚਾਰੀ ਪੁੱਤਰ ਦੇ ਦਰ ਤੇ ਬਹਿ ਕੇ ਟੁੱਕਰ ਖਾ ਛਡਦੀ ਹੈ। ਉਨ੍ਹਾਂ ਦੇ ਭਾਂਡੇ ਮਾਂਜਦੀ ਹੈ,ਕਪੜੇ ਧੋਂਦੀ ਹੈ ਤੇ ਉਨ੍ਹਾਂ ਦੇ ਬਾਲਾਂ ਨੂੰ ਖਿਡਾਂਦੀ ਹੈ ਪਰ ਫੇਰ ਵੀ ਨੂੰਹ ਪੁਤਰ ਹਰ ਵੇਲੇ ਝਾੜਾਂ ਹੀ ਪਾਂਦੇ ਰਹਿੰਦੇ ਹਨ। ਜੇ ਜ਼ਰਾ ਕੁ ਬੀਮਾਰ ਹੋ ਜਾਏ ਤਾਂ ਇਕ ਪਾਸੇ ਮੰਜੀ ਡਾਹ ਦਿੱਤੀ ਜਾਂਦੀ ਹੈ,ਜੇ ਪੁਤਰ ਦਾ ਦਿਲ ਕੀਤਾ ਤਾਂ ਕੋਈ ਦਵਾਈ ਲਿਆ ਦਿਤੀ ਨਹੀਂ ਤੇ ਪਈ ਮਰੇ। ਇਸ ਤਰ੍ਹਾਂ ਵਿਚਾਰੀ ਵਿਧਵਾ ਮਾਂ ਆਪਣੀਆਂ ਘੜੀਆਂ ਗਿਣਦੀ ਰਹਿੰਦੀ ਹੈ,ਤੇ ਮੌਤ ਨੂੰ ਉਡੀਕਦੀ ਰਹਿੰਦੀ ਹੈ। ਆਖ਼ਰ ਮੌਤ ਤੇ ਆਉਣਾ ਹੋਇਆ, ਸੋ ਵਿਚਾਰੀ ਦੁਖਾਂ ਤੇ ਕਲੇਸ਼ਾਂ ਦੇ ਜੀਵਨ ਤੋਂ ਛੁਟਕਾਰਾ ਪਾਂਦੀ ਹੈ, ਨੂੰਹ ਪੁਤਰ ਤੇ ਹੋਰ ਸਾਕ ਅੰਗ ਸਭ ਆ ਕੱਠੇ ਹੁੰਦੇ ਹਨ ਤੇ ਉਸ ਦਾ ਅੰਤਮ ਕਾਰਜ ਕਰ ਦਿੱਤਾ ਜਾਂਦਾ ਹੈ। ਕੁਝ ਦਿਨ ਸਿਆਪਾ ਕੀਤਾ ਜਾਂਦਾ ਹੈ, ਪੱਲੇ ਪਾਏ ਜਾਂਦੇ ਹਨ, ਪਿੱਟਾ ਕੁੱਟੀ ਕੀਤੀ ਜਾਂਦੀ ਹੈ ਤੇ ਅੱਥਰੂ

ਕੋਰੇ ਜਾਂਦੇ ਹਨ। ਬਸ ਫੇਰ 'ਬੁੱਢੀ' ਭੁਲ ਜਾਂਦੀ ਹੈ। ਉਹ ਪੇਕਿਆਂ ਦੀ 'ਸੁਖਾਂ ਲੱਧੀ' ਧੀ, ਸਹੁਰਿਆਂ ਦੀ 'ਫੁਲਾਂ ਰਾਣੀ', ਪਤੀ ਦੀ 'ਗੋਲੀ' ਨੂੰਹ ਤੇ ਪੋਤ੍ਰਿਆਂ ਦੀ 'ਮਾਈ' ਇਸ ਅਸਾਰ ਸੰਸਾਰ ਤੋਂ ਕੂਚ ਕਰ ਜਾਂਦੀ ਹੈ ਤੇ ਆਪਣੇ ਦੁਖਾਂ ਤੇ ਕਲੇਸ਼ਾਂ ਦੇ ਜੀਵਨ ਤੋਂ ਛੁਟੀ ਪਾਂਦੀ ਹੈ। ਉਹ ਇਸਤ੍ਰੀ ਜਿਸ ਨੂੰ ਨਾ ਧੀ ਹੁੰਦਿਆਂ ਸੁਖ ਲੈਣਾ ਮਿਲਿਆ, ਨਾ ਨੂੰਹ ਬਣ ਕੇ ਛੋੜ ਕੱਟੇ ਗਏ, ਨਾ ਵਹੁਟੀ ਬਣ ਕੇ ਖਾਣ ਹੰਢਾਣ ਦਾ ਸਵਾਦ ਆਇਆ, ਨਾ ਵਿਧਵਾ ਮਾਈ ਹੋ ਕੇ ਢਿੱਡ ਭਰ ਕੇ ਖਾਣ ਨੂੰ ਮਿਲਿਆ ਚਲ ਵਸਦੀ ਹੈ!

ਇਹ ਹੈ ਸਾਡੀਆਂ ਆਮ ਇਸਤ੍ਰੀਆਂ ਦਾ ਜੀਵਨ, ਇਸ ਵਿਚ ਕੋਈ ਝੂਠ ਨਹੀਂ, ਅਜੇ ਵੀ ਸੌ ਪਿੱਛੇ ਨੱਬੇ ਘਰਾਂ ਦਾ ਇਹੀ ਹਾਲ ਹੈ। ਸਾਡੀਆਂ ਬਾਹਲੀਆਂ ਧੀਆਂ, ਭੈਣਾਂ, ਨੂੰਹਾਂ, ਮਾਵਾਂ ਆਦਿਕ ਅਜੇ ਵੀ ਐਸੀ ਜ਼ਿੰਦਗੀ ਦੀਆਂ ਭਾਗੀ ਹਨ। ਬਹੁਤ ਸਾਰੀਆਂ ਤਾਂ ਗਊਆਂ ਵਾਂਗ ਚੁਪ ਕੀਤੀ ਗੁਜ਼ਾਰਾ ਕਰ ਰਹੀਆਂ ਹਨ, ਕਈ ਇਹਨਾਂ ਦੁਖਾਂ ਕਲੇਸ਼ਾਂ ਤੋਂ ਆਤੁਰ ਹੋ ਕੇ ਸੜ ਮਰਦੀਆਂ ਹਨ, ਕੁਝ ਖਾ ਮਰਦੀਆਂ ਹਨ, ਗੱਡੀ ਥੱਲੇ ਸਿਰ ਰੱਖ ਦੇਂਦੀਆਂ ਹਨ ਜਾਂ ਹੋਰ ਕਿਸੇ ਤਰ੍ਹਾਂ ਆਤਮਘਾਤ ਕਰ ਬੈਠਦੀਆਂ ਹਨ। ਕਈਆਂ ਦਾ ਹਰ ਵੇਲੇ ਸੱਸਾਂ ਨਨਾਣਾਂ ਜਾਂ ਪਤੀ ਨਾਲ ਦੰਗਾ ਫ਼ਸਾਦ ਹੁੰਦਾ ਰਹਿੰਦਾ ਹੈ, ਕਈ ਘਰੋਂ ਨਿਕਲ ਜਾਂਦੀਆਂ ਹਨ। ਮਤਲਬ ਕੀ, ਸਾਡਾ ਗ੍ਰਿਹਸਤੀ ਜੀਵਨ ਦੁਖਾਂ ਦਾ ਜੀਵਨ ਬਣ ਗਿਆ ਹੋਇਆ ਹੈ, ਅਸਾਂ ਗ੍ਰਿਹਸਤ ਨੂੰ ਨਰਕ ਬਣਾਇਆ ਹੋਇਆ ਹੈ, ਅੱਗੇ ਤਾਂ ਭਾਵੇਂ ਕੋਈ ਨਰਕ ਹੈ ਜਾਂ ਨਹੀਂ ਪਰ ਸਾਡੇ ਵਰਤਮਾਨ ਘਰੋਗੀ ਜੀਵਨ ਨਾਲੋਂ ਨਰਕ ਕਿਹੜਾ ਭੈੜਾ ਹੋਣਾ ਹੈ?

ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿਅਜ ਕਲ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਵਿਆਹ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੀਆਂ ਹਨ, ਜਿਨ੍ਹਾਂ ਦਾ ਵਸ ਚਲਦਾ ਹੈ ਵਿਆਹ ਨਹੀਂ ਕਰਦੀਆਂ ਤੇ

ਪਰਾਧੀਨ ਰਹਿਣ ਨਾਲੋਂ ਨੌਕਰੀ ਕਰ ਲੈਂਦੀਆਂ ਹਨ । ਅਜ ਕਲ ਮਾਪੇ ਵੀ ਆਪਣੀ ਧੀ ਲਈ ਉਹ ਘਰ ਢੂੰਡਦੇ ਹਨ ਜਿੱਥੇ–

ਨਾ ਸੱਸ ਨਾ ਨਨਾਣ, ਕੁੜੀ ਆਪ ਹੀ ਪਰਧਾਨ ।

ਜਾਂ ਮੁੰਡਾ ਨੌਕਰੀ ਵਾਲਾ ਹੋਵੇ ਤਾਂ ਜੁ ਘਰ ਰਹਿਣ ਦਾ ਨਾ ਅਵਸਰ ਮਿਲੇ ਤੇ ਨਾ ਦੁਖ ਕਲੇਸ਼ ਹੋਵੇ । ਪਤੀ ਵੀ ਅਜ ਕਲ ਇਹ ਹੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦੀ ਵਹੁਟੀ ਜਿੰਨੀ ਸੱਸਾਂ ਨਨਾਣਾਂ ਤੇ ਜਠਾਣੀਆਂ ਦੇ ਵਸ ਤੋਂ ਬਾਹਰ ਰਹੇ ਚੰਗਾ ਹੈ, ਇਸ ਲਈ ਜਾਂ ਤੇ ਉਹ ਵਿਆਹ ਕਰਦਿਆਂ ਸਾਰ ਹੀ ਵਖ ਹੋ ਜਾਂਦੇ ਹਨ ਜਾਂ ਆਪਣਾ ਕੰਮ ਕਾਜ ਹੀ ਮਾਪਿਆਂ ਕੋਲੋਂ ਵਖਰਾ ਕਿਧਰੇ ਹੋਰ ਜਾ ਕਰਦੇ ਹਨ । ਇਸ ਦੇ ਸਿੱਟੇ ਕੀ ਨਿਕਲਦੇ ਹਨ ? ਪੁੱਤਰਾਂ ਦੀ ਮਾਪਿਆਂ ਨਾਲ ਨਹੀਂ ਬਣਦੀ, ਨੂੰਹਾਂ ਦੀ ਸੱਸਾਂ ਨਾਲ ਨਹੀਂ ਬਣਦੀ ਤੇ ਇਕ ਸਾਕ ਦੀ ਦੂਜੇ ਸਾਕ ਨਾਲ ਨਹੀਂ ਨਿਭ ਸਕਦੀ । ਉਪਰ ਦੀ ਮੇਲ ਮੁਲਾਕਾਤ ਹੀ ਰਹਿ ਗਈ ਹੈ ਪਰ ਅੰਦਰੋਂ ਅਸੀ ਕਦੇ ਕਿਸੇ ਸਾਕ ਅੰਗ ਨੂੰ ਵੇਖ ਕੇ ਖੁਸ਼ ਨਹੀਂ ਹੁੰਦੇ, ਸਾਡੇ ਦਿਲ ਕਈਆਂ ਕਾਰਨਾ ਕਰ ਕੇ ਆਪਣੇ ਸਾਕਾਂ ਅੰਗਾਂ ਤੋਂ ਖਟੇ ਹੋਏ ਹੋਏ ਹੁੰਦੇ ਹਨ । ਸਾਡੀ ਭਾਈਚਾਰਕ ਪਰਨਾਲੀ ਖੇਰੂ ਖੇਰੂ ਹੋ ਚੁਕੀ ਹੈ ਤੇ ਅਸੀ ਜੋ ਕੁਝ ਕਰ ਰਹੇ ਹਾਂ ਰਿਵਾਜਾਂ ਦੇ ਬਧੇ ਕਰ ਰਹੇ ਹਾਂ ।

ਜਿਸ ਤਰ੍ਹਾਂ ਉੱਪਰ ਦਸਿਆ ਹੈ ਅਜ ਕਲ ਪੜ੍ਹੀਆਂ ਲਿਖੀਆਂ ਕੁੜੀਆਂ ਵਿਆਹ ਤੋਂ ਘਿਰਣਾ ਕਰਦੀਆਂ ਹਨ ਤੇ ਆਪਣੀ ਨੌਕਰੀ ਕਰ ਲੈਂਦੀਆਂ ਹਨ । ਇਸ ਦਾ ਅੰਤ ਇਹ ਹੋਵੇਗਾ ਕਿ ਇਕ ਤਾਂ ਹਿੰਦੁਸਤਾਨ ਦੀ ਆਬਾਦੀ ਘਟ ਜਾਏਗੀ ਤੇ ਦੂਜਾ ਜੋ ਸੰਤਾਨ ਹੋਵੇਗੀ ਉਹ ਵੀ ਨਿਕੰਮੀ ਕਿਉਂਕਿ ਪੜ੍ਹੀਆਂ ਲਿਖੀਆਂ ਵਿਦਵਾਨ ਇਸਤ੍ਰੀਆਂ ਤਾਂ ਵਿਆਹ ਕਰਦੀਆਂ ਹੀ ਨਹੀਂ । ਇਸ ਤਰ੍ਹਾਂ ਅਸੀਂ ਹਿੰਦੁਸਤਾਨ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਜੜ੍ਹੀਂ ਤੇਲ ਦੇ ਰਹੇ ਹਾਂ । ਇਹ ਹਨ ਸਾਡੀ ਭਾਈਚਾਰਕ ਪਰਨਾਲੀ ਦੇ ਨਤੀਜੇ !

ਪਤੀ ਤੇ ਪਤਨੀ ਦਾ ਸਾਂਝਾ ਜੀਵਨ

ਗਭਰੂ ਤੇ ਵਹੁਟੀ ਦਾ ਜੀਵਨ ਵੀ ਇਕ ਅਜਬ ਜੀਵਨ ਹੁੰਦਾ ਹੈ। ਮੱਥੇ ਦੇ ਲੇਖਾਂ ਨੇ, ਕਰਤਾਰ ਦੀ ਕਰਨੀ ਨੇ, ਸਤਾਰਿਆਂ ਦੇ ਚੱਕਰ ਨੇ, ਚੰਗੇ ਮੰਦੇ ਕਰਮਾਂ ਦੇ ਕਾਰਨ, ਸਜਣਾਂ ਮਿਤਰਾਂ ਮਾਪਿਆਂ ਦੀ ਮਿਹਰਬਾਨੀ ਦਾ ਸਦਕਾ, ਜਾਂ ਐਵੇਂ ਹੀ ਤਵੱਕਲੀ..... (ਕੁਝ ਕਹਿ ਲਉ) ਦੋਹਾਂ ਦਾ ਜੀਵਨ ਇਕ ਘਰ ਵਿਚ, ਦੋਹਾਂ ਦੇ ਦੁਖ ਸੁਖ ਸਾਂਝੇ, ਦੋਹਾਂ ਨੇ ਆਪਣਾ ਬਾਲਪਨ ਵੱਖੋ ਵੱਖ ਇਕ ਦੂਜੇ ਤੋਂ ਬੇਖ਼ਬਰ ਗੁਜ਼ਾਰਿਆ ਪਰ ਜਦ ਜੀਵਨ ਦੀ ਦੂਜੀ ਪੌੜੀ ਚੜ੍ਹਨ ਲਗੇ ਤਾਂ ਕਿਸਮਤ ਨੇ ਆ ਮੇਲਿਆ। ਕਿਨ੍ਹਾਂ ਖ਼ੁਸ਼ੀਆਂ ਤੇ ਚਾਵਾਂ ਮਲ੍ਹਾਰਾਂ ਨਾਲ ਦੋਹਾਂ ਨੂੰ ਗੰਢਿਆ ਜਾਂਦਾ ਹੈ, ਦੋਹਾਂ ਦੇ ਮਾਪੇ ਗਦ ਗਦ ਹੁੰਦੇ ਹਨ, ਸਾਕ ਸੰਬੰਧੀ ਸਜਣ ਮਿਤਰ ਸਭ ਵਧਾਈਆਂ ਦਿੰਦੇ ਹਨ, ਮਾਪੇ ਸਭ ਨੂੰ ਜੋ ਸਰ ਬਣ ਆਉਂਦਾ ਹੈ ਦੇਂਦੇ ਹਨ, ਆਪ ਖ਼ੁਸ਼ ਹੁੰਦੇ ਹਨ ਤੇ ਹੋਰਨਾਂ ਦੀਆਂ ਖ਼ੁਸ਼ੀਆਂ ਪਰਾਪਤ ਕਰਦੇ ਹਨ, ਲਾੜੇ ਤੇ ਲਾੜੀ ਦੀ ਕਿੰਨੀ ਕਦਰ ਕੀਤੀ ਜਾਂਦੀ ਹੈ, ਖ਼ਾਤਰਾਂ ਹੁੰਦੀਆਂ ਹਨ, ਚੰਗਾ ਚੋਖਾ ਮਿਲਦਾ ਹੈ.....ਪਰ ਮੁੜ ਉਹੋ ਪਿਤਾ ਪੁਰਖੀ, ਉਹੋ ਗ੍ਰਿਹਸਥ ਦੇ ਜੰਜਾਲ, ਘਰਾਂ ਦੇ ਟੰਟੇ, ਬਾਲਾਂ ਦੇ ਕਲੇਸ਼,

ਸਾਕਾਂ ਦੇ 'ਪਿਟਣੇ' ਪੇਟ ਦੇ ਮਾਮਲੇ, ਦੁਨੀਆਂਦਾਰੀ.....ਸਭ ਕੁਝ ਪਰ ਇਕ 'ਸੁਖ' ਨਹੀਂ। ਹਾਂ ! ਮਨੁੱਖ ਜੀਵਨ ! ਦੁਖਾਂ ਦਾ ਘਰ, ਘਰਾਂ ਦੇ ਦੁਖ, ਮਾਇਆ ਦਾ ਮੋਹ, ਮੋਹ ਦੀ ਮਾਇਆ.....ਸੁਖ ਕਿਧਰੇ ਵੀ ਨਹੀਂ ! ਨਾ ਘਰ ਸੁਖ, ਨਾ ਬਾਹਰ ਸੁਖ, ਨਾ ਪੇਕੇ ਸੁਖ, ਨਾ ਸਹੁਰੇ ਸੁਖ, ਨਾ ਦੇਸ ਸੁਖ, ਨਾ ਪਰਦੇਸ ਸੁਖ.....ਨਾ ਬਾਲ ਸੁਖੀ, ਨਾ ਜਵਾਨ ਸੁਖੀ, ਨਾ ਬੁਢੇ ਸੁਖੀ.....! ਇਕ ਛਿਨ ਦੀ ਖ਼ੁਸ਼ੀ—ਜੰਮਣ ਦੀ ਖ਼ੁਸ਼ੀ, ਵਿਆਹੁਣ ਦੀ ਖ਼ੁਸ਼ੀ, ਫੇਰ ਸਭ ਖ਼ੁਸ਼ੀ ਅਲੋਪ।

ਅਸੀਂ ਨਿਤ ਕਹਿੰਦੇ ਹਾਂ ਕਿ ਪਤੀ ਤੇ ਇਸਤ੍ਰੀ ਦਾ ਮੇਲ ਇਕ ਰੂਹਾਨੀ ਮੇਲ ਹੈ, ਇਸਤ੍ਰੀ ਪਤੀ ਦੀ 'ਅਰਧੰਗੀ' ਜੇ ਪਤੀ ਰਾਜਾ ਹੈ ਤਾਂ ਇਸਤ੍ਰੀ ਉਸ ਦੀ ਵਜ਼ੀਰ ਹੈ, ਪਤੀ ਤੇ ਇਸਤ੍ਰੀ ਦੋਵੇਂ ਭਵ-ਸਾਗਰ ਤੇ ਤੁਰਨ ਵਾਲੇ ਇਕੱਠੇ ਤਾਰੂ ਹਨ। ਪਰ ਅਸੀਂ ਕਰ ਕੀ ਰਹੇ ਹਾਂ ? ਕੀ ਪਤੀ ਤੇ ਪਤਨੀ ਰੂਹਾਨੀ ਜੀਵਨ ਬਤੀਤ ਕਰ ਰਹੇ ਹਨ ? ਕੀ ਦੋਵੇਂ ਪ੍ਰੇਮ ਦੀ ਇਕ ਤਾਰ ਵਿਚ ਪ੍ਰੋਤੇ ਹੋਏ ਹਨ ? ਕੀ ਉਹ 'ਏਕਿ ਜੋਤਿ ਦੋਇ ਮੂਰਤੀ ਹਨ'? ਪਤੀ ਨੂੰ ਅਸੀਂ ਸਿਖਿਆ ਦੇਂਦੇ ਹਾਂ ਕਿ ਆਪਣੀ ਵਹੁਟੀ ਨੂੰ ਕਾਬੂ ਰੱਖਣ ਵਿਚ ਹੀ ਉਸ ਦੀ ਮੁਕਤੀ ਹੈ। ਵਹੁਟੀ ਨੂੰ ਸਾਡੀ ਸਿਖਿਆ ਇਹ ਹੁੰਦੀ ਹੈ ਕਿ 'ਪਤੀ ਦੇਵ' ਦੀ ਪੂਜਾ ਕਰਨੀ ਹੀ ਉਸ ਦਾ ਧਰਮ ਹੈ। ਕੀ ਇਹ ਸਾਡੇ ਆਦਰਸ਼ ਹਨ ? ਰੋਅਬ ਤੇ ਸੇਵਾ ਦੋਵੇਂ ਕੱਠੇ ਕਿਸ ਤਰ੍ਹਾਂ ਰਹਿ ਸਕਦੇ ਹਨ ? ਜਿਥੇ ਰੋਅਬ ਹੈ, ਉਥੇ ਪ੍ਰੇਮ ਕਾਹਦਾ ਹੋਇਆ ? ਅਸੀਂ ਸਿਖਿਆ ਕੁਝ ਦੇਂਦੇ ਹਾਂ ਕਰ ਕੁਝ ਹੋਰ ਹੀ ਰਹੇ ਹਾਂ। ਸਾਡੇ ਵਿਚ ਪਤੀ ਤੇ ਪਤਨੀ ਦਾ ਸੰਬੰਧ ਬਸ ਘਰ ਦੀਆਂ ਦਲ੍ਹੀਜਾਂ ਤਕ ਹੀ ਹੈ। ਘਰੋਂ ਬਾਹਰ ਦੋਹਾਂ ਦਾ ਆਪਣਾ ਆਪਣਾ ਮੈਦਾਨ ਹੈ। ਵਹੁਟੀ ਵਾਸਤੇ ਘਰੋਂ ਬਾਹਰ ਬਜਾਜੀ ਦੀਆਂ ਜਾਂ ਸੁਨਿਆਰਿਆਂ ਦੀਆਂ ਹਟੀਆਂ ਹਨ, ਜਾਂ ਪੇਕੇ ਸਹੁਰੇ, ਹੋਰ ਸਾਕ ਅੰਗ

ਤੇ ਗਲੀ ਗਵਾਂਢ ਹਨ। ਉਸ ਦੀ ਰੁਚੀ ਦਾ ਦਾਇਰਾ ਬਸ ਏਨਾਂ ਹੀ ਹੈ, ਇਸ ਤੋਂ ਪਰੇ ਉਸ ਲਈ ਕੋਈ ਦੁਨੀਆਂ ਨਹੀਂ ਵੱਸਦੀ।

ਬਸ ਨਵੇਂ ਨਵੇਂ ਵਿਆਹ ਦੇ ਹੀ ਚਾਅ ਹੁੰਦੇ ਹਨ, ਜਦ ਪੁਰਾਣਾ ਹੋ ਗਿਆ ਤਾਂ 'ਤੂੰ ਕੌਣ ਤੇ ਮੈਂ ਕੌਣ'? ਫੇਰ ਤੇ ਗਭਰੂ ਵਹੁਟੀ ਨੇ ਆਪੇ ਹੀ ਨਬੇੜਨੀ ਹੈ, ਦੋਹਾਂ ਨੇ ਆਪਣਾ ਜੀਵਨ ਆਪ ਕਟਨਾ ਹੈ, ਦੋਹਾਂ ਨੇ ਜਿਵੇਂ ਹੋਵੇ ਨਿਭਾਣੀ ਹੈ, ਦੋਹਾਂ ਨੇ ਗੁੱਸੇ ਰਾਜ਼ੀ ਵੀ ਹੋਣਾ ਹੈ ਤੇ ਇਕ ਦੂਜੇ ਨੂੰ ਆਪੇ ਮਨਾਣਾ ਹੈ, ਦੋਹਾਂ ਨੇ ਜੇ ਪਾਰ ਲਗਣਾ ਹੈ ਤਾਂ ਇਕੋ ਬੇੜੀ ਵਿਚ ਤੇ ਜੇ ਡੁਬਣਾ ਹੈ ਤਾਂ ਵੀ ਇਕੋ ਵਿਚ। ਪਰ ਦੋਹਾਂ ਦੇ ਵਖੋ ਵਖ ਕੰਮ, ਵਖੋ ਵਖ ਫਰਜ਼, ਵਖੋ ਵਖ ਰੁਚੀਆਂ, ਭਾਈਵਾਲੀਆਂ ਦਾ ਫ਼ਰਕ, ਖ਼ਿਆਲਾਂ ਦਾ ਫ਼ਰਕ; ਅਕਲ ਤੇ ਸਮਝ ਦਾ ਫ਼ਰਕ, ਨਿਭੇ ਕਿਵੇਂ ? ਸਵਾਮੀ ਹੁਰੀ ਸਵੇਰੇ ਹੀ ਖਾ ਪੀ ਕੇ ਆਪਣੇ ਕੰਮ ਤੇ ਟੁਰ ਜਾਂਦੇ ਹਨ, ਘਰ ਵਾਲੀ ਘਰ ਭੁੱਸੜ ਪਾਂਦੀ ਰਹਿੰਦੀ ਹੈ। ਸਵਾਮੀ ਹੁਰੀ ਦੁਪਹਿਰੀ ਰੋਟੀ ਖਾਣ ਆ ਵੜਦੇ ਹਨ ਤੇ ਫੇਰ ਟੁਰ ਜਾਂਦੇ ਹਨ, ਫੇਰ ਰਾਤੀਂ ਸੋਤੇ ਪਏ ਆਉਂਦੇ ਹਨ ਤੇ ਖਾ ਕੇ ਲੇਟ ਜਾਂਦੇ ਹਨ। ਵਹੁਟੀ ਨੂੰ ਨਹੀਂ ਪਤਾ ਹੁੰਦਾ ਕਿ ਉਸ ਦਾ ਪਤੀ ਸਾਰਾ ਦਿਨ ਕੀ ਕਰਦਾ ਰਹਿੰਦਾ ਹੈ, ਤੇ ਗਭਰੂ ਨੂੰ ਪਤਾ ਨਹੀਂ ਕਿ ਘਰ ਵਾਲੀ ਦਿਹਾੜੀ ਕੀ ਕਰਦੀ ਹੈ। ਵਹੁਟੀ ਨੂੰ ਏਨਾਂ ਹੀ ਪਤਾ ਹੈ ਕਿ ਉਹ ਬਾਬੂ ਹਨ, ਕਿ ਦੁਕਾਨਦਾਰ ਹਨ, ਕਿ ਡਾਕਟਰ ਹਨ, ਕਿ ਵਕੀਲ ਹਨ, ਕਿ ਮਾਸਟਰ ਹਨ, ਬਸ ਉਸ ਨੂੰ ਇਤਨਾ ਹੀ ਪਤਾ ਹੈ ਤੇ ਏਦੂੰ ਵਧ ਪਤਾ ਕਰਨ ਦੀ ਲੋੜ ਵੀ ਨਹੀਂ। ਸਵਾਮੀ ਹੁਰਾਂ ਨੂੰ ਇਹ ਖ਼ਬਰ ਹੈ ਕਿ ਉਨ੍ਹਾਂ ਦੀ ਵਹੁਟੀ ਘਰ ਨੂੰ ਸਾਂਭਦੀ ਸਿਕਰਦੀ ਹੈ, ਰੋਟੀ ਟੁੱਕਰ ਕਰਦੀ ਹੈ, ਤੇ ਬਾਲਾਂ ਨੂੰ ਸੰਭਾਲਦੀ ਹੈ। ਵਹੁਟੀ ਨੂੰ ਇਹ ਨਹੀਂ ਪਤਾ ਕਿ ਉਸ ਦੇ ਪਤੀ ਨੂੰ ਦਿਹਾੜੀ ਕੀ ਕੀ ਕਰਨਾ ਪੈਂਦਾ ਹੈ, ਕਿਨ੍ਹਾਂ ਕਿਨ੍ਹਾਂ ਲੋਕਾਂ ਨਾਲ ਵਾਹ ਪੈਂਦਾ ਹੈ ਤੇ

ਕਿੰਝ ਬੀਤਦੀ ਹੈ। ਪਤੀ ਨੂੰ ਇਸ ਗਲ ਦੀ ਖ਼ਬਰ ਨਹੀਂ ਕਿ ਘਰ ਵਾਲੀ ਬਾਲਾਂ ਨਾਲ ਕਿਸ ਤਰ੍ਹਾਂ ਨਿਭਾਂਦੀ ਹੈ, ਸਾਰਾ ਦਿਨ ਕਿਸ ਤਰ੍ਹਾਂ ਗੁਜ਼ਾਰਦੀ ਹੈ, ਉਸ ਦਾ ਦਿਮਾਗ਼ ਕੀ ਸੋਚਦਾ ਰਹਿੰਦਾ ਹੈ ਤੇ ਉਸ ਦੇ ਖ਼ਿਆਲ ਕਿਧਰ ਕਿਧਰ ਜਾਂਦੇ ਹਨ। ਦੋਹਾਂ ਨੂੰ ਇਕ ਦੂਜੇ ਦੇ ਖ਼ਿਆਲਾਂ ਦੀ ਸੋਝੀ ਨਹੀਂ, ਦੋਹਾਂ ਦੀ ਦਿਮਾਗ਼ੀ ਅਵਸਥਾ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਕ ਦੀ ਖ਼ਿਆਲਾਂ ਦੀ ਉਡਾਰੀ ਬਸ ਸਾਹਮਣੇ ਦਿਸਦੀ ਵਸਦੀ ਦੁਨੀਆਂ ਤਕ ਹੀ ਹੈ, ਦੂਜਾ ਸਾਥੀ ਹੋਰ ਕੁਝ ਹੀ ਸੋਚਦਾ ਰਹਿੰਦਾ ਹੈ। ਦੋਵੇਂ ਆਪੋ ਆਪਣੇ ਖ਼ਿਆਲ ਇਕ ਦੂਜੇ ਨੂੰ ਨਹੀਂ ਦਸ ਸਕਦੇ ਕਿਉਂਕਿ ਦੋਹਾਂ ਵਿਚ ਖ਼ਿਆਲਾਂ ਦਾ ਫ਼ਰਕ ਹੈ, ਨਾ ਸਾਂਝੇ ਸੋਕ ਹਨ, ਨਾ ਸਾਂਝੀਆਂ ਰੁਚੀਆਂ, ਪ੍ਰਗਟ ਕਿਵੇਂ ਕਰਨ ਤੇ ਸਮਝਣ ਕਿਵੇਂ ? ਵਹੁਟੀ ਵਿਚਾਰੀ ਨੂੰ ਉਹਨਾਂ ਗੱਲਾਂ ਦਾ ਪਤਾ ਨਹੀਂ ਜੋ ਪੰਤੀ ਦੇ ਦਿਮਾਗ਼ ਵਿਚ ਹਨ, ਉਸ ਵਿਚਾਰੀ ਨੂੰ ਏਨੀ ਯੋਗਤਾ ਨਹੀਂ ਕਿ ਏਡੀਆਂ ਉੱਚੀਆਂ ਉਡਾਰੀਆਂ ਲਾ ਸਕੇ, ਉਸ ਨੂੰ ਉਹ ਗੱਲਾਂ ਸਿਖਾਈਆਂ ਹੀ ਨਹੀਂ ਗਈਆਂ। ਜੇ ਪਤੀ ਨੂੰ ਕੁਝ ਪੜ੍ਹਦਿਆਂ ਜਾਂ ਸੋਚਦਿਆਂ ਵੇਖ ਲਏ ਤੇ ਪੁਛ ਬੈਠੇ, "ਕੀ ਸੋਚਦੇ ਓ ?" ਜਾਂ "ਕੀ ਪੜ੍ਹਿਆ ਜੇ ?" ਤਾਂ ਉਹ ਕਹਿ ਦੇਂਦੇ ਹਨ, "ਕੁਝ ਨਹੀਂ।" ਬਸ ਵਹੁਟੀ ਨੂੰ ਗੁੱਸਾ ਲਗ ਜਾਂਦਾ ਹੈ ਤੇ ਸਮਝਦੀ ਹੈ ਮੇਰੇ ਕੋਲੋਂ ਗੱਲਾਂ ਛੁਪਾਂਦੇ ਨੇ। ਪਤੀ ਵਿਚਾਰਾ ਇਸ ਲਈ ਟਾਲ ਛੱਡਦਾ ਹੈ, ਕਿ ਉਹਨੂੰ ਇਹਨਾਂ ਗਲਾਂ ਦੀ ਸਮਝ ਨਹੀਂ, ਕੀ ਦੱਸਾਂ ? ਤੇ ਵਹੁਟੀ ਨੂੰ ਆਪਣੇ ਹੀ ਸ਼ੱਕ ਪੈ ਜਾਂਦੇ ਹਨ। ਇਹੋ ਜਹੀਆਂ ਗੱਲਾਂ ਰੋਜ਼ ਹੁੰਦੀਆਂ ਰਹਿੰਦੀਆਂ ਹਨ। ਨਤੀਜਾ ਇਹੋ ਹੁੰਦਾ ਹੈ ਕਿ ਵਹੁਟੀ ਨੂੰ ਐਵੇਂ ਗਲ ਗਲ ਤੇ ਸ਼ਕ ਪੈਂਦੇ ਰਹਿੰਦੇ ਹਨ ਤੇ ਉਹ ਕੋਸ਼ਿਸ਼ ਕਰਦੀ ਹੈ ਕਿ ਪਤੀ ਦੇ ਅਸਲੀ ਮਤਲਬ ਸਮਝੇ, ਪਰ ਜਿਥੋਂ ਤਕ ਉਸ ਦੇ ਖ਼ਿਆਲਾਂ ਨੇ ਉਡਾਰੀ ਮਾਰਨੀ ਹੋਈ, ਉਸ ਨੇ ਉਥੋਂ ਤਕ

ਹੀ ਪਹੁੰਚਣਾ ਹੋਇਆ। ਪਤੀ ਪਿਆ ਜਿੰਨਾਂ ਮਰਜ਼ੀ ਹੈ ਸਮਝਾਏ, ਉਹ ਨਹੀਂ ਮੰਨਦੀ। ਉਸ ਦੀ ਸ਼ੱਕੀ ਤਬੀਅਤ ਇਹ ਹੀ ਕਹਿੰਦੀ ਹੈ ਕਿ ਗੱਲਾਂ ਛੁਪਾਂਦੇ ਹਨ ਤੇ ਉਤੋਂ ਵਾਲੀ ਕੁਝ ਦਾ ਕੁਝ ਕਹਿ ਦੇਂਦੇ ਹਨ। ਇਹ ਹਨ ਦਿਮਾਗੀ ਅਵਸਥਾ ਵਿਚ ਫ਼ਰਕ ਹੋਣ ਦੇ ਸਿੱਟੇ। ਇਸੇ ਤਰ੍ਹਾਂ ਫੇਰ ਪਤੀ ਤੇ ਪਤਨੀ ਦੀ ਖਿੱਚਾ ਖਿੱਚੀ ਸ਼ੁਰੂ ਹੋ ਜਾਂਦੀ ਹੈ ਤੇ ਰੋਜ਼ ਲੜਾਈ ਝਗੜੇ ਹੋਣ ਲਗ ਪੈਂਦੇ ਹਨ ਜਿਸ ਨਾਲ ਘਰ ਦਾ ਜੀਵਨ ਦੁਖੀ ਹੋ ਜਾਂਦਾ ਹੈ।

ਪਤੀ ਤੇ ਪਤਨੀ ਦੀ ਖਿੱਚਾ ਖਿੱਚੀ ਹੋਰ ਕਈ ਤਰ੍ਹਾਂ ਵੀ ਪ੍ਰਗਟ ਹੁੰਦੀ ਹੈ। ਵਹੁਟੀ ਆਪਣੇ ਪੇਕੇ ਸਾਕਾਂ ਦੀ ਹਮਾਇਤ ਕਰਦੀ ਹੈ, ਉਹਨਾਂ ਨੂੰ ਦੇਣਾ ਲੈਣਾ ਚਾਹੁੰਦੀ ਹੈ ਤੇ ਸਹੁਰੇ ਸਾਕ ਉਹਨੂੰ "ਵੱਢੇ ਨਹੀਂ ਭਾਉਂਦੇ" ਭੈਣਾਂ, ਭਰਾ, ਭਰਜਾਈਆਂ, ਭਣੂਜੇ, ਭਤਰੀਏ ਉਹਨੂੰ ਚੰਗੇ ਲਗਦੇ ਹਨ ਤੇ ਦਿਉਰ, ਜਠੂਤਰ, ਨਨਾਣਾਂ ਨੂੰ ਉਹ ਵੇਖ ਕੇ ਰਾਜ਼ੀ ਨਹੀਂ ਰਹਿੰਦੀ। ਸੋ ਝਗੜੇ ਹੋਰ ਵਧਦੇ ਜਾਂਦੇ ਹਨ, ਸਾਕਾਂ ਨਾਲ ਵੀ ਵਿਗੜ ਜਾਂਦੀ ਹੈ। ਜੇ ਪਤੀ 'ਆਪਣਿਆਂ' ਨੂੰ ਦੇਣ ਦਾ ਹੀਆ ਕਰੇ ਤਾਂ ਵਹੁਟੀ ਗਲ ਪੈ ਜਾਂਦੀ ਹੈ, "ਤੁਹਾਨੂੰ ਆਪਣੇ ਸਾਕਾਂ ਦੀ ਪਈ ਰਹਿੰਦੀ ਹੈ, ਸਾਰਾ ਘਰ ਹੂੰਝ ਹਾਂਝ ਕੇ ਦੇ ਛਡਿਆ ਜੇ, ਉਹਨਾਂ ਸਾਨੂੰ ਕਿਹੜੇ ਘੋੜੇ ਖੋਲ੍ਹ ਦਿਤੇ ਨੇ! ਕਦੇ ਮੁੰਡੇ ਦੀ ਤਲੀ ਤੇ ਕੁਝ ਨਹੀਂ ਨੇ ਰਖਿਆ। ਉਨ੍ਹਾਂ ਦੀਆਂ ਕਿਹੜੇ ਨਾਂ ਦੀਆਂ ਖ਼ਾਤਰਾਂ ਕਰੀਏ?" ਵਹੁਟੀ ਇਹੋ ਜਹੇ ਮਿਹਣੇ ਰੋਜ਼ ਮਾਰਦੀ ਰਹਿੰਦੀ ਹੈ, 'ਆਪਣਿਆਂ' ਨੂੰ ਚੋਰੀ ਛਪੀ ਬਥੇਰਾ ਕੁਝ ਦੇਂਦੀ ਹੈ, ਸਾਕਾਂ ਦੇ ਮੂੰਹ ਤੇ ਵੀ ਮੇਹਣੇ ਮਾਰਨੋਂ ਘਟ ਨਹੀਂ ਕਰਦੀ, ਕਈ ਵਾਰੀ ਉਨ੍ਹਾਂ ਨੂੰ ਸੁਣਾ ਵੀ ਦੇਂਦੀ ਹੈ। ਇਸ ਤਰ੍ਹਾਂ ਸਾਰੇ ਸਾਕ ਸਬੰਧੀਆਂ ਨਾਲ ਵਿਗੜਦੀ ਹੈ।

ਇਹ ਕੁਝ ਕਿਉਂ ਨਾ ਹੋਵੇ? ਅਸੀਂ ਇਸਤ੍ਰੀਆਂ ਨੂੰ ਇਸ ਗਲ ਦੇ

ਯੋਗ ਹੀ ਨਹੀਂ ਬਣਾਂਦੇ ਕਿ ਉਹ ਕੁਝ ਹੋਰ ਸੋਚ ਸਕਣ ਜਾਂ ਆਪਣਾ ਧਿਆਨ ਕਿਸੇ ਹੋਰ ਪਾਸੇ ਲਾ ਸਕਣ। ਉਹਨਾਂ ਦਾ ਦਿਮਾਗ਼ ਸਾਰਾ ਦਿਨ ਇਹ ਹੀ ਸੋਚਦਾ ਰਹਿੰਦਾ ਹੈ ਕਿ ਫ਼ਲਾਣੇ ਸਾਕ ਨੇ ਕੀ ਕਿਹਾ ਸੀ ਤੇ ਕੀ ਕੀਤਾ ਸੀ। ਉਹਨਾਂ ਨੂੰ ਸਾਰਾ ਦਿਨ ਸ਼ਰੀਕੇ ਹੀ ਸੁਝਦੇ ਰਹਿੰਦੇ ਹਨ, ਹੋਰ ਕਿਸੇ ਪਾਸੇ ਉਨ੍ਹਾਂ ਦੀ ਰੁਚੀ ਹੀ ਨਹੀਂ ਹੁੰਦੀ ਕਿਉਂਕਿ ਉਹਨਾਂ ਦੇ ਖ਼ਿਆਲਾਂ ਦੀ ਉਡਾਰੀ ਇਥੋਂ ਤਕ ਹੀ ਹੈ। ਅਸਾਂ ਛੋਟੇ ਹੁੰਦਿਆਂ ਉਨ੍ਹਾਂ ਨੂੰ ਕੋਈ ਸਿਖਿਆ ਨਹੀਂ ਦਿਤੀ, ਉਹ ਘਰ ਦਾ ਕੰਮ ਕਾਜ ਤੇ ਸ਼ਰੀਕੇ ਹੀ ਸਿਖੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਦੁਨੀਆਂ ਦਾ ਹੋਰ ਕੁਝ ਪਤਾ ਨਹੀਂ ਹੁੰਦਾ ਇਸੇ ਲਈ ਤਾਂ ਅਜ ਕਲ ਦੇ ਮੁੰਡੇ ਪੜ੍ਹੀਆਂ ਲਿਖੀਆਂ ਕੁੜੀਆਂ ਮੰਗਦੇ ਹਨ ਤਾਂ ਜੁ ਦੋਵੇਂ ਇਕ ਦੂਜੇ ਨੂੰ ਸਮਝ ਸਕਣ, ਦੋਹਾਂ ਨੂੰ ਇਕ ਦੂਜੇ ਦੇ ਸ਼ੌਕਾਂ ਤੇ ਰੁਚੀਆਂ ਦਾ ਪਤਾ ਹੋਵੇ ਤੇ ਦੋਵੇਂ ਸੁਖ ਦੁਖ ਵਿਚ ਸਾਂਝੀਵਾਲ ਹੋ ਸਕਣ। ਪੜ੍ਹੀਆਂ ਹੋਈਆਂ ਵਹੁਟੀਆਂ ਆਪਣੇ ਦਿਮਾਗ਼ ਨੂੰ ਕਿਸੇ ਆਹਰੇ ਲਾਈ ਰਖਣਗੀਆਂ, ਉਨ੍ਹਾਂ ਨੂੰ ਸਾਰਾ ਦਿਨ ਸ਼ਰੀਕੇ ਦੀਆਂ ਗਲਾਂ ਹੀ ਨਾ ਸੁਝਦੀਆਂ ਰਹਿਣਗੀਆਂ। ਜੇ ਅਸੀਂ ਪੜ੍ਹਨ ਲਿਖਣ ਦਾ ਸ਼ੌਕ ਪਾਈਏ ਤਾਂ ਆਪੇ ਜ਼ਨਾਨੀਆਂ ਫ਼ਜ਼ੂਲ ਲੜਾਈ ਝਗੜੇ ਛੱਡ ਦੇਣ। ਆਂਹਦੇ ਨੇ 'ਵੇਹਲੀ ਜੱਟੀ ਉੱਨ ਵੇਲੇ' ਸੋ ਇਸੇ ਤਰ੍ਹਾਂ ਵੇਹਲੀਆਂ ਜ਼ਨਾਨੀਆਂ ਐਵੇਂ ਹੀ ਪਈਆਂ ਪਤੀ ਨਾਲ, ਬਾਲਾਂ ਨਾਲ, ਸ਼ਰੀਕਾਂ ਨਾਲ ਲੜਨਗੀਆਂ। ਜੇ ਉਹਨਾਂ ਦੇ ਦਿਮਾਗ਼ ਦੀ ਰੁਚੀ ਹੋਰ ਪਾਸੇ ਲਗੇ ਤਾਂ ਹੋਰ ਕਈ ਫ਼ਾਇਦਿਆਂ ਦੇ ਨਾਲ ਇਹ ਵੀ ਲਾਭ ਹੋਵੇਗਾ ਕਿ ਜ਼ਨਾਨੀਆਂ ਘਟ ਲੜਾਕੀਆਂ ਹੋਣਗੀਆਂ ਤੇ ਪਤੀ ਤੇ ਪਤਨੀ ਸੁਖੀ ਵਸਨਗੇ।

ਇਸ ਵੇਲੇ ਸਾਡੀਆਂ ਇਸਤ੍ਰੀਆਂ ਦਾ ਘਰ ਦੇ ਕੰਮ ਕਾਜ ਤੋਂ ਬਿਨਾਂ ਹੋਰ ਕੋਈ ਆਹਰ ਹੈ ਤਾਂ ਗੱਲਾਂ। ਜ਼ਨਾਨੀਆਂ ਬੜੀਆਂ ਗਲਾਧੜ

Parminder Kaur

ਹੁੰਦੀਆਂ ਹਨ ਤੇ ਜਿੱਥੇ ਦੋ ਕੱਠੀਆਂ ਬਹਿ ਜਾਣ (ਤੇ ਕੱਲੀ ਤੇ ਬਹਿ ਹੀ ਨਹੀਂ ਸਕਦੀ) ਜਿੰਨਾ ਚਿਰ ਕੋਈ ਜ਼ਰੂਰੀ ਕੰਮ ਨਾ ਪੈ ਜਾਏ ਗੱਲਾਂ ਕਰਦੀਆਂ ਹੀ ਰਹਿਣਗੀਆਂ। ਜਿਥੇ ਸੁਖ ਨਾਲ ਪੰਜ ਚਾਰ ਇਸਤ੍ਰੀਆਂ ਬੈਠੀਆਂ ਹੋਣ ਉੱਥੇ ਤਾਂ ਕਾਵਾਂ ਰੋਲੀ ਪਈ ਹੀ ਰਹਿੰਦੀ ਹੈ। ਗੱਲਾਂ ਵੀ ਉਹਨਾਂ ਦੀਆਂ ਹੌਲੀ ਹੌਲੀ ਨਹੀਂ ਹੋ ਸਕਦੀਆਂ, ਮਾਰ ਕੋਠਾ ਸਿਰ ਤੇ ਚੁਕ ਲੈਂਦੀਆਂ ਹਨ। ਕਾਨਫਰੰਸਾਂ, ਮੰਦਰਾਂ, ਗੁਰਦਵਾਰਿਆਂ ਵਿਚ ਜ਼ਨਾਨੀਆਂ ਵਾਲੇ ਪਾਸੇ ਕਦੇ ਚੁਪ ਨਹੀਂ ਹੋ ਸਕਦੀ, ਹਰ ਵੇਲੇ ਇਕ ਦੂਜੀ ਨਾਲ ਗੱਲਾਂ ਬਾਤਾਂ ਹੀ ਛੇੜ ਬਹਿੰਦੀਆਂ ਹਨ ਜਾਂ ਇਕ ਦੂਜੀ ਦੇ ਕਪੜੇ ਗਹਿਣੇ ਹੀ ਸਲਾਹੁੰਦੀਆਂ, ਨਿੰਦਦੀਆਂ ਰਹਿਣਗੀਆਂ ਤੇ ਉਹਨਾਂ ਦਾ ਭਾ ਬਣਵਾਈ ਆਦ ਪੁਛਦੀਆਂ ਰਹਿੰਦੀਆਂ ਹਨ। ਜਿਹੜੀ ਜ਼ਨਾਨੀ ਜ਼ਰਾ ਚੁਪ ਕਰ ਕੇ ਬੈਠੇ ਉਹਨੂੰ ਕਹਿੰਦੀਆਂ ਨੇ, "ਫਿੱਟੀ ਹੋਈ ਏ!" ਜਾਂ "ਬੜੀ ਆਕੜ ਸੂ" ! ਚੁਪ ਕਰ ਕੇ ਬਹਿਣਾ ਸਾਡੀਆਂ ਇਸਤ੍ਰੀਆਂ ਦੇ ਨੇਮਾਂ ਦੇ ਅਨਕੂਲ ਨਹੀਂ। ਘਰਾਂ ਵਿਚ ਸਹੇਲੀਆਂ ਕੋਲ ਜਾਂ ਗਲੀ ਗਵਾਂਢ ਕੋਲ ਬਹਿਣਗੀਆਂ ਤਾਂ ਇਕ ਦੂਜੀ ਅਗੇ ਆਪਣੇ ਦੁਖ ਸੁਖ ਫੋਲਦੀਆਂ ਰਹਿਣਗੀਆਂ। ਜੋ ਅਗਲੀ ਪਿਛਲੀ ਵਿਆਹ ਢੰਗ, ਮੁਕਾਣ, ਸਿਆਪੇ, ਸਾਕ ਸ਼ਰੀਕੇ ਦੀ ਗਲ ਹੋਵੇਗੀ ਪਈਆਂ ਘੜੀ ਘੜੀ ਕਰਨਗੀਆਂ, ਇਥੋਂ ਤਕ ਕਿ ਘਰ ਦੀ ਹਰੇਕ ਦਸਣ ਵਾਲੀ ਜਾਂ ਨਾ ਦਸਣ ਵਾਲੀ ਗਲ ਭੀ ਕਰ ਦੇਂਦੀਆਂ ਹਨ। ਪਤੀ ਦੀਆਂ ਸ਼ਿਕਾਇਤਾਂ ਵੀ ਆਪਣੀਆਂ ਸਹੇਲੀਆਂ ਅਗੇ ਲਾਣਗੀਆਂ ਕਿਉਂਕਿ ਜ਼ਨਾਨੀਆਂ ਦੇ ਛਿਡ ਵਿਚ ਕੋਈ ਗੱਲ ਨਹੀਂ ਪਚਦੀ। ਪਰ ਵਿਚਾਰੀਆਂ ਹੋਰ ਕਰਨ ਵੀ ਕੀ, ਘਰ ਦੀ ਚਿੰਤਾ ਤੇ ਨਿੱਤ ਦੇ ਕਲੇਸ਼ਾਂ ਤੋਂ ਤੰਗ ਆ ਕੇ ਦਿਲ ਪਰਚਾਣ ਲਈ ਉਹਨਾਂ ਕੋਲ ਗੱਲਾਂ ਹੀ ਹਨ। ਅਸਾਂ ਉਹਨਾਂ ਨੂੰ ਕੁਝ ਹੋਰ ਸਿਖਾਇਆ ਹੀ ਨਹੀਂ, ਸੋ ਜਦ ਜ਼ਰਾ ਵੀ

ਵੇਹਲੀਆਂ ਹੁੰਦੀਆਂ ਹਨ ਤਾਂ ਗੱਲਾਂ ਕਰ ਕੇ ਝਟ ਲੰਘਾਂਦੀਆਂ ਹਨ। ਉਹਨਾਂ ਨੂੰ ਇਸ ਗਲ ਦੀ ਜਾਚ ਹੀ ਨਹੀਂ ਸਿਖਾਈ ਗਈ ਕਿ ਪੜ੍ਹਨ ਲਿਖਣ ਵਿਚ ਕਿਸ ਤਰ੍ਹਾਂ ਦਿਲ ਲਾਈਦਾ ਹੈ, ਨਹੀਂ ਨਹੀਂ, ਅਸਾਂ ਉਹਨਾਂ ਨੂੰ ਵਿਦਿਆ ਦੀ ਦਾਤ ਤੋਂ ਬਿਲਕੁਲ ਵਾਂਝਿਆਂ ਰਖਿਆ ਹੈ। ਉਹਨਾਂ ਵਿਚਾਰੀਆਂ ਆਪੇ ਫ਼ਜ਼ੂਲ ਨਿਕੰਮੀਆਂ ਗੱਲਾਂ ਕਰ ਕਰ ਕੇ ਵਕਤ ਗੁਜ਼ਾਰਨਾ ਹੋਇਆ । ਜੇ ਉਹਨਾਂ ਨੂੰ ਪੜ੍ਹਨ ਲਿਖਣ ਦਾ, ਸਾਹਿਤ ਤੇ ਹੁਨਰ ਦਾ ਸ਼ੌਕ ਹੋਵੇ ਤਾਂ ਆਪੇ ਉਹਨਾਂ ਦੀ ਰੁਚੀ ਇਸ ਪਾਸੇ ਲਗੇ ਪਰ ਇਨ੍ਹਾਂ ਗੁਣਾਂ ਦਾ ਸ਼ੌਕ ਉਹਨਾਂ ਦੇ ਅੰਦਰ ਤਾਂ ਹੁੰਦਾ ਜੇ ਅਸੀਂ ਉਹਨਾਂ ਨੂੰ ਵਿਦਿਆ ਤੋਂ ਕੋਰਿਆਂ ਨਾ ਰਖਦੇ ।

ਭਾਈਚਾਰਕ ਬੰਧਨ

ਇਸਤ੍ਰੀਆਂ ਨੂੰ ਅਸਾਂ ਕਈ ਤਰ੍ਹਾਂ ਕੈਦ ਕੀਤਾ ਹੋਇਆ ਹੈ ਪਰ ਸਭ ਤੋਂ ਕਰੜੀਆਂ ਜ਼ੰਜੀਰਾਂ ਸਾਡੇ ਭਾਈਚਾਰਕ ਬੰਧਨ ਹਨ। ਬਾਲਪਨ ਤੋਂ ਟੱਪਦਿਆਂ ਹੀ ਅਸੀਂ ਕੁੜੀਆਂ ਨੂੰ ਘਰਾਂ ਵਿਚ ਬੰਦ ਰਖਣਾ ਸ਼ੁਰੂ ਕਰ ਦੇਂਦੇ ਹਾਂ। ਪੱਕੇ ਘਰ ਕੈਦ ਭੋਗ ਕੇ ਉਸੇ ਹਾਲਤ ਵਿਚ ਹੀ ਅਸੀਂ ਉਨ੍ਹਾਂ ਨੂੰ ਸਹੁਰੇ ਟੋਰ ਦੇਂਦੇ ਹਾਂ ਪਰ ਉਹ ਵੀ ਇਕ ਜੇਹਲ ਵਿਚੋਂ ਦੂਜੀ ਜੇਹਲ ਜਾਣ ਦੀ ਨਿਆਈਂ ਹੀ ਹੈ। ਜਹੀ ਕੈਦ ਪੱਕੇ ਤਹੀ ਸਹੁਰੇ, ਫ਼ਰਕ ਏਨਾ ਹੁੰਦਾ ਹੈ ਕਿ ਉਥੇ ਪੱਤੀ ਦੇਵ ਤੇ ਸਹੁਰਿਆਂ ਦੀ ਜੇਹਲ ਤੇ ਏਥੇ ਮਾਪਿਆਂ ਦੀ, ਉਥੇ ਵਹੁਟੀ ਤੇ ਨੂੰਹ ਦੀ ਜ਼ਿੰਦਗੀ ਤੇ ਏਥੇ ਧੀ ਤੇ ਭੈਣ ਦੀ। ਹਰੇਕ ਜੇਹਲ ਦੇ ਆਪਣੇ ਆਪਣੇ ਨਿਯਮ ਹੁੰਦੇ ਹਨ, ਪਰ ਵੱਡੀ ਸਰਕਾਰ ਸਾਰੀਆਂ ਜੇਹਲਾਂ ਦੇ ਸਾਂਝੇ ਨਿਯਮ ਵੀ ਬਣਾ ਰਖਦੀ ਹੈ ਜੋ ਸਾਰੇ ਦੇਸ ਦੀਆਂ ਜੇਹਲਾਂ ਤੇ ਘਟਦੇ ਹਨ। ਠੀਕ ਇਹ ਹੀ ਹਾਲ ਇਸਤ੍ਰੀਆਂ ਦੇ ਇਨ੍ਹਾਂ ਜੇਹਲ-ਖ਼ਾਨਿਆਂ ਦਾ ਹੈ। ਕੈਦ ਉਹ ਜਹੀ ਸਹੁਰੇ ਕਟਦੀਆਂ ਹਨ ਤਹੀ ਪੱਕੇ, ਫ਼ਰਕ ਥੋੜ੍ਹਾ ਹੀ ਹੁੰਦਾ ਹੈ। ਇਨ੍ਹਾਂ ਦੀ ਕੈਦ ਅਸਲ ਅਰਥਾਂ ਵਿਚ ਉਮਰ ਕੈਦ ਹੁੰਦੀ ਹੈ ਤੇ ਛੁਟਕਾਰਾ ਮਰਨ ਤੇ ਹੀ ਹੁੰਦਾ ਹੈ। ਜੋ ਕੰਮ

ਕਾਰ ਉਨ੍ਹਾਂ ਨੂੰ ਏਨ੍ਹੀ ਬਾਈਂ ਕਰਨੇ ਪੈਂਦੇ ਹਨ ਅਗੇ ਵਿਸਥਾਰ ਨਾਲ ਵਰਨਣ ਕੀਤੇ ਜਾ ਚੁਕੇ ਹਨ । ਹਾਂ, ਉਮਰ ਅਨੁਸਾਰ ਕੁਝ ਸਹੂਲਤਾਂ ਤੇ ਰਿਆਇਤਾਂ ਜ਼ਰੂਰ ਮਿਲਦੀਆਂ ਹਨ । ਜਿਵੇਂ ਨਾਬਾਲਗ ਕੈਦੀਆਂ ਤੋਂ ਬਹੁਤੀ ਮਿਹਨਤ ਵਾਲੇ ਕੰਮ ਜ਼ਰਾ ਘਟ ਕਰਾਏ ਜਾਂਦੇ ਹਨ ਤਿਵੇਂ ਹੀ ਛੋਟੀਆਂ ਕੁੜੀਆਂ ਦੀ ਘਰਾਂ ਵਿਚ ਹਾਲਤ ਹੈ । ਜਿਸ ਤਰ੍ਹਾਂ ਪੁਰਾਣੇ ਕੈਦੀਆਂ ਨੂੰ ਨਵਿਆਂ ਦਾ ਜਮਾਂਦਾਰ ਬਣਾਇਆ ਜਾਂਦਾ ਹੈ, ਤੇ ਉਹਨਾਂ ਨੂੰ ਰੋਕ ਟੋਕ ਜ਼ਰਾ ਘਟ ਹੁੰਦੀ ਹੈ, ਇਸੇ ਤਰ੍ਹਾਂ ਵਡੇਰੀਆਂ ਜ਼ਨਾਨੀਆਂ ਨੂੰ ਛੋਟੀਆਂ ਤੇ ਹੁਕੂਮਤ ਕਰਨ ਦੇ ਹਕ ਪਰਾਪਤ ਹੁੰਦੇ ਹਨ ਤੇ ਉਹਨਾਂ ਨੂੰ ਬੰਦਸ਼ਾਂ ਵੀ ਏਨੀਆਂ ਨਹੀਂ ਹੁੰਦੀਆਂ ।

ਸਾਡੇ ਖ਼ਿਆਲ ਕੁਝ ਬੜੇ ਅਜੀਬ ਜਹੇ ਹਨ । ਅਸੀਂ ਇਹ ਸਮਝਦੇ ਹਾਂ ਕਿ ਇਸਤ੍ਰੀ ਸੁਭਾਵਕ ਹੀ ਐਸੀ ਹੁੰਦੀ ਹੈ ਕਿ ਜ਼ਰਾ ਵੀ ਮੌਕਾ ਮਿਲਣ ਤੇ ਝਟ ਤਿਲਕ ਜਾਂਦੀ ਹੈ, ਇਸ ਕਰਕੇ ਜਦ ਤੋਂ ਕੁੜੀ ਬਚਪਨ ਟਪਦੀ ਹੈ ਅਸੀਂ ਉਸ ਤੇ ਪੂਰੀ ਪੂਰੀ ਨਜ਼ਰ ਰਖਦੇ ਹਾਂ ਮਤੇ ਕਿਧਰੇ 'ਖ਼ਰਾਬ' ਨਾ ਹੋ ਜਾਏ । ਨਿਕੀਆਂ ਨਿਕੀਆਂ ਕੁੜੀਆਂ ਬਾਹਰ ਖੇਡਦੀਆਂ ਫਿਰਦੀਆਂ ਹਨ ਪਰ ਉਹ ਵੀ ਹਾਣਦੀਆਂ ਕੁੜੀਆਂ ਨਾਲ, ਆਪਣੇ ਜਿਡੇ ਮੁੰਡਿਆਂ ਨਾਲ ਖੇਡਣਾ ਵੀ ਅਸੀਂ ਉਨ੍ਹਾਂ ਲਈ ਬੁਰਾ ਸਮਝਦੇ ਹਾਂ । ਜਦ ਕੁੜੀਆਂ ਬਾਰਾਂ ਚੌਦਾਂ ਵਰ੍ਹਿਆਂ ਦੀਆਂ ਹੁੰਦੀਆਂ ਹਨ ਤਾਂ ਉਹਨਾਂ ਦਾ ਘਰੋਂ ਨਿਕਲਣਾ ਬੰਦ ਕਰ ਦਿਤਾ ਜਾਂਦਾ ਹੈ, ਉਹਨਾਂ ਨੂੰ ਬਾਹਰ ਅੰਦਰ ਜਾਣ ਦੀ ਖੁਲ੍ਹ ਨਹੀਂ ਹੁੰਦੀ । ਮਰਦਾਂ ਦੇ ਸਾਹਮਣੇ ਹੋਣਾ ਤਾਂ ਉਹਨਾਂ ਲਈ ਉੱਕਾ ਮਨ੍ਹਾ ਹੈ, ਏਥੋਂ ਤਕ ਕਿ ਆਪਣੇ ਪਿਉ ਨਾਲ ਵੀ ਉਹ ਖੁਲ੍ਹ ਕੇ ਗਲ ਨਹੀਂ ਕਰਦੀਆਂ, ਚਾਚੇ ਤਾਈਆਂ ਤੇ ਹੋਰ ਮਰਦ ਸਾਕਾਂ ਨਾਲ ਬੋਲਦੀਆਂ ਹੀ ਨਹੀਂ, ਸਿਰ ਨੀਵਾਂ ਕਰ ਛਡਦੀਆਂ ਹਨ ਜਾਂ ਛਪ ਜਾਂਦੀਆਂ ਹਨ । ਹਨੇਰੇ ਪਏ ਆਪਣੇ ਜਿਡੀਆਂ ਕੁੜੀਆਂ ਨਾਲ ਜਾਂ

ਆਂਢਣਾਂ ਗੁਆਂਢਣਾਂ ਜ਼ਨਾਨੀਆਂ ਨਾਲ ਜ਼ਰਾ ਫਿਰ ਟੁਰ ਆਈਆਂ ਜਾਂ ਉਨ੍ਹਾਂ ਕੋਲ ਬਹਿ ਖਲੋ ਆਈਆਂ। ਬਸ ਉਹਨਾਂ ਲਈ ਇਤਨੀ ਹੀ ਆਜ਼ਾਦੀ ਹੈ। ਘਰਾਂ ਵਿਚ ਵੀ ਉਨ੍ਹਾਂ ਨੂੰ ਪੂਰੀ ਖੁਲ੍ਹ ਨਹੀਂ। ਆਪਣੇ ਜਵਾਨ ਭਰਾ ਨਾਲ ਵੀ ਉਹ ਬਹੁਤੀ ਖੁਲ੍ਹੀ ਗੱਲ ਨਹੀਂ ਕਰ ਸਕਦੀਆਂ, ਜਵਾਨ ਭੈਣ ਤੇ ਭਰਾ ਦਾ ਇਕੱਲਿਆਂ ਗੱਲਾਂ ਬਾਤਾਂ ਕਰਨਾ ਤਾਂ ਬੜਾ ਹੀ ਬੁਰਾ ਸਮਝਿਆ ਜਾਂਦਾ ਹੈ।

ਇਹ ਕਾਨੂੰਨ ਕਵਾਰੀਆਂ ਕੁੜੀਆਂ ਲਈ ਹਨ, ਵਿਆਹੀਆਂ ਦਾ ਹੋਰ ਹੀ ਹਿਸਾਬ ਹੈ। ਸਜ-ਵਿਆਹੀਆਂ ਤਾਂ ਬਹੁਤਾ ਬੋਲਦੀਆਂ ਹੀ ਨਹੀਂ, ਮਰਦ ਆਪਣੇ ਤੋਂ ਛੋਟਾ ਹੋਵੇ ਜਾਂ ਵੱਡਾ ਸਭ ਤੋਂ ਘੁੰਡ ਕਢਣਾ ਜ਼ਰੂਰੀ ਹੈ, ਗਲ ਕਰਨੀ ਤੇ ਕਿਧਰੇ ਰਹੀ, ਪਤੀ ਨਾਲ ਵੀ ਕਿਸੇ ਦੇ ਸਾਹਮਣੇ ਖੁਲ੍ਹੀ ਗਲ ਕਰਨ ਦੀ ਮਨਾਹੀ ਹੈ। ਹੌਲੀ ਹੌਲੀ ਇਨ੍ਹਾਂ ਵਿਚੋਂ ਕੁਝ ਕੁ ਬੰਦਸ਼ਾਂ ਰਤਾ ਰਤਾ ਘਟਦੀਆਂ ਜਾਂਦੀਆਂ ਹਨ। ਦਿਓਰਾਂ ਨਾਲ ਹਾਸਾ ਮਖੌਲ ਤੇ ਟਿਚਕਰਾਂ ਆਦਿ ਨੂੰ ਅਸੀਂ ਕੋਈ ਬੁਰਾ ਨਹੀਂ ਸਮਝਦੇ ਤੇ ਪਤੀ ਨਾਲ ਵੀ ਲੋਕਾਂ ਦੇ ਸਾਹਮਣੇ ਗਲ ਬਾਤ ਕਰਨੋਂ ਅਗੇ ਨਾਲੋਂ ਘਟ ਸੰਕੋਚ ਕੀਤਾ ਜਾਂਦਾ ਹੈ। ਜ਼ਰਾ ਵਡਿਆਂ ਹੋ ਕੇ ਹੋਰ ਆਜ਼ਾਦੀ ਹੋ ਜਾਂਦੀ ਹੈ ਤੇ ਗਲੀ ਵਿਚ ਆਏ ਫੇਰੀ ਵਾਲਿਆਂ ਆਦਿ ਨਾਲ ਖੁਲ੍ਹੀ ਗਲ ਕਰ ਸਕਦੀਆਂ ਹਨ। 'ਪਰਾਏ ਮਰਦ' ਨਾਲ ਬੋਲਣਾ ਅਸੀਂ ਇਕ ਬੜੀ ਹੀ ਕਮੀਨੀ ਤੇ ਇਖ਼ਲਾਕ ਤੋਂ ਗਿਰੀ ਹੋਈ ਗਲ ਸਮਝਦੇ ਹਾਂ,ਵਡੇਰੀਆਂ ਜ਼ਨਾਨੀਆਂ ਨੂੰ ਲੋੜ ਪਵੇ ਤਾਂ ਉਹ 'ਪਰਾਏ ਮਰਦ' ਤੋਂ ਵੀ ਕੁਝ ਪੁਛ ਗਿਛ ਲੈਂਦੀਆਂ ਹਨ ਪਰ ਇਸ ਸਬੰਧੀ ਵੀ ਵਡਿਆਂ ਛੋਟਿਆਂ ਆਦਮੀਆਂ ਵਿਚ ਫ਼ਰਕ ਹੈ। ਵਡੇ ਘਰਾਂ ਦੀਆਂ ਇਸਤ੍ਰੀਆਂ ਕਿਸੇ ਹਾਲਤ ਵਿਚ ਵੀ ਕਿਸੇ ਓਪਰੇ ਆਦਮੀ ਨਾਲ ਗਲ ਬਾਤ ਨਹੀਂ ਕਰਨਗੀਆਂ। ਪਰ ਛੋਟੇ ਘਰਾਣਿਆਂ ਦੀਆਂ, ਲੋੜ ਸਮੇਂ, ਇਹ ਨਿਯਮ ਤੋੜ ਦੇਂਦੀਆਂ ਹਨ।

ਹੁਣ ਸਵਾਲ ਇਹ ਉਠਿਆ ਕਿ ਕੀ ਸਾਡੇ ਇਹਨਾਂ ਭਾਈਚਾਰਕ ਬੰਧਨਾਂ ਨੇ ਸਾਨੂੰ ਬਿਲਕੁਲ ਪਵਿੱਤਰ ਤੇ ਸ਼ੁੱਛ ਰਖਿਆ ਹੈ ? ਕੀ ਸਾਡੇ ਵਿਚ ਕੋਈ ਕਮਜ਼ੋਰੀਆਂ ਜਾਂ ਬੁਰਾਈਆਂ ਨਹੀਂ ਆਈਆਂ ? ਸਮੇਂ ਦੇ ਚੱਕਰ ਨੇ ਸਾਨੂੰ ਸਭ ਪਾਸੇ ਭੇਗ ਦਿੱਤਾ ਹੈ, ਸਾਡੇ ਕਰੜੇ ਇਖ਼ਲਾਕੀ ਨਿਯਮ ਵੀ ਟੁਟ ਰਹੇ ਹਨ। ਕਾਰਨ ਕੁਝ ਵੀ ਹੋਣ, ਭਾਵੇਂ ਇਹ ਪੱਛਮੀ ਸਭਯਤਾ ਦੇ ਅਸਰ ਕਰ ਕੇ ਹੀ ਹੋਵੇ ਪਰ ਵੇਖਣਾ ਅਸਾਂ ਇਹ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ। ਕੀ ਵਰਤਮਾਨ ਸਮੇਂ ਦੇ ਹਾਲਤ ਇਹ ਚਾਹੁੰਦੇ ਹਨ ਕਿ ਕੈਦੀਆਂ ਨੂੰ ਹੋਰ ਸੰਗਲ ਪਾਏ ਜਾਣ ਕਿ ਅਗਲੇ ਵੀ ਲਾਹੇ ਜਾਣ ? ਜ਼ਮਾਨਾ ਤਾਂ ਇਹ ਮੰਗ ਕਰਦਾ ਹੈ ਕਿ ਹਰੇਕ ਕਿਸਮ ਦੀ ਆਜ਼ਾਦੀ, ਜੋ ਲੋਕ-ਭਲਾਈ ਲਈ ਹੋਵੇ, ਹਰ ਜੀਵ ਨੂੰ ਮਿਲਣੀ ਚਾਹੀਦੀ ਹੈ। ਕਿਸੇ ਵੀ ਸਭਯਤਾ ਦੀ ਨਕਲ ਦੀ ਜ਼ਰੂਰਤ ਨਹੀਂ ਪਰ ਹੋਰਨਾਂ ਕੋਲੋਂ ਚੰਗੇ ਗੁਣ ਸਿਖ ਕੇ ਗ੍ਰਹਿਣ ਕਰਨਾ ਸਿਆਣਪ ਹੈ। ਸਾਨੂੰ ਠੰਡੇ ਦਿਲ ਨਾਲ ਇਸ ਗਲ ਦੀ ਵਿਚਾਰ ਕਰਨੀ ਚਾਹੀਦੀ ਹੈ ਕਿ ਸਾਡੀਆਂ ਮਨੋਵਿਗਯਾਨਕ ਖੋਜਾਂ ਸਾਨੂੰ ਕੀ ਸਲਾਹ ਦੇਂਦੀਆਂ ਹਨ। ਸਾਡੇ ਨਿਯਮ ਤੇ ਕਰੜੇ ਬੰਧਨ ਅਗਲੇ ਜ਼ਮਾਨੇ ਲਈ ਭਾਵੇਂ ਯੋਗ ਤੇ ਲਾਭਵੰਦ ਹੁੰਦੇ ਹੋਣ ਪਰ ਹੁਣ ਇਹ ਸਗੋਂ ਦੁਖਦਾਇਕ ਹੋ ਰਹੇ ਹਨ। ਅਜ ਕਲ ਹਰ ਮਾਸੇ ਇਸਤ੍ਰੀਆਂ ਆਜ਼ਾਦ ਹੋ ਰਹੀਆਂ ਹਨ ਤੇ ਭਲਾ ਇਹਨਾਂ ਭਾਈਚਾਰਕ ਬੰਧਨਾਂ ਅਗੇ ਕਿਥੇ ਸਿਰ ਨਿਵਾਉਂਦੀਆਂ ਹਨ। ਆਚਰਨ ਨੂੰ ਸੁਧਾਰਨ ਦੇ ਜੋ ਬਾਨੂੰ ਅਸੀਂ ਬੰਨ੍ਹਦੇ ਹਾਂ ਉਹ ਗ਼ਲਤ ਹਨ। ਰੋਜ਼ ਅਸੀਂ ਪੜ੍ਹੀਆਂ ਹੋਈਆਂ ਆਜ਼ਾਦ ਕੁੜੀਆਂ ਦੀਆਂ ਸੌ ਸੌ ਗੱਲਾਂ ਸੁਣਦੇ ਰਹਿੰਦੇ ਹਾਂ, ਖੁਲ੍ਹਮ ਖੁਲ੍ਹੀਆਂ ਫਿਰਨ ਵਾਲੀਆਂ ਤੇ ਆਜ਼ਾਦ ਖ਼ਿਆਲਾਂ ਦੀਆਂ ਇਸਤ੍ਰੀਆਂ ਤੇ ਕਈ ਤੋਹਮਤਾਂ ਲਾਈਆਂ ਜਾਂਦੀਆਂ ਹਨ, ਕਾਲਜਾਂ ਦੀਆਂ ਕੁੜੀਆਂ ਦੀ ਤਾਂ ਬੜੀ ਹੀ ਬਦਨਾਮੀ ਹੁੰਦੀ ਹੈ। ਇਹ

ਪਤਾ ਕਰਨਾ ਬੜਾ ਮੁਸ਼ਕਲ ਹੈ ਕਿ ਇਹਦੇ ਵਿਚ ਕਿੰਨਾ ਸੱਚ ਹੈ ਅਤੇ ਕਿੰਨਾ ਝੂਠ, ਕਿਉਂ ਕਿ ਐਸੀਆਂ ਅਫਵਾਹਾਂ ਦੇ ਬਾਨੀ ਬਹੁਤ ਐਸੇ ਹੀ ਹੁੰਦੇ ਹਨ, ਜੋ ਆਪਣੀ ਖ਼ਿਆਲੀ ਦੁਨੀਆਂ ਵਿਚ ਐਸਾ ਕੁਝ ਹੁੰਦਾ ਦੇਖਦੇ ਹਨ ਜਾਂ ਉਹਨਾਂ ਦੀ ਤੀਬਰ ਇਛਿਆ ਹੁੰਦੀ ਹੈ ਕਿ ਐਸਾ ਕੁਝ ਹੋਵੇ। ਇਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਮਨੋ ਕਲਪਿਤ ਹੀ ਹੁੰਦੀਆਂ ਹਨ। ਇਹ ਸੰਭਵ ਹੈ ਕਿ ਪਿੰਜਰੇ ਪਿਆ ਪੰਛੀ ਜੇ ਝਟ ਪਟ ਛੱਡ ਦਿੱਤਾ ਜਾਵੇ ਤਾਂ ਉਹ ਆਜ਼ਾਦੀ ਦੇ ਜੋਸ਼ ਵਿਚ ਆਪਣਾ ਮੂੰਹ ਕੰਧ ਨਾਲ ਜਾਂ ਪਟਾਖ਼ੇ ਪਰ ਜ਼ਰੂਰੀ ਨਹੀਂ। ਲੋੜ ਇਸ ਗਲ ਦੀ ਹੈ ਕਿ ਅਸੀਂ ਆਪਣੀ ਸ਼ੱਕੀ ਤਬੀਅਤ ਛੱਡ ਦੇਈਏ ਤੇ ਲੜਕੀਆਂ ਦੇ ਬੰਦਨਾਂ ਨੂੰ ਖੋਹਲੀਏ। ਅਸੀਂ ਜਿਤਨਾ ਉਹਨਾਂ ਨੂੰ ਦਬਾ ਕੇ ਤੇ ਬੰਨ੍ਹ ਕੇ ਰੱਖਣ ਦੀ ਕੋਸ਼ਿਸ਼ ਕਰਾਂਗੇ, ਉਹ ਉਤਨਾ ਹੀ ਹੋਰ ਬਾਗੀ ਹੋਣਗੀਆਂ ਤੇ ਸਾਡੇ ਹਥੋਂ ਨਿਕਲ ਜਾਣਗੀਆਂ। ਅਜ ਕਲ ਦੀਆਂ ਲੜਕੀਆਂ ਇਹ ਚੰਗੀ ਤਰ੍ਹਾਂ ਸਮਝਦੀਆਂ ਹਨ ਕਿ ਉਹਨਾਂ ਦੇ ਮਾਪਿਆਂ ਨੂੰ ਹਰ ਵੇਲੇ ਉਹਨਾਂ ਤੇ ਸ਼ੱਕ ਰਹਿੰਦਾ ਹੈ ਤੇ ਉਹ ਜ਼ਰਾ ਜਿੰਨਾ ਵੀ ਉਹਨਾਂ ਤੇ ਇਤਬਾਰ ਨਹੀਂ ਕਰਦੇ। ਇਹ ਉਨ੍ਹਾਂ ਦੇ ਸੈ-ਸਤਿਕਾਰ ਤੇ ਇਕ ਬੜੀ ਭਾਰੀ ਸੱਟ ਹੈ ਤੇ ਸਿਆਣੀਆਂ ਤੇ ਸਮਝਦਾਰ ਕੁੜੀਆਂ ਇਸ ਨੂੰ ਬੜਾ ਬੁਰਾ ਮਨਾਂਦੀਆਂ ਹਨ। ਐਸੀ ਹਾਲਤ ਵਿਚ ਹਰ ਕੋਈ ਇਸੇ ਤਰ੍ਹਾਂ ਮਹਿਸੂਸ ਕਰਦਾ ਹੈ। ਇਸ ਦਾ ਅਸਰ ਇਸਤ੍ਰੀ ਜਾਤੀ ਦੀ ਦਿਨੋ ਦਿਨ ਵਧ ਰਹੀ ਬੇਚੈਨੀ ਹੈ। ਜੇ ਅਸਾਂ ਉਹਨਾਂ ਦੇ ਖ਼ਿਆਲਾਂ ਤੇ ਭਾਵਾਂ ਦੀ ਕਦਰ ਨਾ ਕੀਤੀ ਤਾਂ ਸੰਭਵ ਹੈ ਕਿ ਇਸਤ੍ਰੀਆਂ ਗ਼ਲਤ ਰਸਤੇ ਤੁਰ ਪੈਣ, ਜਿਸ ਤਰ੍ਹਾਂ ਕਿ ਅਜ ਕਲ ਕਈ ਕਰ ਰਹੀਆਂ ਹਨ। ਸਾਡੇ ਅਯੋਗ ਬੰਦਨਾਂ ਤੋਂ ਤੰਗ ਆਈਆਂ ਇਸਤ੍ਰੀਆਂ ਆਪਣੀ ਸਭਿਅਤਾ ਤੇ ਆਦਰਸ਼ਾਂ ਨੂੰ ਛੱਡ ਕੇ ਪੱਛਮੀ ਸਭਿਅਤਾ ਦੀਆਂ ਪੁਜਾਰਨਾਂ ਬਣਦੀਆਂ ਜਾਂਦੀਆਂ ਹਨ। ਜਾਂ ਸਾਰੀਆਂ

ਭਾਈਚਾਰਕ ਬੇੜੀਆਂ ਨੂੰ ਲਾਹ ਕੇ ਪਰੇ ਸੁਟ ਰਹੀਆਂ ਹਨ ਤੇ ਬੜੀਰ ਸੋਚੇ ਸਮਝੇ ਆਜ਼ਾਦੀ ਨੂੰ ਗ਼ਲਤ ਤਰੀਕਿਆਂ ਨਾਲ ਵਰਤ ਕੇ ਭਾਈਚਾਰੇ ਲਈ ਦੁਖਦਾਈ ਹੋ ਰਹੀਆਂ ਹਨ। ਇਸਦਾ ਇਲਾਜ ਇਹ ਹੈ ਕਿ ਅਸੀਂ ਇਸਤ੍ਰੀਆਂ ਨੂੰ 'ਵਿਸ਼ਿਆਂ ਦੀ ਖਾਣ' ਨਾ ਸਮਝੀਏ ਤੇ ਉਹਨਾਂ ਸੰਬੰਧੀ ਆਪਣੇ ਖ਼ਿਆਲ ਬਦਲ ਦੇਈਏ। ਜਦ ਅਸੀਂ ਆਪਣਾ ਇਹ ਵਤੀਰਾ ਛੱਡ ਦਿਆਂਗੇ ਤਾਂ ਅਸੀਂ ਅਨੁਭਵ ਕਰਾਂਗੇ ਕਿ ਇਸਤ੍ਰੀ ਕਿਨ੍ਹਾਂ ਗੁਣਾਂ ਦੀ ਮਾਲਕ ਹੋ ਸਕਦੀ ਹੈ। ਇਹ ਠੀਕ ਹੈ ਕਿ ਕੱਲੀ ਦੁਕੱਲੀ ਇਸਤ੍ਰੀ ਆਪਣਾ ਆਪ ਨਹੀਂ ਸੰਭਾਲ ਸਕਦੀ, 'ਇਖ਼ਲਾਕ' ਇਤਨਾ ਗਿਰ ਚੁਕਾ ਹੈ ਕਿ ਇਸਤ੍ਰੀਆਂ ਦਾ ਖੁਲ੍ਹਿਆਂ ਫਿਰਨਾ ਬੜਾ ਹੀ ਖ਼ਤਰਨਾਕ ਹੈ ਤੇ ਬੁਰੇ ਆਦਮੀਆਂ ਨੂੰ ਸ਼ਹਿ ਦੇਣ ਵਾਲੀ ਗੱਲ ਹੈ, ਪਰ ਸਾਡਾ 'ਇਖ਼ਲਾਕ' ਤਦ ਤਕ ਨਹੀਂ ਸੁਧਰੇਗਾ, ਜਦ ਤਕ ਕਿ ਇਸਤ੍ਰੀਆਂ ਆਪ ਬੁਰਿਆਂ ਨੂੰ ਸਿੱਧਾ ਨਾ ਕਰਨਗੀਆਂ। ਜੇ ਅਸੀਂ ਇਸਤ੍ਰੀਆਂ ਨੂੰ ਆਪਣਿਆਂ ਪੈਰਾਂ ਤੇ ਖਲੋਣ ਹੀ ਨਾ ਦਿਤਾ ਤਾਂ ਉਹਨਾਂ ਖਲੋਣ ਜੋਗਾ ਕਿੱਥੇ ਹੋਣਾ ਹੈ ? ਜੇ ਉਨ੍ਹਾਂ ਦਾ ਬੰਦ ਰਹਿਣਾ ਹੀ ਅਸੀਂ ਚੰਗਾ ਸਮਝੀਏ ਤਾਂ ਉਹਨਾਂ ਇਕੱਲਿਆਂ ਬਾਹਰ ਨਿਕਲਣ ਤੋਂ ਆਪੇ ਘਬਰਾਣਾ ਹੋਇਆ ਤੇ 'ਬੁਰੀ ਨੀਅਤ' ਵਾਲਿਆਂ ਆਪੇ ਹਰ ਵੇਲੇ ਇਸੇ ਤਾੜ ਵਿਚ ਰਹਿਣਾ ਹੋਇਆ। ਜੇ ਇਸਤ੍ਰੀ ਦਾ ਆਜ਼ਾਦ ਤੇ ਖੁਲ੍ਹਾ ਫਿਰਨਾ ਇਕ ਆਮ ਗੱਲ ਹੋ ਜਾਏ ਤਾਂ ਕਿਸੇ ਦਾ ਉਨ੍ਹਾਂ ਨੂੰ ਕੁਝ ਕਹਿਣ ਦਾ ਹੀਆ ਹੀ ਨਾ ਪਏ। ਜੇ ਇਸਤ੍ਰੀ ਦਲੇਰ ਤੇ ਅਨਝੱਕ ਹੋਏ ਤਾਂ ਕੋਈ ਉਸਦੇ ਸਾਹਮਣੇ ਅੱਖ ਨਹੀਂ ਉੱਚੀ ਕਰ ਸਕਦਾ। ਅਸਾਂ ਇਸਤ੍ਰੀਆਂ ਨੂੰ ਕਮਜ਼ੋਰ ਕਹਿ ਕਹਿ ਕੇ ਤੇ ਸਮਝ ਸਮਝ ਕੇ ਇਤਨਾ ਕਮਜ਼ੋਰ ਬਣਾ ਛਡਿਆ ਹੈ ਕਿ ਹੁਣ ਉਹ ਬਿਲਕੁਲ ਨਿਤਾਣੀਆਂ ਹੋ ਗਈਆਂ ਹਨ। ਕਈ ਐਸੀਆਂ ਦਲੇਰ ਲੜਕੀਆਂ ਵੀ

ਹਨ ਕਿ ਜਿਨ੍ਹਾਂ ਨੂੰ ਇਕ ਵਾਰੀ ਕਿਸੇ ਮੁੰਡੇ ਨੇ ਕੁਝ ਕਿਹਾ ਤਾਂ ਉਸ ਨੂੰ ਅਗੋਂ ਸੁਣਾ ਕੇ ਜਾਂ ਜੁਤੀਆਂ ਮਾਰ ਕੇ ਐਸਾ ਸਿੱਧਾ ਕੀਤਾ ਕਿ ਮੁੜ ਉਹ ਮੁੰਡਾ ਕਦੀ ਕੁਸਕਿਆ ਤਕ ਨਹੀਂ। ਜੇ ਅਸੀਂ ਸਿੱਧੇ ਹੋਵਾਂਗੇ ਤਾਂ ਇਸੇ ਤਰ੍ਹਾਂ, ਇਸਤ੍ਰੀਆਂ ਆਪਣਾ ਇਲਾਜ ਆਪ ਹੀ ਹਨ।

ਘਰਾਂ ਵਿਚ ਵੀ ਸਾਨੂੰ ਆਪਣਾ ਵਤੀਰਾ ਬਦਲਣਾ ਪਵੇਗਾ। ਜਿੰਨਾ ਅਸੀਂ ਆਪਣੇ ਧੀਆਂ ਪੁਤਰਾਂ ਤੇ ਘਟ ਸ਼ਕ ਕਰਾਂਗੇ, ਉਤਨਾ ਹੀ ਉਨ੍ਹਾਂ ਦਾ ਆਚਰਨ ਉੱਚਾ ਹੋਵੇਗਾ। ਜਵਾਨ ਧੀਆਂ ਪੁਤਰ ਸੁਭਾਵਕ ਹੀ ਬੁਰੇ ਖ਼ਿਆਲਾਂ ਦੇ ਨਹੀਂ ਹੁੰਦੇ, ਭਾਈਚਾਰਕ ਹਾਲਤਾਂ ਉਨ੍ਹਾਂ ਨੂੰ ਭਾਵੇਂ ਐਸਾ ਬਣਾ ਦੇਣ। ਅਸੀਂ ਉਹਨਾਂ ਤੇ ਜਿਤਨਾ ਵੀ ਜ਼ਿਆਦਾ ਦਬਾ ਰਖਾਂਗੇ ਉਹ ਉਤਨੇ ਹੀ 'ਖ਼ਰਾਬ' ਹੋਣਗੇ। ਜੇ ਅਸੀਂ ਉਨ੍ਹਾਂ ਦੇ ਖ਼ਿਆਲਾਂ ਤੇ ਭਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਪਤਾ ਲਗੇਗਾ ਕਿ ਜਵਾਨੀ ਵਿਚ 'ਵਿਸ਼ਿਆਂ' ਤੋਂ ਬਿਨਾਂ ਹੋਰ ਵੀ ਬਥੇਰਾ ਕੁਝ ਸੁਝ ਸਕਦਾ ਹੈ। ਬਚਪਨ ਤੋਂ ਲੰਘਦਿਆਂ ਸਾਰ ਹੀ ਜਵਾਨ ਮੁੰਡੇ ਤੇ ਕੁੜੀਆਂ 'ਵਿਸ਼ੇ' ਦੀ ਦੁਨੀਆਂ ਵਿਚ ਨਹੀਂ ਜਾ ਵਸਦੇ। ਜੇ ਛੋਟੇ ਹੁੰਦਿਆਂ ਤੋਂ ਹੀ ਅਸੀਂ ਉਨ੍ਹਾਂ ਨੂੰ ਚੰਗੀ ਸਿਖਿਆ ਦਿਆਂਗੇ ਤਾਂ ਕੋਈ ਕਾਰਨ ਨਹੀਂ ਕਿ ਉਹ ਵਿਗੜ ਜਾਣ। ਜੇ ਉਨ੍ਹਾਂ ਦਾ ਆਲਾ ਦੁਆਲਾ ਪਵਿੱਤਰ ਹੈ ਤਾਂ ਉਹ ਕਦੇ ਭੈੜੇ ਨਹੀਂ ਹੋ ਸਕਦੇ। ਜੇ ਉਨ੍ਹਾਂ ਦਾ ਵਾਹ ਛੋਟੇ ਹੁੰਦਿਆਂ ਤੋਂ ਹੀ ਚੰਗੇ ਮਨੁਖਾਂ ਤੇ ਚੰਗੀ ਗੁਣਾਂ ਨਾਲ ਪੈਂਦਾ ਰਿਹਾ ਹੈ ਤਾਂ ਉਨ੍ਹਾਂ ਨੂੰ ਕਦੇ ਭੈੜੀਆਂ ਆਦਤਾਂ ਨਹੀਂ ਪੈ ਸਕਦੀਆਂ। ਘਰਾਂ ਵਿਚ ਜੇ ਅਸੀਂ ਇਨ੍ਹਾਂ ਨੂੰ ਭਰਾਵਾਂ ਤੇ ਹੋਰ ਸਜਣਾਂ ਮਿਤਰਾਂ ਨਾਲ ਖੁਲ੍ਹੀ-ਗੱਲ ਬਾਤ ਕਰਨ ਦੀ ਤੇ ਖ਼ਿਆਲਾਂ ਦਾ ਵਟਾਂਦਰਾ ਕਰਨ ਦੀ ਆਗਿਆ ਦਿਆਂਗੇ ਤਾਂ ਉਨ੍ਹਾਂ ਦੇ ਦਿਲ ਵਿਚ ਹੋਰਨਾਂ ਨਾਲ ਚੋਰੀ ਛੱਪੀ ਇਹ ਖ਼ਾਹਿਸ਼ ਪੂਰੀ ਕਰਨ ਦੀ ਇੱਛਿਆ ਨਾ ਰਹੇਗੀ ਤੇ ਉਨ੍ਹਾਂ ਨੂੰ ਚੰਗੇ ਮੰਦੇ ਦੀ ਸੋਝੀ ਹੋ ਜਾਏਗੀ।

ਘਰਾਂ ਵਿਚ ਅਸਾਂ ਇਹ ਕਰੜੇ ਨਿਯਮ ਰਖੇ ਹੋਏ ਹਨ ਪਰ ਕਈ ਹਾਲਾਤ ਤੋਂ ਤੰਗ ਆ ਕੇ ਆਪਣੀਆਂ ਲੜਕੀਆਂ ਨੂੰ ਪੜ੍ਹਾ ਰਹੇ ਹਨ। ਐਸੀਆਂ ਲੜਕੀਆਂ ਨੂੰ, ਜੋ ਸਕੂਲਾਂ ਜਾਂ ਕਾਲਜਾਂ ਵਿਚ ਪੜ੍ਹਦੀਆਂ ਹਨ, ਤੇ ਜਿਨ੍ਹਾਂ ਨੂੰ ਘਰਾਂ ਵਿਚ ਅਜੇ ਉਨ੍ਹਾਂ ਅਯੋਗ ਬੰਦਸ਼ਾਂ ਦੇ ਹੇਠਾਂ ਰਹਿਣਾ ਪੈਂਦਾ ਹੈ, ਸਕੂਲਾਂ ਤੇ ਕਾਲਜਾਂ ਵਿਚ ਖੁਲ੍ਹ ਮਿਲ ਜਾਂਦੀ ਹੈ ਤੇ ਉਹ ਇਸ ਆਜ਼ਾਦੀ ਨੂੰ ਕਈ ਅਯੋਗ ਤਰੀਕਿਆਂ ਨਾਲ ਵਰਤਣ ਲਗ ਪੈਂਦੀਆਂ ਹਨ। ਜੇ ਉਨ੍ਹਾਂ ਨੂੰ ਘਰਾਂ ਵਿਚ ਹੀ ਯੋਗ ਆਜ਼ਾਦੀ ਦਿਤੀ ਜਾਏ ਤਾਂ ਉਹ ਐਸੇ ਮੌਕਿਆਂ ਦਾ ਅਯੋਗ ਫ਼ਾਇਦਾ ਨਾ ਉਠਾਣ। ਦਬਾ ਹੇਠ ਰਖਣਾ ਹਮੇਸ਼ਾ ਹਾਨੀਕਾਰਕ ਹੁੰਦਾ ਹੈ।

ਇਕ ਹੋਰ ਗਲ ਜੋ ਬਹੁਤ ਜ਼ਰੂਰੀ ਹੈ ਉਹ ਇਹ ਹੈ ਕਿ ਘਰਾਂ ਵਿਚ ਮਾਪਿਆਂ ਤੇ ਧੀਆਂ ਪੁਤਰਾਂ ਦੇ ਵਿਚਕਾਰ ਬੜੀ ਵਿਥ ਹੁੰਦੀ ਹੈ। ਮਾਪੇ ਬਹੁਤ ਸਾਰੀਆਂ ਜ਼ਰੂਰੀ ਗੱਲਾਂ ਸਬੰਧੀ ਆਪਣੇ ਧੀਆਂ ਪੁਤਰਾਂ ਨਾਲ ਖੁਲ੍ਹੀ ਗੱਲ ਬਾਤ ਨਹੀਂ ਕਰਦੇ। ਮਾਪਿਆਂ ਨੂੰ ਆਪਣੇ ਜਵਾਨ ਧੀਆਂ ਪੁਤਰਾਂ ਦੇ ਆਦਰਸ਼ਾਂ, ਖ਼ਿਆਲਾਂ ਤੇ ਭਾਵਾਂ ਦੀ ਕੋਈ ਸੋਝੀ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਬਾਬਤ ਕਦੇ ਆਪਸ ਵਿਚ ਕੋਈ ਗਲ ਨਹੀਂ ਹੋਈ। ਏਹੀ ਕਾਰਨ ਹੈ ਕਿ ਸਾਨੂੰ ਆਪਣੇ ਲੜਕਿਆਂ ਲੜਕੀਆਂ ਤੇ ਸਦਾ ਸ਼ੱਕ ਹੀ ਰਹਿੰਦਾ ਹੈ। ਜੇ ਅਸੀਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਵਾਕਫ਼ ਹੋਈਏ ਤਾਂ ਹੀ ਸਾਡੇ ਸ਼ੱਕ ਦੂਰ ਹੋ ਸਕਦੇ ਹਨ। ਇਹ ਤਦ ਹੀ ਹੋਵੇਗਾ ਜੇ ਮਾਪੇ ਤੇ ਧੀਆਂ ਪੁਤਰ ਆਪਸ ਵਿਚ ਖੁਲ੍ਹੇ ਦਿਲ ਨਾਲ ਆਪਣੇ ਖ਼ਿਆਲ ਪ੍ਰਗਟ ਕਰ ਸਕਣ ਤੇ ਖ਼ਿਆਲਾਂ ਦੇ ਮਤ ਭੇਦ ਨੂੰ ਸਹਾਰ ਸਕਣ।

ਵੇਲੇ ਸਿਰ ਸੰਭਲੋ !

ਮਰਦ ਤੇ ਇਸਤ੍ਰੀ ਨੂੰ ਅਸੀਂ ਦੋ ਵਖੋ ਵੱਖ ਕਸੌਟੀਆਂ ਤੇ ਪਰਖਦੇ ਹਾਂ। ਜੋ ਕਮਜ਼ੋਰੀਆਂ ਅਸੀਂ ਇਸਤ੍ਰੀਆਂ ਲਈ ਬੜਾ ਭਾਰੀ ਗੁਨਾਹ ਸਮਝਦੇ ਹਾਂ, ਮਰਦ ਵਿਚ ਓਹੋ ਕਮਜ਼ੋਰੀਆਂ ਦੇਖ ਕੇ ਅਸੀਂ ਚੁਪ ਕਰ ਰਹਿੰਦੇ ਹਾਂ। ਇਸਤ੍ਰੀ ਲਈ ਪਤੀ-ਬ੍ਰਤ ਹੋਣਾ ਬੜਾ ਜ਼ਰੂਰੀ ਸਮਝਿਆ ਜਾਂਦਾ ਹੈ ਪਰ ਪਤੀ ਲਈ 'ਇਸਤ੍ਰੀ-ਬ੍ਰਤ' ਜਾਂ ਹੋਰ ਕੋਈ ਐਸਾ ਗੁਣ ਸਾਡੇ ਭਾਈਚਾਰਕ ਕੋਸ਼ ਵਿਚ ਨਹੀਂ। ਸਾਡਾ ਇਖ਼ਲਾਕ ਵੀ ਅਜੀਬ ਹੈ, ਜਿਹੜੀ ਗੱਲ ਮਨੁਖ ਦੀ ਇਕ ਸ਼੍ਰੇਣੀ ਵਾਸਤੇ ਅਸੀਂ ਮਹਾਂ ਪਾਪ ਸਮਝਦੇ ਹਾਂ, ਦੂਜੀ ਸ਼੍ਰੇਣੀ ਵਾਸਤੇ ਜੇ ਉਹ ਗੁਣ ਨਹੀਂ ਤਾਂ ਅਉਗਣ ਵੀ ਅਸੀਂ ਨਹੀਂ ਸਮਝਦੇ। ਇਹ ਏਸੇ ਕਰਕੇ ਹੈ ਕਿਉਂਕਿ ਸਾਡੇ ਭਾਈਚਾਰਕ ਕਾਨੂੰਨ ਸਭ ਮਰਦਾਂ ਦੇ ਬਣੇ ਹੋਏ ਹਨ, ਇਸਤ੍ਰੀ ਦਾ ਇਨ੍ਹਾਂ ਵਿਚ ਕੋਈ ਹੱਥ ਨਹੀਂ। ਜੇ ਇਹ ਕਾਨੂੰਨ ਇਸਤ੍ਰੀਆਂ ਨੇ ਬਣਾਏ ਹੁੰਦੇ ਤਾਂ ਮਰਦਾਂ ਦੀ ਖੋਰੇ ਕੀ ਹਾਲਤ ਹੁੰਦੀ। ਪਰ ਅਜੇ ਵੀ ਜਦ ਕਿ ਅਸੀਂ ਜ਼ਮਾਨੇ ਦੇ ਵੇਗ ਨੂੰ ਚੰਗੀ ਤਰ੍ਹਾਂ ਅਨੁਭਵ ਕਰਦੇ ਹਾਂ ਆਪਣੀ ਜ਼ਿਦ ਤੇ ਅੜੇ ਹੋਏ ਹਾਂ। ਜਦ ਕਦੇ ਦੋ ਤਿੰਨ ਚੰਗੇ ਪੜ੍ਹੇ ਲਿਖੇ ਸਜਣਾਂ ਦੀ ਇਨ੍ਹਾਂ

ਗੱਲਾਂ ਤੇ ਚਰਚਾ ਹੋ ਪੈਂਦੀ ਹੈ ਤਾਂ ਉਨ੍ਹਾਂ ਵਿਚੋਂ ਇਕ ਦੋ ਜ਼ਰੂਰ ਇਹ ਕਹਿਣਗੇ ਕਿ ਸਾਡੀ ਭਾਈਚਾਰਕ ਪਰਨਾਲੀ ਬੜੀ ਨੇਕ ਹੈ ਕਿਉਂਕਿ ਮਰਦ ਤੇ ਇਸਤ੍ਰੀ ਇਕ ਦੂਸਰੇ ਦਾ ਹਥ ਵਟਾਂਦੇ ਹਨ, ਇਸਤ੍ਰੀ ਘਰ ਨੂੰ ਤੇ ਬੱਚਿਆਂ ਨੂੰ ਸੰਭਾਲਦੀ ਹੈ ਅਤੇ ਆਦਮੀ ਦੁਨੀਆਂ ਦੇ ਹੋਰ ਕੰਮ ਕਰਦਾ ਹੈ। ਇਹ ਕਹਿਣ ਨੂੰ ਤਾਂ ਸਭ ਠੀਕ ਹੈ ਪਰ ਕੀ ਇਹ ਸਭ ਕੁਝ ਅਸੀਂ ਰਾਜ਼ੀਨਾਮੇ ਨਾਲ ਕੀਤਾ ਹੈ ਕਿ ਮਰਦ ਨੇ ਜ਼ੋਰੀ ਇਹ ਕੁਝ ਇਸਤ੍ਰੀ ਦੇ ਗਲ ਮੜ੍ਹਿਆ ਹੈ ? ਜੇ ਅਸੀਂ ਮਨੁਖੀ ਵਿਆਹ ਦਾ ਇਤਿਹਾਸ ਪੜ੍ਹੀਏ ਤਾਂ ਸਾਡੀਆਂ ਅੱਖਾਂ ਖੁਲ੍ਹ ਜਾਣਗੀਆਂ ਕਿ ਕਿਸ ਤਰ੍ਹਾਂ ਜਦ ਦੀ ਦੁਨੀਆਂ ਬਣੀ ਹੈ, ਮਰਦ ਹਮੇਸ਼ਾਂ ਇਸਤ੍ਰੀ ਤੇ ਜ਼ੁਲਮ ਤੇ ਅਤਿਆਚਾਰ ਕਰਦਾ ਆਇਆ ਹੈ, ਮਰਦ ਨੇ ਇਸਤ੍ਰੀ ਨੂੰ ਸਦਾ ਆਪਣੇ ਦਬਾ ਹੱਲੇ ਹੀ ਰਖਿਆ ਹੈ। ਪਿਛਲੀ ਇਕ ਅਧ ਸਦੀ ਤੋਂ ਹੀ ਅਸੀਂ ਵੇਖਦੇ ਹਾਂ ਕਿ ਇਸਤ੍ਰੀ ਨੇ ਆਪਣੀ ਹਾਲਤ ਕੁਝ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ ਪਰ ਮਰਦ ਹਮੇਸ਼ਾ ਹੀ ਉਨ੍ਹਾਂ ਦੀ ਆਜ਼ਾਦੀ ਦੀ ਵਿਰੋਧਤਾ ਕਰਦੇ ਆਏ ਹਨ ਕਿਉਂਕਿ ਆਪਣੀ ਹਕੂਮਤ ਛਡਣੀ ਕੋਈ ਵੀ ਪਸੰਦ ਨਹੀਂ ਕਰਦਾ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਮਰਦ ਇਹੋ ਹੀ ਕਿਹਾ ਕਰਦੇ ਹਨ ਕਿ ਮਰਦ ਤੇ ਇਸਤ੍ਰੀ ਇਕ ਦੂਸਰੇ ਦਾ ਹਥ ਵਟਾਂਦੇ ਹਨ। ਜੇ ਕਦੇ ਅਸੀਂ ਕਿਸੇ ਇਸਤ੍ਰੀ ਨੂੰ ਇਨ੍ਹਾਂ ਗਲਾਂ ਸਬੰਧੀ ਪੁਛੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਉਹ ਕੀ ਮਹਿਸੂਸ ਕਰਦੀਆਂ ਹਨ। ਪਰ ਮਰਦਾਂ ਲਈ ਹਮੇਸ਼ਾ ਹੀ ਇਕ ਗੋਰਖ-ਧੰਦਾ ਰਿਹਾ ਹੈ। ਕਈ ਸਿਆਣਿਆਂ ਨੇ ਇਸਤ੍ਰੀ ਦੇ ਦਿਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਦਿਲ ਅਜੇ ਵੀ ਇਕ ਗੁੰਝਲ ਹੀ ਹੈ। ਮਰਦ ਸੌ ਕਿਆਫ਼ੇ ਪਏ ਲਾਣ, ਪਰ ਇਸਤ੍ਰੀ ਇਕ ਅਥਾਹ ਸਾਗਰ ਹੈ ਜਿਸ ਦਾ ਅੰਤ ਕਿਸੇ ਨਹੀਂ ਪਾਇਆ।

ਅਸਲ ਵਿਚ ਇਸਤ੍ਰੀਆਂ ਨਾਲ ਸਾਡਾ ਵਾਹ ਵੀ ਤੇ ਕੋਈ ਨਹੀਂ ਪੈਂਦਾ, ਸਾਨੂੰ ਉਨ੍ਹਾਂ ਦੇ ਖ਼ਿਆਲਾਂ ਦੀ ਤੇ ਭਾਵਾਂ ਦੀ ਸੋਝੀ ਕਿਵਾਂ ਹੋਵੇ। ਸਾਡੇ ਇਸਤ੍ਰੀਆਂ ਨਾਲ ਮਾਂ ਪੁਤਰ ਦੇ, ਭੈਣ ਭਰਾ ਦੇ, ਪਤੀ ਪਤਨੀ ਦੇ, ਜਾਂ ਹੋਰ ਰਿਸ਼ਤੇਦਾਰੀ ਦੇ ਸਬੰਧ ਹੁੰਦੇ ਹਨ ਤੇ ਐਸੇ ਸੰਬੰਧਾਂ ਵਿਚ ਇਸਤ੍ਰੀ ਦੇ ਦਿਲ ਦੀ ਸੋਝੀ ਨਹੀਂ ਹੋ ਸਕਦੀ। ਮਾਂ ਪੁਤਰ ਲਈ ਤਾਂ ਇਕ ਦੂਜੇ ਦੇ ਡੂੰਘੇ ਭਾਵਾਂ ਤਕ ਪਹੁੰਚਣਾ ਬਿਲਕੁਲ ਹੀ ਅਸੰਭਵ ਹੈ, ਪਤੀ ਪਤਨੀ ਦਾ ਤਾਂ ਕਹਿਣਾ ਹੀ ਕੀ, ਪਤਨੀ ਦੀ ਪ੍ਰਾਧੀਨਤਾ ਉਸ ਨੂੰ ਆਪਣਾ ਆਪ ਪ੍ਰਗਟ ਕਰਨੋਂ ਰੋਕਦੀ ਹੈ, ਨਹੀਂ ਤਾਂ ਮਰਦ ਤੇ ਇਸਤ੍ਰੀ ਦੇ ਜਿਤਨੇ ਗੂੜ੍ਹੇ ਸੰਬੰਧ ਇਸ ਰਿਸ਼ਤੇ ਵਿਚ ਹੁੰਦੇ ਹਨ ਹੋਰ ਕਿਸੇ ਰਿਸ਼ਤੇ ਵਿਚ ਨਹੀਂ ਹੋ ਸਕਦੇ ਪਰ ਫੇਰ ਵੀ ਇਸ ਨੂੰ ਦੂਸਰੇ ਦੇ ਅੰਤ੍ਰੀਵ ਭਾਵਾਂ ਦਾ ਨਹੀਂ ਪਤਾ ਹੁੰਦਾ। ਭੈਣਾਂ ਭਰਾਵਾਂ ਵਿਚ ਤਾਂ ਨੀਚ ਉਚ ਦਾ ਖ਼ਿਆਲ ਇਕ ਦੂਸਰੇ ਨੂੰ ਨਖੇੜੀ ਰਖਦਾ ਹੈ ਤੇ ਇਹ ਵਿਤਕਰਾ ਹਮੇਸ਼ਾ ਲਈ ਭੈਣਾਂ ਭਰਾਵਾਂ ਨੂੰ ਦਿਲੋਂ ਵੀ ਨਖੇੜੀ ਰਖਦਾ ਹੈ। ਰਿਸ਼ਤੇਦਾਰੀਆਂ ਵਿਚ ਤਾਂ ਐਸੀਆਂ ਗੱਲਾਂ ਦੀ ਸੋਝੀ ਹੋਣੀ ਹੀ ਅਸੰਭਵ ਹੈ। ਸੋ ਇਸਤ੍ਰੀ ਦੇ ਦਿਲ ਦੀ ਘੁੰਡੀ ਮਰਦ ਅਜ ਤਕ ਨਹੀਂ ਖੋਲ੍ਹ ਸਕੇ। ਅਸਲ ਵਿਚ ਅਸਾਂ ਇਸਤ੍ਰੀ ਨੂੰ 'ਕਾਮ ਦੀ ਦੇਵੀ' ਸਮਝ ਛਡਿਆ ਹੈ ਤੇ ਅਸੀਂ ਇਸਤ੍ਰੀ ਨੂੰ ਬਗ਼ੈਰ 'ਕਾਮ ਵਾਸ਼ਨਾ' ਤੋਂ ਅਨੁਭਵ ਹੀ ਨਹੀਂ ਕਰਦੇ ਜਾਂ ਇਉਂ ਕਹਿ ਲਉ ਕਿ ਮਰਦ ਦੀ ਕਾਮ ਵਾਸ਼ਨਾ ਇਤਨੀ ਜ਼ਬਰਦਸਤ ਹੈ ਕਿ ਉਹ ਇਸਤ੍ਰੀ ਨੂੰ ਹੋਰ ਕਿਸੇ ਰੂਪ ਵਿਚ ਦੇਖ ਨਹੀਂ ਸਕਦਾ। ਬਸ ਇਹੀ ਕਾਰਨ ਹੈ ਕਿ ਅਸੀਂ ਇਸਤ੍ਰੀ ਦੇ ਦਿਲ ਦੇ ਸਾਗਰ ਦੀ ਤਹਿ ਤਕ ਨਹੀਂ ਪਹੁੰਚ ਸਕਦੇ।

ਸਾਨੂੰ ਇਹ ਵਹਿਮ ਹੈ ਕਿ ਕੁੜੀ ਨੇ ਜਵਾਨੀ ਵਿਚ ਪੈਰ ਧਰਿਆ ਨਹੀਂ ਕਿ ਉਹ ਝਟ ਤਿਲਕੀ ਨਹੀਂ, ਇਸ ਲਈ ਜਾਂ ਤੇ ਅਸੀਂ ਉਸ

ਨੂੰ ਮਾਪਿਆਂ ਦੇ ਘਰ ਵਿਚ ਕੈਦ ਰਖਦੇ ਹਾਂ ਤੇ ਜਾਂ ਪਤੀ ਦੀ ਕੈਦ ਵਿਚ। ਇਸਤ੍ਰੀ ਸੁਭਾਵਕ ਹੀ ਬੁਰੀ ਨਹੀਂ ਹੁੰਦੀ, ਉਸ ਵਿਚ ਵੀ ਉਹ ਉਚੇ ਤੇ ਸੁੱਚੇ ਵਲਵਲੇ ਠਾਠਾਂ ਮਾਰਦੇ ਹਨ ਜਿਨ੍ਹਾਂ ਦਾ ਸਾਨੂੰ ਕਦੇ ਸੁਫ਼ਨਾ ਹੀ ਨਹੀਂ ਆਇਆ। ਪਰ ਨਹੀਂ ਸਾਨੂੰ ਐਸੇ ਮੌਕੇ ਨਹੀਂ ਮਿਲਦੇ, ਅਸੀਂ ਇਸਤ੍ਰੀ ਨੂੰ ਖ਼ਾਸ ਰਿਸ਼ਤੇ ਅਨੁਸਾਰ ਹੀ ਵੇਖਦੇ ਹਾਂ। ਅਸਾਂ ਇਸਤ੍ਰੀ ਨੂੰ ਕਦੇ ਨਿਰਾ ਇਸਤ੍ਰੀ ਦੀ ਨਜ਼ਰ ਨਾਲ ਨਹੀਂ ਵੇਖਿਆ। ਬਸ ਏਹੀ ਕਾਰਨ ਹੈ ਕਿ ਅਸੀਂ ਇਸਤ੍ਰੀ ਨੂੰ ਹਮੇਸ਼ਾ ਸ਼ਕ ਦੀ ਨਜ਼ਰ ਨਾਲ ਵੇਖਦੇ ਹਾਂ।

ਸਿਆਣੇ ਸਿਆਣੇ ਮਰਦ ਜਦ ਇਸਤ੍ਰੀਆਂ ਦੀ ਆਜ਼ਾਦੀ ਸਬੰਧੀ ਗਲ ਬਾਤ ਕਰਦੇ ਹਨ ਤਾਂ ਬੜੇ ਜੋਸ਼ ਨਾਲ ਇਹ ਖ਼ਿਆਲ ਪ੍ਰਗਟ ਕਰਦੇ ਹਨ ਕਿ ਇਸਤ੍ਰੀ ਦਾ ਮੈਦਾਨ ਘਰ ਹੀ ਹੈ ਪਰ ਜਦ ਕੋਈ ਅਜ ਕਲ ਦੀਆਂ ਪੜ੍ਹੀਆਂ ਹੋਈਆਂ ਕੁੜੀਆਂ ਜਾਂ ਵਲਾਇਤ ਦੀਆਂ ਕੁੜੀਆਂ ਦੇ ਕਾਰਨਾਮੇ ਸੁਣਦਾ ਹੈ ਤਾਂ ਬੜੇ ਸ਼ੌਕ ਨਾਲ ਤੇ ਖ਼ੁਸ਼ੀ ਨਾਲ ਸੁਣਦੇ ਹਨ। ਏਥੇ ਵੀ ਅਸੀਂ ਦੋ ਦਸਤੂਰ ਵਰਤਦੇ ਹਾਂ। ਆਪਣੀਆਂ ਇਸਤ੍ਰੀਆਂ ਨੂੰ ਤੇ ਅਸੀਂ ਆਪਣੇ ਖ਼ਿਆਲਾਂ ਅਨੁਸਾਰ ਪਰਖਦੇ ਹਾਂ ਪਰ ਦੂਜੀਆਂ ਨੂੰ ਉਨ੍ਹਾਂ ਦੇ ਖ਼ਿਆਲਾਂ ਅਨੁਸਾਰ। ਕਿੰਡੀ ਅਜੀਬ ਗੱਲ ਹੈ! ਅਸੀਂ ਇਹ ਨਹੀਂ ਚਾਹੁੰਦੇ ਕਿ ਸਾਡੀਆਂ ਇਸਤ੍ਰੀਆਂ ਸਾਡੇ ਹਥੋਂ ਨਿਕਲਣ ਪਰ ਦੂਜੀਆਂ ਦੀ ਉੱਨਤੀ ਦੇਖ ਕੇ ਅਸੀਂ ਉਨ੍ਹਾਂ ਦੀ ਉਸਤਤ ਕਰਦੇ ਹਾਂ।

ਮਰਦ ਦਾ ਕੀ ਹੱਕ ਹੈ ਕਿ ਇਸਤ੍ਰੀ ਲਈ ਕਾਨੂੰਨ ਬਣਾ ਕੇ ਰਖ ਦੇਵੇ ਕਿ ਇਸਤ੍ਰੀਆਂ ਐਉਂ ਕਰਨ ਤੇ ਐਉਂ ਨਾ ਕਰਨ? ਕਿੰਡੀ ਫ਼ਜ਼ੂਲ ਗਲ ਹੈ ਕਿ ਮਨੁਖ ਜਾਤੀ ਦੀ ਇਕ ਸ਼੍ਰੇਣੀ ਦੂਜੀ ਤੇ ਇਤਨੇ ਅਤਿਆਚਾਰ ਕਰ ਰਹੀ ਹੈ ਤੇ ਦੂਜੀ ਕੁਸਕ ਨਹੀਂ ਸਕਦੀ। ਜੇ ਜ਼ਰਾ ਕੂੰਦੀਆਂ ਹਨ ਤਾਂ ਮਰਦ ਕਹਿੰਦੇ ਹਨ, "ਚੁੱਪ ਕਰ, ਖ਼ਬਰਦਾਰ ਕੁਸਕੀਉਂ ਤੇ ਭੁੱਖਿਆਂ ਮਾਰ

ਦਿਉਂਗਾ'' ਫੇਰ ਅਸੀਂ ਕਹਿੰਦੇ ਹਾਂ ਕਿ ਮਰਦ ਇਸਤ੍ਰੀਆਂ ਇਕ ਦੂਜੇ ਦਾ ਹਥ ਵਟਾਂਦੇ ਹਨ। ਇਸਤ੍ਰੀਆਂ ਨੂੰ ਆਪਣਾ ਫ਼ੈਸਲਾ ਆਪ ਕਰਨ ਦਿਉ ਤੇ ਆਪਸ ਵਿਚ ਰਲ ਮਿਲ ਕੇ ਉਨ੍ਹਾਂ ਨੂੰ ਕੋਈ ਐਸੀ ਵਿਉਂਤ ਕਢਣ ਦਿਉ ਜਿਸ ਨਾਲ ਮਰਦ ਤੇ ਇਸਤ੍ਰੀ ਦੋਵੇਂ ਸੁਖੀ ਹੋਣ। ਜੇ ਅਸੀਂ ਆਪਣੀ ਢੀਠਤਾ ਤੇ ਅੜੇ ਰਹੇ ਤਾਂ ਕੋਈ ਦਿਨ ਆਵੇਗਾ ਕਿ ਜਿਸ ਤਰ੍ਹਾਂ ਹੁਣ ਤਕ ਮਰਦ ਨੇ ਇਸਤ੍ਰੀ ਨੂੰ ਆਪਣੇ ਪੰਜੇ ਵਿਚ ਰਖਿਆ ਹੈ, ਫੇਰ ਇਸਤ੍ਰੀ ਮਰਦ ਨੂੰ ਆਪਣੇ ਪੰਜੇ ਵਿਚ ਰਖੇਗੀ। ਇਸ ਦੇ ਨਿਸ਼ਾਨ ਹੁਣ ਹੀ ਨਜ਼ਰ ਪਏ ਆਉਂਦੇ ਹਨ। ਜੇ ਅਸੀਂ ਵੇਲੇ ਸਿਰ ਨਾ ਸੰਭਲੇ ਤਾਂ ਮਰਦਾਂ ਦਾ ਉਹ ਹੀ ਹਾਲ ਹੋਵੇਗਾ ਜੋ ਇਸਤ੍ਰੀਆਂ ਦਾ ਅਜ ਤਕ ਰਿਹਾ ਹੈ।

ਵਿਦਿਆ

ਅਜ ਕਲ ਇਸਤ੍ਰੀ ਵਿਦਿਆ ਦਾ ਆਮ ਪਰਚਾਰ ਹੋ ਰਿਹਾ ਹੈ ਤੇ
ਐਉਂ ਮਲੂਮ ਹੁੰਦਾ ਹੈ ਕਿ ਕੁਝ ਸਾਲਾਂ ਤਕ ਸਾਡੀਆਂ ਸਾਰੀਆਂ ਭੈਣਾਂ
ਪੜ੍ਹ ਜਾਣਗੀਆਂ ਤੇ ਕੁੜੀਆਂ ਲਈ ਵਿਦਿਆ ਪ੍ਰਾਪਤੀ ਉਤਨੀ ਹੀ
ਜ਼ਰੂਰੀ ਸਮਝੀ ਜਾਇਗੀ ਜਿਤਨਾਂ ਕਿ ਅਜ ਕਲ ਉਨ੍ਹਾਂ ਲਈ ਦਾਜ
ਸਮਝਿਆ ਜਾਂਦਾ ਹੈ। ਥਾਂ ਥਾਂ ਤੇ ਕੁੜੀਆਂ ਦੇ ਸਕੂਲ ਕਾਲਜ ਖੁਲ੍ਹ ਰਹੇ
ਹਨ, ਏਥੋਂ ਤਕ ਕਿ ਜਿਥੇ ਹੋਰ ਕੁਝ ਨਹੀਂ ਹੋ ਸਕਦਾ, ਉਥੇ ਕੁੜੀਆਂ
ਮੁੰਡਿਆਂ ਦੇ ਸਕੂਲਾਂ ਕਾਲਜਾਂ ਵਿਚ ਹੀ ਦਾਖ਼ਲ ਹੋ ਜਾਂਦੀਆਂ ਹਨ
ਕਈਆਂ ਕਾਲਜਾਂ ਵਿਚ ਥਾਂ ਨਾ ਹੋਣ ਕਰਕੇ ਦਾਖ਼ਲਾ ਬੰਦ ਕਰ ਦਿੱਤਾ
ਜਾਂਦਾ ਹੈ ਤੇ ਕੁੜੀਆਂ ਵਿਚਾਰੀਆਂ ਪਰਾਈਵੇਟ ਕਾਲਜਾਂ ਵਿਚ ਦਾਖ਼ਲ
ਹੁੰਦੀਆਂ ਹਨ। ਵਡੇ ਵਡੇ ਸ਼ਹਿਰਾਂ ਵਿਚ ਪਰਾਈਵੇਟ ਸਕੂਲਾਂ ਤੇ ਕਾਲਜਾਂ
ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ, ਖ਼ਾਸ ਕਰ ਕੇ ਕੁੜੀਆਂ ਦੇ
ਪਰਾਈਵੇਟ ਕਾਲਜਾਂ ਸਕੂਲਾਂ ਦੀ। ਇਸ ਤੋਂ ਛੁਟ ਪਰਾਈਵੇਟ ਇਮ
ਤਿਹਾਨ ਦੇਣ ਦਾ ਰਿਵਾਜ ਵੀ ਕੁੜੀਆਂ ਵਿਚ ਕਾਫੀ ਹੋ ਗਿਆ ਹੈ
ਘਰ ਮਾਸਟਰ ਜਾਂ ਉਸਤਾਦਨੀ ਲਗਾ ਕੇ ਹਿੰਦੀ ਜਾਂ ਪੰਜਾਬੀ ਦਾ ਕੋ

ਇਮਤਿਹਾਨ ਦੇ ਕੇ ਫੇਰ ਨਿਰੀ ਅੰਗਰੇਜ਼ੀ ਦੀ ਦਸਵੀਂ, ਐਫ. ਏ , ਜਾਂ ਬੀ. ਏ. ਪਾਸ ਕਰ ਲੈਂਦੀਆਂ ਹਨ।

ਕੁੜੀਆਂ ਵਿਚ ਦੋਂਹ ਤਰ੍ਹਾਂ ਦੀ ਪੜ੍ਹਾਈ ਦਿਨੋਂ ਦਿਨ ਵਾਧੇ ਤੇ ਹੈ, ਸ਼ਹਿਰਾਂ ਵਿਚ ਸਵੇਰੇ ਸਾਈਕਲਾਂ, ਬਸਾਂ ਤੇ ਜਾਂ ਪਾਲਾਂ ਦੀਆਂ ਪਾਲ੍ਹਾਂ ਪੈਦਲ ਹੀ ਸਕੂਲਾਂ ਕਾਲਜਾਂ ਵਲ ਜਾਂਦੀਆਂ ਦਿਸਦੀਆਂ ਹਨ। ਪਿੰਡਾਂ ਵਿਚ ਅਜੇ ਏਨਾਂ ਰਿਵਾਜ ਨਹੀਂ ਪਿਆ ਪਰ ਵਡੇ ਵਡੇ ਪਿੰਡਾਂ ਵਿਚ ਵੀ ਕੁੜੀਆਂ ਦੇ ਸਕੂਲ ਖੁਲ੍ਹ ਗਏ ਹਨ। ਛੋਟੇ ਪਿੰਡਾਂ ਵਿਚ ਕੁੜੀਆਂ ਗੁਰਦਵਾਰਿਆਂ ਮੰਦਰਾਂ ਤੇ ਮਸੀਤਾਂ ਵਿਚ ਹੀ ਪੜ੍ਹ ਆਉਂਦੀਆਂ ਹਨ। ਗਲ ਕੀ ਇਸਤ੍ਰੀ ਵਿਦਿਆ ਦਾ ਕਾਫ਼ੀ ਪਰਚਾਰ ਹੋ ਰਿਹਾ ਹੈ। ਤੇ ਸਾਨੂੰ ਆਸ ਰਖਣੀ ਚਾਹੀਦੀ ਹੈ ਕਿ ਕੁਝ ਸਾਲਾਂ ਨੂੰ ਮਰਦਾਂ ਦੀ ਥਾਵੇਂ ਸਭ ਇਸਤ੍ਰੀਆਂ ਨੌਕਰੀਆਂ ਕਰਦੀਆਂ ਦਿਸਣਗੀਆਂ। ਜਿਹੜੀਆਂ ਘਰ ਬਹਿਣਗੀਆਂ ਉਹ ਸਿਆਣੀਆਂ ਮਾਵਾਂ, ਸੁਚੱਜੀਆਂ ਵਹੁਟੀਆਂ ਤੇ ਸੁਘੜ ਭੈਣਾਂ ਹੋਣਗੀਆਂ, ਜਿਹੜੀਆਂ ਦੇਸ ਤੇ ਸੰਸਾਰ ਦੇ ਰਾਜਸੀ, ਧਾਰਮਕ ਜਾਂ ਹੋਰ ਕਿਸੇ ਮੈਦਾਨ ਵਿਚ ਹਿੱਸਾ ਲੈਣਗੀਆਂ ਉਹ ਆਪਣੇ ਚਮਤਕਾਰ ਉਥੇ ਦਿਖਾਣਗੀਆਂ ਤੇ ਜਿਹੜੀਆਂ ਸਾਹਿਤ ਦੀ ਸੇਵਾ ਕਰਨਗੀਆਂ ਉਨ੍ਹਾਂ ਦੀ ਲੇਖਣੀ ਆਪਣੇ ਜੌਹਰ ਦਿਖਾਇਗੀ। ਅਰਥਾਤ ਇਸਤ੍ਰੀਆਂ ਸੰਸਾਰ ਦੇ ਹਰ ਮੈਦਾਨ ਵਿਚ ਆਪਣਾ ਆਪ ਉਸੇ ਤਰ੍ਹਾਂ ਦਿਖਾਣਗੀਆਂ ਜਿਸ ਤਰ੍ਹਾਂ ਕਿ ਆਦਮੀ ਅਜ ਤਕ ਦਿਖਾਂਦੇ ਰਹੇ ਹਨ। ਪਰ ਇਹ ਉਮੈਦਾਂ ਅਸੀਂ ਤਾਂ ਬੰਨ੍ਹ ਸਕਦੇ ਹਾਂ ਜੇ ਸਾਡੀ ਵਰਤਮਾਨ ਇਸਤ੍ਰੀ-ਵਿਦਿਆ ਠੀਕ ਰਸਤੇ ਤੇ ਜਾ ਰਹੀ ਹੋਵੇ ਤੇ ਇਸ ਵਿਚ ਊਣ. ਤਾਈਆਂ ਕੋਈ ਨਾ ਹੋਣ।

ਇਸਤ੍ਰੀ ਵਿਦਿਆ ਵੀ ਸਾਡੇ ਵਿਚ ਅਜਬ ਤਰੀਕੇ ਨਾਲ ਸ਼ੁਰੂ ਹੋਈ ਹੈ। ਜੇ ਅਸੀਂ ਕੁੜੀਆਂ ਨੂੰ ਪੜ੍ਹਾਂਦੇ ਹਾਂ ਤਾਂ ਏਸ ਲਈ ਨਹੀਂ ਕਿ ਅਸੀਂ

ਉਨ੍ਹਾਂ ਲਈ ਵਿਦਿਆ ਪ੍ਰਾਪਤੀ ਉਤਨੀ ਹੀ ਜ਼ਰੂਰੀ ਸਮਝਦੇ ਹਾਂ ਜਿਤਨੀ ਕਿ ਮੁੰਡਿਆਂ ਲਈ। ਅਸੀਂ ਤਾਂ ਕਹਿੰਦੇ ਹੁੰਦੇ ਸਾਂ "ਹੋਖਾਂ, ਕੁੜੀਆਂ ਪੜ੍ਹ ਕੇ ਕੋਈ ਨੌਕਰੀ ਕਰਨੀ ਹੈ!" ਅਜ ਕਲ ਮਾਪੇ ਜੇ ਕੁੜੀਆਂ ਨੂੰ ਪੜ੍ਹਾ ਰਹੇ ਹਨ ਤਾਂ ਕੇਵਲ ਏਸ ਲਈ ਕਿ ਮਤੇ ਉਨ੍ਹਾਂ ਦਾ ਸਾਕ ਕਿਧਰੇ ਨਾ ਹੋ ਸਕੇ। ਅਜ ਕਲ ਦੇ ਮੁੰਡੇ ਜਹੇ 'ਭੈੜੇ' ਹੋ ਗਏ ਹਨ ਕਿ ਪੜ੍ਹੀਆਂ ਹੋਈਆਂ ਕੁੜੀਆਂ ਮੰਗਦੇ ਹਨ। ਮਾਪੇ ਵਿਚਾਰੇ ਕੀ ਕਰਨ, ਪਏ ਝੁਰਦੇ ਰਹਿੰਦੇ ਹਨ। ਜ਼ਮਾਨਾ ਜਿਹਾ 'ਭੈੜਾ' ਆ ਗਿਆ ਹੈ ਕਿਧਰੇ ਕਿਸੇ ਮੁੰਡੇ ਨੂੰ ਸਾਕ ਵਾਸਤੇ ਆਖੋ ਜਾਂ ਅਖਵਾਉ ਤਾਂ ਪਹਿਲੀ ਗੱਲ ਉਹ ਇਹ ਪੁਛਦਾ ਹੈ ਕਿ ਕੁੜੀ ਕਿੰਨਾਂ ਕੁ ਪੜ੍ਹੀ ਹੋਈ ਹੈ। ਮਾਪੇ ਆਪਣੀ ਇੱਜ਼ਤ ਤੋਂ ਡਰਦਿਆਂ ਜਿਸ ਤਰ੍ਹਾਂ ਹੁੰਦਾ ਹੈ ਕੁੜੀਆਂ ਨੂੰ ਪੜ੍ਹਾਂਦੇ ਹਨ, ਭਲਕੇ ਲੋਕੀ ਕੀ ਆਖਣਗੇ ਕਿ ਕੋਠੇ ਜਿੱਡੀ ਧੀ ਹੋ ਗਈ ਸੂ, ਅਜੇ ਕਿਧਰੇ ਮੰਗੀ ਨਹੀਂ ਨੇ, ਲੋਕ ਸੌ ਗਲਾਂ ਕਰਦੇ ਨੇ। ਮਾਂ ਸੁਖ ਦੀ ਨੀਂਦਰ ਨਹੀਂ ਸੌਂ ਸਕਦੀ ਜਦ ਤਕ ਉਹਦੀ ਧੀ ਦਾ ਕਿਧਰੇ ਸਾਕ ਨਾ ਹੋ ਜਾਏ। ਜੇ ਜ਼ਰਾ ਕੁ ਭੀ ਵਡੇਰੀ ਹੋ ਜਾਏ ਤਾਂ ਦਿਨੇ ਰਾਤ ਉਹਦੇ ਵਿਆਹ ਦੀ ਚਿੰਤਾ ਤੇ ਗ਼ਮ, ਨਾ ਖਾਣ ਦਾ ਸੁਖ, ਨਾ ਪੈਂਡਾਣ ਦਾ ਸੁਖ। ਜਦ ਤਕ ਕੋਈ 'ਮੁੰਡਾ' ਲਭ ਨਾ ਪਏ, ਮਾਂ ਨੂੰ ਚੈਨ ਨਹੀਂ ਆਉਂਦਾ। ਮੁੰਡੇ ਲੱਭਣੇ ਵੀ ਅਜ ਕਲ ਕਿਹੜੇ ਸੌਖੇ ਨੇ। ਬਸ ਸਾਨੂੰ ਇਹ ਗੱਲਾਂ ਮਾਰਦੀਆਂ ਨੇ ਤੇ ਜੇ ਕੁੜੀਆਂ ਨੂੰ ਅਸੀਂ ਪੜ੍ਹਾਂਦੇ ਵੀ ਹਾਂ ਤਾਂ ਇਸ ਲਈ ਕਿ ਕੁੜੀ ਕਿਧਰੇ ਮੰਗੀ ਜਾਏ। ਜਾਂ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਕੁੜੀ ਦਾ ਸਾਕ ਪਹਿਲੋਂ ਕਿਧਰੇ ਹੋ ਚੁਕਾ ਹੋਇਆ ਹੋਵੇ ਤੇ ਜੋ 'ਮੁੰਡਾ' ਕਿਸੇ ਚੰਗੀ ਨੌਕਰੀ ਤੇ ਲਗ ਜਾਏ ਜਾਂ ਕਾਫ਼ੀ ਪੜ੍ਹ ਜਾਏ ਤਾਂ ਧੀ ਵਾਲਿਆਂ ਨੂੰ ਫ਼ਿਕਰ ਪੈ ਜਾਂਦਾ ਹੈ ਕਿ ਮਤੇ ਮੁੰਡਾ ਭਲਕੇ ਚਾ ਆਖੇ, "ਕੁੜੀ ਪੜ੍ਹੀ ਹੋਈ ਨਹੀਂ ਮੈਂ ਏਥੇ ਵਿਆਹ ਨਹੀਂ ਕਰਦਾ।" ਸੋ ਇਸ ਖ਼ਿਆਲ ਤੋਂ ਮਾਪੇ ਆਪ-

ਣੀਆਂ ਧੀਆਂ ਨੂੰ ਪੜ੍ਹਾਨ ਲਗ ਪੈਂਦੇ ਹਨ, ਘਰ ਮਾਸਟਰ ਜਾਂ ਉਸਤਾਦਨੀ ਲਾ ਕੇ ਪੜ੍ਹਾਈ ਕਰਾ ਕੇ ਇਮਤਿਹਾਨ ਪਰਾਈਵੇਟ ਦਿਵਾ ਦਿਤੇ ਤਾਂ ਜੋ ਮੁੰਡੇ ਦਾ ਇਹ ਇਤਰਾਜ਼ ਤਾਂ ਦੂਰ ਹੋ ਜਾਏ। ਕੁੜੀਆਂ ਜੋ ਪਰਾਈਵੇਟ ਇਮਤਿਹਾਨ ਦੇਂਦੀਆਂ ਹਨ, ਉਹ ਇਸ ਲਈ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ, ਜਦ ਉਹ ਜ਼ਰਾ ਵਡੇਰੀਆਂ ਹੋ ਜਾਣ, ਤਾਂ ਸਕੂਲ ਟੋਰਨਾ ਪਸੰਦ ਨਹੀਂ ਕਰਦੇ ਮਤੇ 'ਖ਼ਰਾਬ' ਨਾ ਹੋ ਜਾਣ।

ਜੇ ਕੁੜੀਆਂ ਵਿਚ ਅਜ ਕਲ ਅਸੀਂ ਵਿਦਿਆ ਦਾ ਸ਼ੌਕ ਦੇਖ ਰਹੇ ਹਾਂ, ਤਾਂ ਉਹ ਵੀ ਰੀਸੋ ਰੀਸੀ ਹੈ। ਕਿਉਂਕਿ ਇਕ ਕੁੜੀ ਪੜ੍ਹਨ ਜਾਂਦੀ ਹੈ ਤਾਂ ਦੂਜੀ ਵੀ ਆਪਣੇ ਮਾਪਿਆਂ ਨਾਲ ਲੜਦੀ ਹੈ ਕਿ ਮੈਂ ਵੀ ਪੜ੍ਹਨਾ ਹੈ। ਜੇ ਗਲੀ ਦੀਆਂ ਕੁੜੀਆਂ ਪਰਾਈਵੇਟ ਇਮਤਿਹਾਨ ਦੇਂਦੀਆਂ ਹਨ ਤਾਂ ਬਾਕੀਆਂ ਨੂੰ ਵੀ ਰੀਸ ਆ ਜਾਂਦੀ ਹੈ, ਸਹੇਲੀ ਜਾਂ ਰਿਸ਼ਤੇਦਾਰ ਕੁੜੀ ਕੋਈ ਇਮਤਿਹਾਨ ਪਾਸ ਕਰ ਲਏ ਤਾਂ ਹੋਰਨਾਂ ਨੂੰ ਵੀ ਸ਼ੌਕ ਆ ਜਾਂਦਾ ਹੈ ਇਮਤਿਹਾਨ ਦੇਣ ਦਾ। ਖ਼ੈਰ ਸਾਰੀਆਂ ਕੁੜੀਆਂ ਇਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ। ਕਈ ਅਜ ਕਲ ਦੇ ਜ਼ਮਾਨੇ ਦੀਆਂ ਕੁੜੀਆਂ ਕੇਵਲ ਇਸ ਲਈ ਉੱਚੀ ਵਿਦਿਆ ਪਰਾਪਤ ਕਰਦੀਆਂ ਹਨ ਕਿ ਆਪਣਾ ਗੁਜ਼ਾਰਾ ਆਪ ਕਰਨ ਜੋਗੀਆਂ ਹੋ ਜਾਣ ਤੇ ਪਰਾਧੀਨ ਨਾ ਰਹਿਣ। ਸੰਸਾਰ ਭਰ ਵਿਚ ਅਜ ਕਲ ਇਹ ਲਹਿਰ ਆਮ ਚੱਲੀ ਹੋਈ ਹੈ ਕਿ ਇਸਤ੍ਰੀਆਂ ਮਰਦਾਂ ਦੀ ਕੈਦ ਵਿਚੋਂ ਨਿਕਲਣ ਦੀ ਕੋਸ਼ਸ਼ ਕਰ ਰਹੀਆਂ ਹਨ ਤੇ ਆਪਣੀ ਨੌਕਰੀ ਆਦਿ ਕਰ ਕੇ ਆਪਣਾ ਗੁਜ਼ਾਰਾ ਆਪ ਕਰ ਲੈਣ ਲਈ ਵਿਦਿਆ ਪ੍ਰਾਪਤੀ ਕਰਦੀਆਂ ਹਨ। ਐਸੀਆਂ ਇਸਤ੍ਰੀਆਂ ਵਿਆਹ ਵੀ ਬਹੁਤ ਘਟ ਕਰਦੀਆਂ ਹਨ ਤੇ ਜੇ ਕਰਨ ਵੀ ਤਾਂ ਉਨ੍ਹਾਂ ਦਾ ਵਿਆਹੁਤ ਜੀਵਨ ਆਮ ਤੌਰ ਤੇ ਸੁਖੀ ਨਹੀਂ ਹੁੰਦਾ ਤੇ ਸਿੱਟਾ ਤਲਾਕ ਆਦਿਕ ਹੀ ਹੁੰਦਾ ਹੈ।

ਵਿਦਿਆਰਥਣਾਂ ਦੀ ਇਕ ਹੋਰ ਸ਼੍ਰੇਣੀ ਵੀ ਹੈ ਜੋ ਵਿਚਾਰੀਆਂ ਕਿਸਮਤ ਦੀਆਂ ਮਾਰੀਆਂ ਪੜ੍ਹਦੀਆਂ ਹਨ । ਜਿਹੜੀਆਂ ਇਸਤ੍ਰੀਆਂ ਛੋਟੀ ਉਮਰ ਵਿਚ ਹੀ ਵਿਧਵਾ ਹੋ ਜਾਂਦੀਆਂ ਹਨ, ਉਨ੍ਹਾਂ ਦੇ ਸਾਕ ਅੰਗ ਉਨ੍ਹਾਂ ਨੂੰ ਥੋੜ੍ਹਾ ਬਹੁਤ ਪੜ੍ਹਾ ਕੇ ਉਨ੍ਹਾਂ ਨੂੰ ਕਿਸੇ ਸਕੂਲ ਵਿਚ ਮਾਸਟਰਾਣੀ ਲਗਵਾ ਦੇਂਦੇ ਹਨ । ਕਈ ਵਿਧਵਾ ਇਸਤ੍ਰੀਆਂ ਕਾਫ਼ੀ ਪੜ੍ਹ ਜਾਂਦੀਆਂ ਹਨ ਤੇ ਚੰਗੇ ਟੂਜ਼ਾਰੇ ਤੇ ਲਗ ਜਾਂਦੀਆਂ ਹਨ ।

ਪੜ੍ਹੀਆਂ ਕੁੜੀਆਂ ਦੀ ਦਿਨੋ ਦਿਨ ਵਧਦੀ ਗਿਣਤੀ ਵਿਚ ਬਾਹਲਾ ਹਿੱਸਾ ਇਨ੍ਹਾਂ ਚਹੁੰ ਸ਼੍ਰੇਣੀਆਂ ਦਾ ਹੈ–ਇਕ ਤੇ ਉਹ ਜਿਨ੍ਹਾਂ ਨੂੰ ਮਾਪੇ ਵਿਆਹੁਣ ਦੀ ਖ਼ਾਤਰ ਪੜ੍ਹਾਂਦੇ ਹਨ, ਦੂਜੀਆਂ ਉਹ ਜੋ ਵੇਖੋ ਵੇਖੀ ਤੇ ਰੀਸੋ ਰੀਸੀ ਪੜ੍ਹਦੀਆਂ ਹਨ, ਤੀਜੀਆਂ ਨਵੇਂ ਜ਼ਮਾਨੇ ਦੀਆਂ ਮਰਦਾਂ ਦੀਆਂ ਵੈਰਨਾਂ ਤੇ ਪਰਾਧੀਨਤਾ ਦੀਆਂ ਵਿਰੋਧਨਾਂ ਕੁੜੀਆਂ ਤੇ ਚੌਥੀਆਂ ਕਿਸਮਤ ਦੀਆਂ ਮਾਰੀਆਂ ਵਿਚਾਰੀਆਂ ਜਵਾਨ ਵਿਧਵਾ ਇਸਤ੍ਰੀਆਂ । ਇਨ੍ਹਾਂ ਤੋਂ ਛੁਟ ਬਾਕੀ ਬਹੁਤ ਥੋੜ੍ਹੀਆਂ ਰਹਿ ਜਾਂਦੀਆਂ ਹਨ ਜਿਨ੍ਹਾਂ ਨੂੰ ਅਸਲੀ ਵਿਦਿਆ ਪਰਾਪਤੀ ਦਾ ਸ਼ੌਕ ਹੁੰਦਾ ਹੈ ਤੇ ਜੋ ਉਚ ਵਿਦਿਆ ਕੇਵਲ ਸ਼ੌਕ ਨਾਲ ਪ੍ਰਾਪਤ ਕਰਦੀਆਂ ਹਨ । ਮਤਲਬ ਇਹ ਨਹੀਂ ਕਿ ਉਪਰ ਦੱਸੀਆਂ ਚਹੁੰ ਸ਼੍ਰੇਣੀਆਂ ਵਿਚ ਸਾਨੂੰ ਵਿਦਵਾਨ ਇਸਤ੍ਰੀਆਂ ਨਹੀਂ ਮਿਲਦੀਆਂ । ਨਹੀਂ, ਉਨ੍ਹਾਂ ਵਿਚ ਕਈ ਬੜੀ ਯੋਗਤਾ ਪਰਾਪਤ ਕਰ ਲੈਂਦੀਆਂ ਹਨ । ਅਸੀਂ ਅਜੇ ਸਿਰਫ ਇਸਤ੍ਰੀ-ਵਿਦਿਆ ਦੇ ਵਖੋ ਵਖ ਮੰਤਵਾਂ ਦੀ ਵਿਚਾਰ ਕਰ ਰਹੇ ਹਾਂ । ਮੁੰਡੇ ਵੀ ਕਿਹੜਾ ਵਿਦਿਆ ਪ੍ਰਾਪਤੀ ਦੇ ਸ਼ੌਕ ਨਾਲ ਪੜ੍ਹਾਏ ਜਾਂਦੇ ਹਨ, ਉਨ੍ਹਾਂ ਦਾ ਬਾਹਲਾ ਮੰਤਵ ਤੇ ਨੌਕਰੀਆਂ ਕਰਨਾ ਹੀ ਹੁੰਦਾ ਹੈ । ਪਰ ਖ਼ੈਰ, ਇਨ੍ਹਾਂ ਵਿਦਿਅਕ ਮਸਲਿਆਂ ਸੰਬੰਧੀ ਫੇਰ ਵਿਸਥਾਰ ਨਾਲ ਵਿਚਾਰ ਕੀਤੀ ਜਾਏਗੀ, ਅਜੇ ਤਾਂ ਇਸਤ੍ਰੀ ਵਿਦਿਆ ਬਾਬਤ ਸਿਰਫ ਉਥੇ ਤਕ ਵਿਚਾਰ ਕਰ ਰਹੇ ਹਾਂ,

ਜਿਥੋਂ ਤਕ ਇਸ ਦਾ ਸਾਡੇ ਭਾਈਚਾਰਕ ਜੀਵਨ ਨਾਲ ਸੰਬੰਧ ਹੈ।

ਵੇਖਣਾ ਅਸੀਂ ਇਹ ਹੈ ਕਿ ਵਰਤਮਾਨ ਇਸਤ੍ਰੀ ਵਿਦਿਆ ਨੇ ਸਾਡੀਆਂ ਇਸਤ੍ਰੀਆਂ ਵਿਚ ਕੀ ਕੀ ਤਬਦੀਲੀਆਂ ਲਿਆਂਦੀਆਂ ਹਨ ਤੇ ਉਨ੍ਹਾਂ ਦਾ ਸਾਡੇ ਭਾਈਚਾਰਕ ਜੀਵਨ ਤੇ ਕੀ ਅਸਰ ਪਿਆ ਹੈ। ਆਮ ਕਹਿੰਦਿਆਂ ਸੁਣੀਦਾ ਹੈ ਕਿ ਪੜ੍ਹੀਆਂ ਹੋਈਆਂ ਕੁੜੀਆਂ 'ਖ਼ਰਾਬ' ਜਾਂਦੀਆਂ ਹਨ, ਵਿਆਹ ਨਹੀਂ ਕਰਨਾ ਚਾਹੁੰਦੀਆਂ ਤੇ ਜਿਨ੍ਹਾਂ ਦਾ ਵਸ ਲਗਦਾ ਹੈ ਨਹੀਂ ਵੀ ਕਰਦੀਆਂ, ਘਰ ਦੇ ਕੰਮ ਕਾਜ ਤੋਂ ਘ੍ਰਿਣਾ ਕਰਦੀਆਂ ਹਨ, ਬਾਲਾਂ ਨੂੰ ਨਹੀਂ ਸਾਂਭਦੀਆਂ, ਫੈਸ਼ਨਾਂ ਦੀਆਂ ਪੁਜਾਰਨਾਂ ਬਣ ਜਾਂਦੀਆਂ ਹਨ, ਸੈਰਾਂ,ਸਿਨੇਮਾ ਤੇ ਖੇਡਾਂ ਵਿਚ ਆਪਣਾ ਸਮਾਂ ਬਿਤਾ ਦਿੰਦੀਆਂ ਹਨ, ਫ਼ਜ਼ੂਲ ਖਰਚ ਤੇ ਆਕੜਖਾਨ ਹੋ ਜਾਂਦੀਆਂ ਹਨ, ਮਾਪਿਆਂ ਤੇ ਸਸ ਸਹੁਰੇ ਦਾ ਬਿਲਕੁਲ ਆਦਰ ਨਹੀਂ ਕਰਦੀਆਂ, ਹਰੇਕ ਨਾਲ ਖਿੜ ਖਿੜ ਪਈਆਂ ਹਸਦੀਆਂ ਤੇ ਗੱਲਾਂ ਕਰਦੀਆਂ ਹਨ, ਬੜੀਆਂ ਲੜਾਕੀਆਂ ਹੋ ਜਾਂਦੀਆਂ ਹਨ, ਆਖੇ ਨਹੀਂ ਲਗਦੀਆਂ, ਉਨ੍ਹਾਂ ਵਿਚ ਸ਼ਰਮ ਹੱਯਾ ਬਿਲਕੁਲ ਨਹੀਂ ਹੁੰਦੀ, ਲੋਕਾਂ ਦੇ ਸਾਹਮਣੇ ਹੀ ਆਪਣੇ ਪਤੀ ਨਾਲ ਬਾਂਹ ਵਿਚ ਬਾਂਹ ਪਾ ਕੇ ਸੈਰ ਕਰਨ ਟੁਰ ਪੈਂਦੀਆਂ ਹਨ ਤੇ ਪਈਆਂ ਤੜਾ ਤੜ ਗੱਲਾਂ ਕਰਦੀਆਂ ਹਨ, ਕਿਸੇ ਆਏ ਗਏ ਦੀ ਪਰਵਾਹ ਨਹੀਂ ਕਰਦੀਆਂ, ਸਾਕਾਂ ਸੰਬੰਧੀਆਂ ਨਾਲ ਵਰਤਨਾ ਉਨ੍ਹਾਂ ਨੂੰ ਨਹੀਂ ਆਉਂਦਾ, ਸਿਆਪੇ ਮੁਕਾਣੇ ਉਹ ਨਹੀਂ ਜਾਂਦੀਆਂ, ਕੁਰਸੀਆਂ ਮੇਜ਼ਾਂ ਬਿਨਾਂ ਬੈਠ ਉਨਾਂ ਤੋਂ ਨਹੀਂ ਹੁੰਦਾ, ਮਾਸ, ਅੰਡੇ ਤੋਂ ਬਗੈਰ ਰੋਟੀ ਇਨ੍ਹਾਂ ਦੇ ਸੰਘੋਂ ਨਹੀਂ ਲੰਘਦੀ, ਆਪਣੇ 'ਧਰਮ' ਦਾ ਇਨ੍ਹਾਂ ਨੂੰ ਕੋਈ ਖ਼ਿਆਲ ਨਹੀਂ, ਵਡਿਆਂ ਵਡੇਰਿਆਂ ਦੇ ਸਭ ਰਿਵਾਜਛੱਡੀ ਜਾ ਦੀਆਂ ਹਨ, ਕੋਈ ਦਿਨ ਦਿਹਾੜ ਨਹੀਂ ਮਨਾਂਦੀਆਂ, ਕਿਸੇ ਸਾਧੂ ਸੰਤ, ਗੁਰੂ ਪੀਰਾਂ ਨੂੰ ਮੱਥਾ ਨਹੀਂ ਟੇਕਦੀਆਂ, ਕਿਸੇ ਦੀ ਤਲੀ ਤੇ ਕੁਝ ਰੱਖਣ ਦੀ

ਇਨ੍ਹਾਂ ਨੂੰ ਜਾਚ ਨਹੀਂ, ਇਤਿਆਦਕ ਕਈ ਤੋਹਮਤਾਂ ਅੱਜ ਕਲ ਦੀਆਂ ਪੜ੍ਹੀਆਂ ਹੋਈਆਂ ਕੁੜੀਆਂ ਤੇ ਲਾਈਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਇਹ ਗੱਲਾਂ ਬਹੁਤੀਆਂ ਅਜ ਕਲ ਦੀਆਂ ਸਕੂਲਾਂ ਕਾਲਜਾਂ ਦੀਆਂ ਪੜ੍ਹੀਆਂ ਹੋਈਆਂ ਕੁੜੀਆਂ ਤੇ ਘਟਦੀਆਂ ਹਨ ਤੇ ਜਿੜੀਆਂ ਕੁੜੀਆਂ ਜ਼ਰਾ ਵਧੇਰੇ ਪੜ੍ਹ ਜਾਂਦੀਆਂ ਹਨ ਜਾਂ ਸ਼ਹਿਰ ਵਿਚ ਪੜ੍ਹੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਵਿਚ ਤਾਂ ਉਪਰ ਦੱਸੇ ਸਾਰੇ 'ਗੁਣ' ਹੁੰਦੇ ਹਨ। ਕਹਿੰਦੇ ਹਨ ਕਿ ਸਿਆਣੇ ਮਾਪੇ ਇਸੇ ਲਈ ਕੁੜੀਆਂ ਨੂੰ ਚੌਥੀ ਪੰਜਵੀਂ ਤਕ ਸਕੂਲ ਪੜ੍ਹਾ ਕੇ ਉਠਾ ਲੈਂਦੇ ਹਨ ਤੇ ਫੇਰ ਘਰ ਪੜ੍ਹਾ ਕੇ ਪਰਾਈ-ਵੇਟ ਇਮਤਿਹਾਨ ਦਿਵਾਂਦੇ ਹਨ।

ਇਨ੍ਹਾਂ ਵਿਚੋਂ ਕਿਹੜੀਆਂ ਗੱਲਾਂ ਸੱਚੀਆਂ ਹਨ ਤੇ ਕਿਹੜੀਆਂ ਕਿਹੜੀਆਂ ਝੂਠੀਆਂ, ਇਸ ਸੰਬੰਧੀ ਸਾਨੂੰ ਬਾਹਲੀ ਵਿਚਾਰ ਦੀ ਲੋੜ ਨਹੀਂ। ਇਸ ਗਲ ਤੋਂ ਕੋਈ ਮੁਕਰ ਨਹੀਂ ਸਕਦਾ ਕਿ ਵਰਤਮਾਨ ਇਸਤ੍ਰੀ ਵਿਦਿਆ ਨੇ ਸਾਡੇ ਭਾਈਚਾਰਕ ਜੀਵਨ ਨੂੰ ਅਜੇ ਤਕ ਕੋਈ ਖ਼ਾਸ ਸੁਧਾਰਿਆ ਨਹੀਂ। ਫ਼ਰਕ ਸਿਰਫ਼ ਏਨਾ ਪਿਆ ਹੈ ਕਿ ਬਹੁਤੀਆਂ ਪੜ੍ਹੀਆਂ ਹੋਈਆਂ ਕੁੜੀਆਂ ਜਾਂ ਤੇ ਹਿੰਦੁਸਤਾਨੀ ਭਾਈਚਾਰੇ ਦਾ ਤਿਆਗ ਕਰੀ ਜਾਂਦੀਆਂ ਹਨ ਤੇ ਜਾਂ ਵਿਆਹ ਹੀ ਨਹੀਂ ਕਰਦੀਆਂ ਤੇ ਜੇਹੜੀਆਂ ਕਰਦੀਆਂ ਹਨ ਉਨ੍ਹਾਂ ਦੀ ਪਤੀ ਨਾਲ ਬਣਦੀ ਨਹੀਂ ਤੇ ਰੋਜ਼ ਦੀ ਨਾਚਾਕੀ ਹੀ ਰਹਿੰਦੀ ਹੈ। ਕੁਝ ਥੋੜ੍ਹੀਆਂ ਸੁਖੀ ਵਸਦੀਆਂ ਹੋਸਣ। ਬਾਕੀ ਰਹੀ ਥੋੜਾ ਪੜ੍ਹੀਆਂ ਹੋਈਆਂ ਦੀ ਹਾਲਤ, ਉਨ੍ਹਾਂ ਦਾ ਭਾਈਚਾਰਕ ਜੀਵਨ ਉਹ ਹੀ ਹੈ ਜੋ ਅਨਪੜ੍ਹਾਂ ਦਾ ਹੁੰਦਾ ਹੈ, ਨਾ ਉਨ੍ਹਾਂ ਵਿਚਾਰੀਆਂ ਨੂੰ ਘਰ ਦੇ ਕੰਮ ਧੰਦੇ ਤੋਂ ਵੇਹਲ ਮਿਲਦੀ ਹੈ ਤੇ ਨਾ ਉਹ ਕੁਝ ਪੜ੍ਹ ਲਿਖ ਸਕਦੀਆਂ ਹਨ। ਬਸ ਚਿੱਠੀ ਚਪੱਠੀ ਪੜ੍ਹਨ ਜੋਗੀਆਂ ਹੋ ਜਾਂਦੀਆਂ ਹਨ ਹੋਰ ਤੇ ਉਨ੍ਹਾਂ ਦੇ ਜੀਵਨ ਵਿਚ ਕੋਈ ਫ਼ਰਕ ਆਇਆ

ਮਲੂਮ ਨਹੀਂ ਹੁੰਦਾ। ਅਸਲ ਵਿਚ ਸਾਡਾ ਤਾਲੀਮੀ ਸਿਸਟਮ ਸਾਡੇ ਭਾਈਚਾਰਕ ਜੀਵਨ ਨਾਲ ਬਿਲਕੁਲ ਕੋਈ ਸੰਬੰਧ ਨਹੀਂ ਰਖਦਾ। ਮੁੰਡਿਆਂ ਨੂੰ ਤੇ ਅਸੀਂ ਇਸ ਲਈ ਪੜ੍ਹਾਂਦੇ ਹਾਂ ਕਿ ਆਪਣੀ ਰੋਜ਼ੀ ਕਮਾਣ ਜੋਗੇ ਹੋ ਜਾਣ ਤੇ ਕੁੜੀਆਂ ਨੂੰ ਸਿਰਫ ਇਸ ਲਈ ਕਿ ਉਹ ਵਿਆਹ ਕਰਾਣ ਜੋਗੀਆਂ ਹੋ ਜਾਣ। ਪਰ ਸਾਡੀ ਵਿਦਿਅਕ ਪਰਨਾਲੀ ਐਸੀ ਹੈ ਕਿ ਨਾ ਮੁੰਡਿਆਂ ਨੂੰ ਤੇ ਨਾ ਕੁੜੀਆਂ ਨੂੰ ਉਨ੍ਹਾਂ ਦੇ ਨੀਯਤ ਕੰਮ ਦੇ ਜੋਗ ਬਣਾਂਦੀ ਹੈ। ਮੁੰਡੇ ਪੜ੍ਹਦੇ ਕੁਝ ਰਹਿੰਦੇ ਹਨ, ਸਿਰ ਖਪਾਈ ਉਨ੍ਹਾਂ ਨੂੰ ਕਈਆਂ ਮਜ਼ਮੂਨਾਂ ਨਾਲ ਕਰਨੀ ਪੈਂਦੀ ਹੈ ਪਰ ਇਨ੍ਹਾਂ ਮਜ਼ਮੂਨਾਂ ਵਿਚੋਂ ਉਹਨਾਂ ਦੇ ਕੰਮ ਕੋਈ ਵੀ ਨਹੀਂ ਆਉਂਦਾ। ਕੁੜੀਆਂ ਵਿਚਾਰੀਆਂ ਆਪਣਾ ਮਗਜ਼ ਹੋਰਨਾਂ ਗੱਲਾਂ ਨਾਲ ਹੀ ਸਕੂਲਾਂ ਕਾਲਜਾਂ ਵਿਚ ਖ਼ਾਲੀ ਕਰਦੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਨੂੰ ਜੀਵਨ ਵਿਚ ਜਿਨ੍ਹਾਂ ਗੱਲਾਂ ਨਾਲ ਵਾਹ ਪੈਂਦਾ ਹੈ, ਉਸ ਸੰਬੰਧੀ ਉਹਨਾਂ ਨੂੰ ਕੋਈ ਸਿਖਿਆ ਨਹੀਂ ਦਿਤੀ ਗਈ ਹੁੰਦੀ ਤੇ ਅਲ੍ਹੜ ਦੀਆਂ ਅਲ੍ਹੜ ਹੀ ਰਹਿੰਦੀਆਂ ਹਨ। ਜੇ ਮੁਡ ਇਸਤ੍ਰੀਆਂ ਨੇ ਬਾਲ ਹੀ ਸਾਂਭਣੇ ਹਨ ਤਾਂ ਕਿਉਂ ਨਾ ਉਨ੍ਹਾਂ ਨੂੰ ਇਸ ਸੰਬੰਧੀ ਸਿਖਿਆ ਦਿਤੀ ਜਾਏ, ਜੇ ਉਨ੍ਹਾਂ ਦੇ ਹਥ ਘਰ ਦਾ ਪ੍ਰਬੰਧ ਹੀ ਰਹਿਣਾ ਹੈ ਤਾਂ ਉਨ੍ਹਾਂ ਨੂੰ ਘਰੋਗੀ ਜੀਵਨ ਸੁਧਾਰਨ ਸੰਬੰਧੀ ਕਿਉਂ ਨਾ ਕੁਝ ਪੜ੍ਹਾਇਆ ਜਾਏ। ਜੇ ਪੜ੍ਹ ਲਿਖ ਕੇ ਵੀ ਇਸਤਰੀਆਂ ਉਹੀ ਦੁਖੀ ਜੀਵਨ ਗੁਜ਼ਾਰਨਾ ਹੈ ਜੋ ਅਣਪੜ੍ਹ ਇਸਤ੍ਰੀਆਂ ਗੁਜ਼ਾਰ ਰਹੀਆਂ ਹਨ ਤਾਂ ਐਸੀ ਵਿਦਿਆ ਦਾ ਕੀ ਲਾਭ ? ਸਭ ਤੋਂ ਪਹਿਲੋਂ ਸਾਨੂੰ ਇਸ ਗੱਲ ਦੀ ਵਿਚਾਰ ਦੀ ਲੋੜ ਹੈ, ਕਿ ਸਾਡੇ ਭਾਈਚਾਰਕ ਜੀਵਨ ਵਿਚ ਇਸਤ੍ਰੀ ਦੀ ਕੀ ਥਾਂ ਹੋਣੀ ਹੈ, ਫੇਰ ਉਸ ਅਨੁਸਾਰ ਸਾਡੀ ਇਸਤ੍ਰੀ-ਵਿਦਿਆ ਦੀ ਪਰਨਾਲੀ ਹੋਣੀ ਚਾਹੀਦੀ ਹੈ। ਵਿਦਿਆ ਪਰਾਪਤੀ

ਇਸਤ੍ਰੀਆਂ ਲਈ ਉਤਨੀ ਹੀ ਜ਼ਰੂਰੀ ਹੈ ਜਿਤਨੀ ਮਰਦਾਂ ਲਈ, ਪਰ ਹਰੇਕ ਦੀ ਵਿਦਿਆ ਆਪਣੀਆਂ ਆਪਣੀਆਂ ਲੋੜਾਂ ਤੇ ਜ਼ਰੂਰਤਾਂ ਅਨੁਸਾਰ ਹੋਣੀ ਚਾਹੀਦੀ ਹੈ। ਜਿਨ੍ਹਾਂ ਨੇ ਉਚੀ ਵਿਦਿਆ ਪਰਾਪਤ ਕਰ ਕੇ ਸਾਹਿਤ ਜਾਂ ਹੋਰ ਕਿਸੇ ਮੈਦਾਨ ਵਿਚ ਵਿਸ਼ੇਸ਼ਤਾ ਹਾਸਲ ਕਰਨੀ ਹੈ ਉਹ ਜੇਮ ਜੈਮ ਕਰਨ, ਬਾਕੀਆਂ ਨੂੰ ਜਿਨ੍ਹਾਂ ਗੱਲਾਂ ਨਾਲ ਜੀਵਨ ਵਿਚ ਵਾਹ ਪੈਣਾ ਹੈ ਉਨ੍ਹਾਂ ਸੰਬੰਧੀ ਹੀ ਸਿਖਿਆ ਦੇਣੀ ਯੋਗ ਹੈ। ਪੜ੍ਹਾਈ ਦਾ ਇਸਤ੍ਰੀਆਂ ਨੂੰ ਤਾਂ ਹੀ ਫ਼ਾਇਦਾ ਹੋਵੇ ਜੇ ਉਨ੍ਹਾਂ ਦੇ ਰੋਜ਼ ਦੇ ਨੇਮ ਵਿਚ ਪੜ੍ਹਾਈ ਲਿਖਾਈ ਲਈ ਕੋਈ ਸਮਾਂ ਹੋਵੇ । ਜਿਨ੍ਹਾਂ ਵਿਚਾਰੀਆਂ ਨੇ ਸਾਰਾ ਦਿਨ ਰੋਟੀ ਟੁਕਰ ਵਿਚ, ਬਾਲ ਸਾਂਭਣ ਤੇ ਹੋਰ ਘਰ ਦੇ ਤੇ ਭਾਈਚਾਰੇ ਦੇ ਕੰਮ ਧੰਦਿਆਂ ਵਿਚ ਹੀ ਬਿਤਾ ਦੇਣਾ ਹੈ, ਉਨ੍ਹਾਂ ਨੂੰ ਵਿਦਿਆ ਪ੍ਰਾਪਤੀ ਕੀਤੀ ਹੋਈ ਕਿਸ ਕੰਮ ਆਈ। ਲੋੜ ਤਾਂ ਇਸ ਗਲ ਦੀ ਹੈ ਕਿ ਅਸੀ ਇਸਤ੍ਰੀ ਦਾ ਭਾਈਚਾਰਕ ਜੀਵਨ ਸੁਖੀ ਬਣਾਈਏ ਤੇ ਇਸ ਲਈ ਉਨ੍ਹਾਂ ਨੂੰ ਐਸੀ ਵਿਦਿਆ ਦਈਏ ਜਿਸ ਨਾਲ ਉਹ ਆਪਣਾ, ਬਾਲਾਂ ਦਾ ਤੇ ਆਪਣੇ ਘਰਾਂ ਦਾ ਜੀਵਨ ਸੁਖੀ ਤੇ ਲਾਭਦਾਇਕ ਬਣਾ ਸਕਣ।

Patiala

ਘਰੇਗੀ ਜੀਵਨ

ਸਾਡੇ ਘਰਾਂ ਦਾ ਜੀਵਨ ਕੋਈ ਅਜਿਹਾ ਰੁੱਖਾ ਤੇ ਬੇਸਵਾਦਾ ਜਿਹਾ ਹੁੰਦਾ ਹੈ ਕਿ ਸਾਨੂੰ ਖੁਸ਼ੀ ਤੇ ਦਿਲ ਪਰਚਾਵੇ ਲਈ ਹੋਰ ਥਾਵਾਂ ਤੇ ਭਟਕਣਾ ਪੈਂਦਾ ਹੈ। ਅਸੀ ਘਰ ਨੂੰ ਕੇਵਲ ਰੋਟੀ ਖਾਣ, ਸੌਣ ਜਾਂ ਖ਼ਰਚ ਲੈਣ ਦਾ ਅਸਥਾਨ ਹੀ ਸਮਝਦੇ ਹਾਂ। ਸਾਡੇ ਦਿਲਾਂ ਵਿਚ ਘਰਾਂ ਲਈ ਉਹ ਮੋਹ ਤੇ ਪਿਆਰ ਨਹੀਂ ਹੁੰਦਾ ਜੋ ਹੋਣਾ ਚਾਹੀਦਾ ਹੈ। ਬਾਲ ਘਰਾਂ ਨੂੰ ਲੋੜਵੰਦੀਆਂ ਚੀਜ਼ਾਂ ਪਰਾਪਤ ਕਰਨ ਦੀ ਥਾਂ ਜਾਂ ਆਪਣਾ ਸਿਰ ਲੁਕਾਉਣ ਦੀ ਥਾਂ ਸਮਝਦੇ ਹਨ, ਜਿਥੋਂ ਉਨ੍ਹਾਂ ਦਾ ਛੁਟਕਾਰਾ ਉਦੋਂ ਹੀ ਹੁੰਦਾ ਹੈ ਜਦ ਧੀਆਂ ਸਹੁਰੇ ਟੁਰ ਜਾਂਦੀਆਂ ਹਨ ਤੇ ਪੁੱਤਰ ਆਪਣੀ ਵਹੁਟੀ ਲੈ ਕੇ ਵਖ ਹੋ ਕੇ ਆਪਣਾ ਘਰ ਵਖਰਾ ਬਣਾ ਲੈਂਦੇ ਹਨ। ਸਾਡੀਆਂ ਮਾਵਾਂ ਲਈ ਗ੍ਰਹਸਥ ਅਨਗਿਣਤ ਜੰਜਾਲਾਂ ਦੀ ਜਗ੍ਹਾ ਹੈ ਤੇ ਜਦ ਕਦੇ ਉਹ ਕਿਸੇ ਬਹਾਨੇ ਇਕੱਲੀਆਂ ਗਲੀ ਮਹੱਲੇ ਜਾ ਸਕਣ ਤਾਂ ਸੁਖ ਦਾ ਸਾਹ ਲੈਂਦੀਆਂ ਹਨ। ਸਾਡੇ ਪਿਉ ਤਾਂ ਘਰ ਹਕੂਮਤ ਕਰਨ ਹੀ ਆਉਂਦੇ ਹਨ। ਸਾਡੇ ਘਰਾਂ ਦੀ ਜ਼ਿੰਦਗੀ ਦਾ ਵਰਤਮਾਨ ਤਰੀਕਾ ਜੋ ਹੈ ਉਸ ਵਿਚ ਤਾਂ ਮੁਸ਼ਕਲ ਹੀ ਕਿਸੇ ਨੂੰ ਸੁਖ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੋਵੇਗੀ।

ਹੋਵੇ ਵੀ ਕਿਸ ਤਰ੍ਹਾਂ ? ਧੀਆਂ ਪੁਤਰਾਂ ਨੂੰ ਤਾਂ ਮਾਪਿਆਂ ਦੀ ਹਕੂਮਤ ਵਿਚ ਝਾੜ ਝੰਬ ਹੀ ਨਸੀਬ ਹੁੰਦੀ ਹੈ, ਉਹ ਘਰ ਨੂੰ ਖ਼ੁਸ਼ੀ ਦਾ ਅਸਥਾਨ ਕਿਸ ਤਰ੍ਹਾਂ ਸਮਝਣ, ਮਾਪਿਆਂ ਦੇ ਸਾਹਮਣੇ ਉਹ ਬੋਲ ਨਹੀਂ ਸਕਦੇ ਤੇ ਨਾ ਹੀ ਉਨ੍ਹਾਂ ਨਾਲ ਬਹਿ ਕੇ ਹਸ ਖੇਡ ਸਕਦੇ ਹਨ। ਧੀਆਂ ਪੁਤਰਾਂ ਵਾਸਤੇ ਪਿਉ ਇਕ ਕਿਸਮ ਦਾ ਹਊਆ ਹੈ, ਜਿਸ ਦਾ ਨਾਂ ਲੈ ਕੇ ਮਾਂ ਉਨ੍ਹਾਂ ਨੂੰ ਡਰਾਂਦੀ ਹੈ ਤੇ ਜਿਸ ਦੇ ਘਰ ਵੜਦਿਆਂ ਹੀ ਸਾਰੇ ਚੁਪ ਕਰ ਜਾਂਦੇ ਹਨ, ਪਿਉ ਦੀ ਇਕ ਘੁਰਕ ਹੀ ਉਨ੍ਹਾਂ ਲਈ ਕਾਫੀ ਹੈ। ਘਰ ਦੇ ਸਾਰੇ ਜੀ ਕਦੇ ਵੀ ਇਕੱਠੇ ਨਹੀਂ ਹੁੰਦੇ। ਹੋਣ ਵੀ ਕਿਸ ਤਰ੍ਹਾਂ ਜਦ ਅਸਾਂ ਆਪਣੇ ਨਿਤਨੇਮ ਵਿਚ ਐਸਾ ਕੋਈ ਸਮਾਂ ਰਖਿਆ ਹੀ ਨਹੀਂ ਹੋਇਆ। ਰੋਟੀ ਅਸੀਂ ਕੱਠੇ ਨਹੀਂ ਖਾਂਦੇ ਤੇ ਨਾ ਹੀ ਹੋਰ ਕਿਸੇ ਵਕਤ ਅਸੀਂ ਸਾਰੇ ਰਲ ਕੇ ਬਹਿੰਦੇ ਹਾਂ। ਜੇ ਗੱਲਾਂ ਬਾਤਾਂ ਹੋ ਰਹੀਆਂ ਹੁੰਦੀਆਂ ਹਨ ਤਾਂ ਵੀ ਮਾਂ ਪਿਉ ਵਖ ਬੈਠੇ ਹਨ ਤੇ ਭੈਣਾਂ ਵਖ, ਭਰਾ ਵਖ। ਅਜੇ ਮਾਂ ਕੋਲ ਕਦੇ ਕਦੇ ਧੀਆਂ ਪੁਤਰ ਭਾਵੇਂ ਇਕੱਠੇ ਹੋ ਕੇ ਆਪਸ ਵਿਚ ਗੱਲਾਂ ਬਾਤਾਂ ਕਰ ਲੈਣ ਪਰ ਮਾਂ ਪਿਉ ਦੋਹਾਂ ਦੇ ਹੁੰਦਿਆਂ ਕਦੇ ਸਾਰੇ ਧੀਆਂ ਪੁੱਤਰ ਉਨ੍ਹਾਂ ਦੇ ਨਾਲ ਰਲ ਕੇ ਨਹੀਂ ਬਹਿਣਗੇ। ਇਹ ਇਸੇ ਕਰ ਕੇ ਹੈ ਕਿ ਅਸਾਂ ਸ਼ੁਰੂ ਤੋਂ ਹੀ ਐਸੀ ਹਿਲਤਰ ਨਹੀਂ ਪਾਈ ਹੁੰਦੀ। ਜੇ ਅਸੀ ਮੁਢ ਤੋਂ ਹੀ ਆਜ਼ਾਦੀ ਦਈਏ ਤਾਂ ਸਾਡੇ ਧੀਆਂ ਪੁਤਰ ਸੰਗ ਨ ਕਰਨ।

ਕੀ ਘਰ ਬਸ ਰੋਟੀ ਖਾਣ ਤੇ ਸੌਣ ਦੀ ਹੀ ਥਾਂ ਹੈ ? ਜਾਂ ਦੁੱਖਾਂ ਤੇ ਕਲੇਸ਼ਾਂ ਦਾ ਕੇਂਦਰ ਜਿੱਥੇ ਕੋਈ ਕੈਦੀ ਵਾਂਗਰ ਜ਼ਿੰਦਗੀ ਕਟ ਰਿਹਾ ਹੈ, ਕੋਈ ਬੀਮਾਰ ਮੰਜੇ ਤੇ ਪਿਆ ਹੈ ਤੇ ਸਾਰਿਆਂ ਨੂੰ ਉਸ ਦੇ ਪਿਛੇ ਦੌੜਨਾ ਭੱਜਣਾ ਪੈਂਦਾ ਹੈ ਤੇ ਕਈ ਰਾਤਾਂ ਜਾਗਦਿਆਂ ਕਟੀਂਦੀਆਂ ਹਨ, ਕੋਈ ਮਰਦਾ ਹੈ, ਕਿਸੇ ਦਾ ਵਿਆਹ ਹੁੰਦਾ ਹੈ ਤਾਂ ਕੰਮ ਕਰ ਕਰ ਕੇ ਟੁੱਟ ਜਾਈਦਾ ਹੈ, ਕੋਈ ਆ ਜਾਂਦਾ ਹੈ ਤਾਂ ਉਸ ਦੀ ਖੇਚਲ ਪੈ ਜਾਂਦੀ ਹੈ;

ਕੋਈ ਟੁਰਦਾ ਹੈ ਤਾਂ ਉਸਦਾ ਤੁਰਨਾ ਵੀ ਸਾਡੇ ਲਈ ਦੁਖਾਂ ਦਾ ਕਾਰਨ ਬਣ ਜਾਂਦਾ ਹੈ। ਜੇ ਅਸੀ ਘਰ ਨੂੰ ਬਸ ਇਹੋ ਕੁਝ ਸਮਝਦੇ ਹਾਂ ਤਾਂ ਅਫ਼ਸੋਸ ਹੈ ਸਾਡੀ ਅਕਲ ਤੇ। ਇਹੋ ਜਹੇ ਨਰਕ ਨਾਲੋਂ ਕਿਹੜਾ ਨਰਕ ਬੁਰਾ ਹੋ ਸਕਦਾ ਹੈ?

ਐਸੇ ਰੁਖੇ ਤੇ ਬੇਸਵਾਦੇ ਜੀਵਨ ਦਾ ਅਸਰ ਕੀ ਹੋ ਰਿਹਾ ਹੈ? ਸਾਡਾ ਘਰਾਂ ਨਾਲ ਪਿਆਰ ਕੋਈ ਨਹੀਂ ਰਿਹਾ, ਕਿਉਂਕਿ ਘਰਾਂ ਵਿਚ ਸਾਨੂੰ ਖ਼ੁਸ਼ੀ ਦੇ ਕੋਈ ਵਸੀਲੇ ਨਸੀਬ ਨਹੀਂ ਹੁੰਦੇ। ਅਸੀ ਝਟ ਲੰਘਾਣ ਵਾਸਤੇ ਦੋਸਤਾਂ ਯਾਰਾਂ ਕੋਲ ਚਲੇ ਜਾਂਦੇ ਹਾਂ ਜਾਂ ਸਿਨੇਮਾ ਥੀਏਟਰ ਅਤੇ ਹੋਰ ਖੁਸ਼ੀ ਦੇ ਅਸਥਾਨ ਢੂੰਡਦੇ ਹਾਂ। ਸਾਡਾ ਆਪਸ ਵਿਚ ਪ੍ਰਸਪਰ ਪਿਆਰ ਨਹੀਂ ਹੁੰਦਾ ਕਿਉਂਕਿ ਅਸੀਂ ਕਦੇ ਮਿਲ ਕੇ ਬੈਠੇ ਹੀ ਨਹੀਂ ਤੇ ਨਾ ਅਸਾਂ ਕਦੇ ਇਕ ਦੂਜੇ ਦੇ ਖ਼ਿਆਲਾਂ ਤੇ ਭਾਵਾਂ ਦੀ ਕਦਰ ਕੀਤੀ ਹੈ। ਇਹੀ ਕਾਰਨ ਹੈ ਕਿ ਸਭਾ ਸੁਸਾਇਟੀਆਂ ਵਿਚ ਵੀ ਅਸੀ ਮਿਲ ਕੇ ਕੰਮ ਨਹੀਂ ਕਰ ਸਕਦੇ ਕਿਉਂਕਿ ਸਾਨੂੰ ਘਰਾਂ ਵਿਚ ਰਲ ਕੇ ਬੈਠਣ ਦੀ ਜਾਚ ਹੀ ਨਹੀਂ ਸਿਖਾਈ ਜਾਂਦੀ। ਜਦ ਅਸੀ ਘਰਾਂ ਵਿਚ ਇਕ ਦੂਜੇ ਨੂੰ ਆਪਣੇ ਖ਼ਿਆਲ ਤੇ ਭਾਵ ਪ੍ਰਗਟ ਕਰਨ ਦੀ ਆਜ਼ਾਦੀ ਨਹੀਂ ਦੇਂਦੇ ਜਾਂ ਪ੍ਰਗਟ ਕਰਨ ਦੀ ਆਦਤ ਨਹੀਂ ਪਾਂਦੇ ਤਾਂ ਵਡਿਆਂ ਹੋ ਕੇ ਅਸਾਂ ਦੁਨੀਆਂ ਵਿਚ ਕੀ ਕਰਨਾ ਹੈ। ਘਰਾਂ ਵਿਚ ਹਰ ਵੇਲੇ ਮਾਪਿਆਂ ਦੀ ਮਰਜ਼ੀ ਅਨੁਸਾਰ ਚਲਣਾ ਪੈਂਦਾ ਹੈ ਤੇ ਅਸੀਂ ਚੂੰ ਚਰਾਂ ਨਹੀਂ ਕਰ ਸਕਦੇ ਭਾਵੇਂ ਸਾਡੇ ਮਾਪੇ ਠੀਕ ਹੀ ਹੋਣ, ਪਰ ਨਾ ਉਨ੍ਹਾਂ ਕਦੇ ਸਾਨੂੰ ਆਪਣੇ ਖ਼ਿਆਲ ਪ੍ਰਗਟ ਕਰ ਕੇ ਸਮਝਾਣ ਦੀ ਕੋਸ਼ਿਸ਼ ਕੀਤੀ ਹੈ ਤੇ ਨਾ ਹੀ ਅਸੀ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿਉਂਕਿ ਸਾਡੇ ਖ਼ਿਆਲਾਂ ਨੂੰ ਕੋਈ ਵੀ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ।

ਸਾਡੇ ਘਰਾਂ ਦਾ ਜੀਵਨ ਪਤਾ ਨਹੀਂ ਸਦਾ ਤੋਂ ਹੀ ਇਸੇ ਤਰ੍ਹਾਂ

ਚਲਿਆ ਆ ਰਿਹਾ ਹੈ ਕਿ ਹੁਣ ਹੀ ਕੁਝ ਕੰਮ ਕਸੂਤਾ ਹੋ ਗਿਆ ਹੈ। ਸ਼ਾਇਦ ਜਦ ਸਾਂਝੇ ਟੱਬਰ ਇਕੋ ਥਾਂ ਰਹਿੰਦੇ ਸਨ ਤਾਂ ਇਹ ਤਰੀਕਾ ਯੋਗ ਹੋਵੇ, ਜਦ ਨੂੰਹਾਂ, ਸੱਸਾਂ, ਦਰਾਣੀਆਂ, ਜਠਾਣੀਆਂ, ਪਿਉ, ਪੁੱਤਰ ਆਦਿਕ ਵਿਆਹੇ ਜਾਣ ਤੋਂ ਮਗਰੋਂ ਵੀ ਇਕੋ ਘਰ ਵਿਚ ਰਹਿੰਦੇ ਸਨ ਤੇ ਸਾਰਿਆਂ ਦੀ ਰਸੋਈ ਸਾਂਝੀ ਹੀ ਸੀ ਤਾਂ ਇਹ ਰਿਵਾਜ ਫਬਦੇ ਹੋਣੇ ਹਨ ਕਿ ਜ਼ਨਾਨੀਆਂ ਦੀ ਟੋਲੀ ਵੱਖਰੀ ਤੇ ਮਰਦਾਂ ਦੀ ਵਖਰੀ, ਕੁੜੀਆਂ ਦੀ ਵਖਰੀ, ਮੁੰਡਿਆਂ ਦੀ ਵਖਰੀ। ਪਰ ਹੁਣ ਤੇ ਸਾਰਾ ਭਾਈਚਾਰਾ ਖੇਰੂ ਖੇਰੂ ਹੋ ਚੁਕਾ ਹੈ ਅਤੇ ਹਰੇਕ ਨੂੰ ਆਪੋ ਧਾਪੀ ਪਈ ਹੈ, ਕੋਈ ਟੱਬਰ ਵੀ ਸਾਂਝੇ ਨਹੀਂ ਰਹਿ ਸਕਦੇ। ਜੇ ਰਹਿਣਗੇ ਤਾਂ ਵੀ ਹਰ ਵੇਲੇ ਦੰਗਾ ਫ਼ਸਾਦ ਹੀ ਹੁੰਦਾ ਰਹੇਗਾ। ਪੁਰਾਣੇ ਸਮੇਂ ਮੁੜ ਆਉਣੋਂ ਤਾਂ ਰਹੇ, ਹੁਣ ਤਾਂ ਹਾਲਾਤ ਅਨੁਸਾਰ ਸਾਨੂੰ ਵੀ ਬਦਲਣਾ ਹੀ ਪਏਗਾ। ਜੇ ਸਮੇਂ ਦੀ ਲੋੜ ਅਨੁਸਾਰ ਤੇ ਆਪਣੇ ਭਲੇ ਲਈ ਅਸਾਂ ਆਪਣੀਆਂ ਲੋੜਾਂ ਨੂੰ ਅਨਭਵ ਨਾ ਕੀਤਾ ਤਾਂ ਦਿਨੋ ਦਿਨ ਅਸੀਂ ਨਿਘਰਦੇ ਜਾਵਾਂਗੇ ਤੇ ਕਿਸੇ ਕਿਸਮ ਦੀ ਉੱਨਤੀ ਨਹੀਂ ਕਰ ਸਕਾਂਗੇ। ਸਾਡੀਆਂ ਬਹੁਤ ਸਾਰੀਆਂ ਊਣਤਾਈਆਂ ਦੂਰ ਹੋ ਸਕਦੀਆਂ ਹਨ ਜੇ ਅਸੀਂ ਆਪਣੇ ਘਰਾਂ ਨੂੰ ਸੁਧਾਰੀਏ, ਜੇ ਸਾਡਾ ਘਰੋਗੀ ਜੀਵਨ ਬਿਹਤਰ ਹੋਵੇਗਾ ਤਾਂ ਅਸੀਂ ਬੜੇ ਸੌਖੇ ਜਾਵਾਂਗੇ।

ਅਜ ਕਲ ਘਰਾਂ ਵਿਚ ਇਕ ਇਕ ਟੱਬਰ ਹੀ ਰਹਿ ਰਿਹਾ ਹੈ, ਸਾਨੂੰ ਘਰ ਸੁਖ ਤੇ ਖ਼ੁਸ਼ੀ ਦਾ ਨਮੂਨਾ ਬਨਾਣਾ ਚਾਹੀਦਾ ਹੈ, ਜਿਥੇ ਘਰ ਦਾ ਹਰੇਕ ਜੀ ਆਪਣੇ ਕੰਮ ਤੋਂ ਖ਼ੁਸ਼ੀ ਖ਼ੁਸ਼ੀ ਵਾਪਸ ਆਵੇ, ਘਰ ਦੇ ਸਾਰੇ ਜੀ ਰਲ ਮਿਲ ਕੇ ਬਹਿਣ ਖਲੋਣ, ਹੱਸਣ, ਖੇਡਣ, ਖਾਣ ਪੀਣ ਤੇ ਇਕੱਠੇ ਪ੍ਰਸੰਨਤਾ ਨਾਲ ਸਮਾਂ ਬਿਤਾਣ, ਇਕ ਦੂਜੇ ਦੀਆਂ ਗੱਲਾਂ ਸੁਣਨ, ਇਕ ਦੂਜੇ ਦੇ ਕੰਮ ਕਾਰ ਨੂੰ ਸ਼ੌਕ ਨਾਲ ਸੁਣਨ ਸਮਝਣ

ਖ਼ਿਆਲਾਂ ਦਾ ਵਟਾਂਦਰਾ ਕਰਨ। ਜਦ ਤਕ ਅਸੀਂ ਘਰਾਂ ਵਿਚ ਇਸ ਤਰ੍ਹਾਂ ਰਲ ਮਿਲ ਕੇ ਨਹੀਂ ਬੈਠਾਂਗੇ, ਸਾਡੇ ਵਿਚ ਪ੍ਰਸਪਰ ਪਿਆਰ ਨਹੀਂ ਹੋ ਸਕਦਾ। ਇਹ ਤਦ ਹੀ ਹੋਵੇਗਾ ਜੇ ਸਾਡੇ ਮਾਂ ਪਿਉ ਆਪਣੇ ਧੀਆਂ ਪੁਤਰਾਂ ਨੂੰ ਗ਼ੁਲਾਮ ਨਾ ਸਮਝਣ ਅਤੇ ਇਹ ਖ਼ਿਆਲ ਦੂਰ ਕਰ ਦੇਣ ਕਿ ਬੱਚਿਆਂ ਨੂੰ ਬਿਲਕੁਲ ਸਮਝ ਨਹੀਂ ਤੇ ਜੋ ਕੁਝ ਹੋਵੇਗਾ ਮਾਪਿਆਂ ਦੀ ਮਰਜ਼ੀ ਨਾਲ ਹੀ ਹੋਵੇਗਾ। ਜਦ ਤਕ ਮਾਪਿਆਂ ਦਾ ਇਹ ਵਤੀਰਾ ਨਾ ਬਦਲੇਗਾ ਘਰ ਦੇ ਸਾਰ ਜੀਆਂ ਦਾ ਇਕੱਠਾ ਬੈਠਣਾ ਵੀ ਅਸੰਭਵ ਹੈ। ਅਤੇ ਜਦ ਤਕ ਅਸੀਂ ਰਲ ਮਿਲ ਕੇ ਬਹਿਣਾ ਖਲੋਣਾ, ਖਾਣਾ ਪੀਣਾ ਨਾ ਸਿਖਾਂਗੇ ਸਾਡੀ ਹਾਲਤ ਨਹੀਂ ਸੁਧਰਨ ਲਗੀ।

ਘਰੋਗੀ ਜੀਵਨ ਦਾ ਇਹ ਮੰਤਵ ਹੋਣਾ ਚਾਹੀਦਾ ਹੈ ਨਹੀਂ ਤੇ ਰੋਟੀ ਖਾਣ ਨੂੰ ਤੇ ਸੌਣ ਨੂੰ ਹੋਰ ਬਥੇਰੀਆਂ ਥਾਵਾਂ ਹਨ। ਬੱਚੇ ਪੈਦਾ ਕਰ ਕੇ, ਖੁਆ ਖੁਆ ਕੇ ਵਡੇ ਕਰ ਕੇ ਵਿਆਹ ਦੇਣ ਦਾ ਫ਼ਾਇਦਾ ਨਹੀਂ ਜੇ ਅਸੀਂ ਉਨ੍ਹਾਂ ਨੂੰ ਚੰਗੀਆਂ ਆਦਤਾਂ ਨਾ ਸਿਖਾਈਏ ਤੇ ਚੰਗੀ ਸਿਖਿਆ ਨਾ ਦਈਏ। ਅਜ ਕਲ ਦੀ ਜੋ ਜ਼ਿੰਦਗੀ ਸਾਡੇ ਘਰਾਂ ਦੀ ਹੈ, ਉਹ ਸਾਨੂੰ ਕੁਝ ਚੰਗੀ ਗੱਲ ਨਹੀਂ ਸਿਖਾ ਰਹੀ ਸਗੋਂ ਸਾਨੂੰ ਇਹ ਅਨੁਭਵ ਕਰਾ ਰਹੀ ਹੈ ਕਿ ਸਾਡੇ ਘਰਾਂ ਦਾ ਜੀਵਨ ਬੜਾ ਦੁਖਦਾਈ ਹੈ। ਜੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਲਾ ਚਾਹੁੰਦੇ ਹਾਂ, ਜੇ ਅਸੀਂ ਆਪਣੀ ਕੌਮ ਤੇ ਆਪਣੇ ਦੇਸ਼ ਦੀ ਉੱਨਤੀ ਦੇ ਚਾਹਵਾਨ ਹਾਂ, ਤਾਂ ਸਾਨੂੰ ਆਪਣੇ ਘਰੋਗੀ ਜੀਵਨ ਨੂੰ ਸੁਧਾਰਨਾ ਚਾਹੀਦਾ ਹੈ। ਜਦ ਤਕ ਸਾਡਾ ਘਰੋਗੀ ਜੀਵਨ ਨਾ ਸੁਧਰੇਗਾ, ਅਸੀਂ ਕੁਝ ਕਰਨ ਜੋਗੇ ਨਹੀਂ ਹੋ ਸਕਦੇ। ਘਰੋਗੀ ਜੀਵਨ ਦੇ ਕਈ ਪਹਿਲੂਆਂ ਤੇ ਅਗੇ ਚਾਨਣਾ ਪਾਇਆ ਜਾ ਚੁਕਾ ਹੈ ਪਰ ਘਰਾਂ ਦਾ ਰੋਜ਼ ਦਾ ਜੀਵਨ ਵੀ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਕਦੇ ਕਦਾਈਂ ਦੇ ਖ਼ਾਸ ਖ਼ਾਸ ਮੌਕਿਆਂ ਦਾ। ਰੋਜ਼ ਰੋਟੀ ਖਾਣ ਸਮੇਂ, ਹੱਸਣ

ਖੇਡਣ ਵੇਲੇ, ਕਠਿਆਂ ਬਹਿਣ ਨਾਲ ਪ੍ਰਸਪਰ ਪਿਆਰ ਵਧਦਾ ਹੈ ਤੇ ਅਸੀਂ ਇਕ ਦੂਜੇ ਨੂੰ ਵਧੇਰੇ ਸਮਝ ਸਕਦੇ ਹਾਂ। ਜਦ ਤਕ ਅਸੀਂ ਐਸੀਆਂ ਆਦਤਾਂ ਨਾ ਪਾਵਾਂਗੇ ਸਾਨੂੰ ਰਲ ਮਿਲ ਕੇ ਬਹਿਣ ਤੇ ਕੰਮ ਕਰਨ ਦੀ ਜਾਚ ਨਹੀਂ ਆਉਣੀ।

২

ਬੱਚੇ

ਬੱਚਾ ਮਾਪਿਆਂ ਦਾ ਖਿਡੌਣਾ – ਮਾਂ ਦਾ ਚੈਨ ਤੇ ਪਿਉ ਦਾ ਦਿਲ-ਪਰਚਾਵਾ, ਮਾਂ ਦੀ ਜਿੰਦ ਜਾਨ ਤੇ ਪਿਉ ਦਾ ਸਹਾਰਾ, ਘਰ ਦੀ ਰੌਣਕ, ਤੇ ਬਾਹਰ ਦੀ ਬਹਾਰ, ਮਨੁਖ ਦਾ ਪਿਤਾ ਤੇ ਦੇਸ ਦਾ ਆਗੂ – ਹਾਂ ਸਭ ਕੁਝ ਹੋਸੀ ਪਰ ਅਫਸੋਸ ! ਅਸਾਂ ਬੱਚਿਆਂ ਦੀ ਕਦਰ ਨਾ ਪਛਾਣੀ। ਸਾਡੇ ਲਈ ਬਾਲ ਖੰਡ ਦੇ ਖਿਡੌਣੇ ਹੀ ਹਨ – ਅਸੀਂ ਉਹਨਾਂ ਨੂੰ ਵੇਖ ਵੇਖ ਕੇ ਖ਼ੁਸ਼ ਹੁੰਦੇ ਹਾਂ, ਉਹਨਾਂ ਦੀਆਂ ਤੋਤਲੀਆਂ ਤੋਤਲੀਆਂ ਗੱਲਾਂ ਸੁਣ ਕੇ ਖਿੜ ਖਿੜ ਹਸਦੇ ਹਾਂ, ਉਹਨਾਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਦੇ ਹਾਂ ਤੇ ਉਹਨਾਂ ਦੇ ਦੁਖ ਨੂੰ ਆਪਣਾ ਦੁਖ, ਪਰ ਸਾਨੂੰ ਫੇਰ ਵੀ ਬਾਲ ਸਾਂਭਣ ਦੀ ਜਾਚ ਨਾ ਆਈ। ਮਾਂ ਨੂੰ ਬਾਲ ਬੜਾ ਪਿਆਰਾ ਹੈ, ਆਪਣੀ ਜਾਨ ਤੋਂ ਪਿਆਰਾ ਹੁੰਦਾ ਹੈ, ਬੱਚੇ ਦੀ ਮੌਤ ਮਾਂ ਲਈ ਇਕ ਅਸਹਿ ਸੱਟ ਹੁੰਦੀ ਹੈ, ਬੱਚਾ ਮਾਂ ਦੀ ਭਵਿਖਤ ਦੀ ਆਸ ਹੈ, ਇਹ ਸਭ ਕੁਝ ਹੈ ਪਰ ਸਾਡੀਆਂ ਮਾਵਾਂ ਨੂੰ ਬੱਚੇ ਪਾਲਣ ਦੀ ਸਮਝ ਨਾ ਆਈ। ਮਾਤਾ ਬੱਚੇ ਨੂੰ ਪਿਆਰ ਜ਼ਰੂਰ ਕਰਦੀ ਹੈ ਪਰ ਪਿਆਰ ਕਰਨ ਦਾ ਵਲ ਨਾ ਆਇਆ। ਮਾਤਾ ਦਾ ਬੱਚੇ ਨਾਲ ਮੋਹ ਹੈ ਪਰ ... ...

ਆਪਣੇ ਘਰਾਂ ਨੂੰ ਵੇਖੋ ਅਸੀਂ ਬਾਲਾਂ ਨਾਲ ਕਿਸਤਰ੍ਹਾਂ ਵਰਤਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਬਾਲ ਕਦੇ ਰੋਂਦੇ ਨਾ ਦਿਸਣ ਕਿਉਂਕਿ ਬਾਲ ਹਸਦੇ ਖੇਡਦੇ ਹੀ ਚੰਗੇ ਲਗਦੇ ਹਨ ਪਰ ਬਹੁਤ ਵਾਰੀ ਅਸੀਂ ਆਪ ਹੀ ਉਹਨਾਂ ਨੂੰ ਰੁਆਂਦੇ ਹਾਂ। ਜੇ ਨੁਹਾਈਦਾ ਹੈ ਤਾਂ ਬੰਨ੍ਹ ਕੇ ਤੇ ਚੰਡਾਂ ਮਾਰ ਕੇ, ਐਵੇਂ ਉਹ ਕਾਬੂ ਹੀ ਨਹੀਂ ਆਉਂਦੇ ਤੇ ਨਾ ਹੀ ਨਹਾਉਣ ਦਾ ਨਾਂ ਲੈਂਦੇ ਹਨ। ਜੇ ਉਨ੍ਹਾਂ ਦਾ ਸਿਰ ਧੋਈਦਾ ਹੈ ਤਾਂ ਕੁਟ ਕੁਟ ਕੇ, ਐਵੇਂ ਉਹ ਸਿਰ ਧੋਣ ਦੇ ਰਾਹ ਹੀ ਨਹੀਂ ਜਾਂਦੇ। ਕੰਘੀ ਫੇਰਨੀ ਹੁੰਦੀ ਹੈ ਤਾਂ ਵੀ ਬਥੇਰਾ ਪਿੱਟਣਾ ਪੈਂਦਾ ਹੈ, ਮਾਰ ਖਾਧੇ ਬਗ਼ੈਰ ਤੇ ਰੋਏ ਬਗ਼ੈਰ ਉਹ ਨੇੜੇ ਹੀ ਨਹੀਂ ਆਉਂਦੇ। ਜੇ ਕਪੜੇ ਪਾਣੇ ਹੁੰਦੇ ਹਨ ਤਾਂ ਧੱਫੇ ਮੁੱਕੇ ਮਾਰ ਕੇ, ਐਵੇਂ ਉਹ ਵੀ ਕਪੜੇ ਨਹੀਂ ਪਾਉਂਦੇ। ਜੇ ਦੁਧ ਪਿਆਈਦਾ ਹੈ ਤਾਂ ਵੀ ਢਾਹ ਕੇ ਹੀ ਦਈਦਾ ਹੈ, ਆਪਣੇ ਆਪ ਉਹ ਵੀ ਨਹੀਂ ਪੀਂਦੇ। ਜੇ ਰੋਂਦੇ ਬਾਲ ਨੂੰ ਚੁਪ ਕਰਾਣਾ ਹੋਵੇ ਤਾਂ ਵੀ ਉਹ ਝਿੜਕਾਂ ਤੇ ਮਾਰ ਖਾਧੇ ਬਿਨਾਂ ਚੁਪ ਨਹੀਂ ਕਰਦਾ, ਬਾਲ ਨੂੰ ਸੁਆਣਾ ਹੋਵੇ ਤਾਂ ਨਾਲੇ ਲੋਰੀਆਂ ਦਈਦੀਆਂ ਹਨ ਤੇ ਨਾਲੇ ਬਥੋਕੜੀਦਾ ਹੈ ਪਰ ਜਦ ਤਕ 'ਹਊਏ' ਤੇ ਬਿਲੀ ਦਾ ਡਰ ਨਾ ਪਾਉ ਤੇ ਚਪੇੜਾਂ ਨਾ ਮਾਰੋ ਸੌਂਦੇ ਉਹ ਵੀ ਨਹੀਂ। ਬਾਲ ਭੰਡੀਆਂ ਪਾਂਦੇ ਹਨ ਤੇ ਐਵੇਂ ਖਹਿੜਾ ਹੀ ਨਹੀਂ ਛਡਦੇ ਜਦ ਤਕ ਤੁਸੀਂ ਫੰਡ ਨਾ ਚਾੜ੍ਹੋ। ਜੇ ਤੁਹਾਨੂੰ ਕੰਮ ਨਾ ਕਰਨ ਦੇਣ ਤੇ ਤੁਹਾਨੂੰ ਤੰਗ ਪਏ ਕਰਨ ਤਾਂ ਜਦ ਤਕ ਤੁਸੀਂ ਮਾਰ ਕੁਟ ਕੇ ਮੰਜੀ ਤੇ ਸੁਆ ਨਾ ਆਉ ਤੁਸੀਂ ਕੋਈ ਕੰਮ ਨਹੀਂ ਕਰ ਸਕਦੇ। ਜੇ ਤੁਹਾਡੇ ਪਿੱਛੇ ਲਗੇ ਰਹਿਣ ਤੇ ਆਖਣ ਕੁੱਛੜ ਈ ਚੜ੍ਹਨੈ ਤਾਂ ਜਦ ਤਕ ਤੁਸੀਂ ਉਨ੍ਹਾਂ ਨੂੰ 'ਮੰਗਣ ਵਾਲੇ' ਦਾ ਡਰ ਨਾ ਪਾਉ ਤੇ ਧੱਫੇ ਮੁੱਕੇ ਮਾਰ ਕੇ ਰੁਆ ਨਾ ਦਿਓ, ਉਹ ਤੁਹਾਡੇ ਮਗਰੋਂ ਨਹੀਂ ਲਹਿੰਦੇ। ਜਿਦਾਂ ਕਰਨ ਤਾਂ ਬਣਾ ਕੇ ਕੁੱਟੋ, ਐਵੇਂ ਉਹ ਵੀ ਢੀਠ ਨਹੀਂ ਮੁੜਦੇ। ਜੇ ਕਿਸੇ ਬਾਲ

ਦੀ ਰੀਸ ਕਰਕੇ ਕੁਝ ਮੰਗਣ ਤਾਂ ਝਟ ਝਿੜਕ ਕੇ ਬਹਾ ਦਿਓ ਨਹੀਂ ਤਾਂ ਬੜਾ ਤੰਗ ਕਰਦੇ ਹਨ। ਜੇ ਆਖੇ ਨਾ ਲਗਣ ਤਾਂ ਜ਼ਰਾ ਸੋਟੀ ਨਾਲ ਘੜੋ, ਆਪੇ ਸਿੱਧੇ ਹੋ ਜਾਣਗੇ। ਜੇ ਛਾਬੜੀ ਵਾਲੇ ਨੂੰ ਜਾਂ ਕੁਲਫ਼ੀ ਵਾਲੇ ਨੂੰ ਵੇਖ ਕੇ ਪੈਸੇ ਮੰਗਣ, ਜੇ ਨਾ ਦੇਣਾ ਹੋਵੇ ਤਾਂ ਜੇ ਉਹ ਘੜੀ ਘੜੀ ਮੰਗਣ ਤਾਂ ਬੇਸ਼ਕ ਮਾਰੋ। ਜੇ ਮੰਜੀ ਤੇ ਟੱਟੀ ਪਿਸ਼ਾਬ ਕਰ ਦਏ ਤਾਂ ਉਠਦਿਆਂ ਹੀ ਖ਼ਬਰ ਲਓ। ਜੇ ਕੰਮ ਨਾ ਕਰਨ ਤਾਂ ਡੰਡਾ, ਸੋਟਾ, ਚਿਮਟਾ ਜੋ ਵੀ ਹਥ ਆਵੇ ਉਹਦੇ ਨਾਲ ਉਹਦੀਆਂ ਹੱਡੀਆਂ ਫੋਹ ਸੁੱਟੋ। ਜੇ ਬਾਲ ਪੜ੍ਹਨ ਨਾ ਜਾਏ ਤਾਂ ਉਹਨੂੰ ਆਪ ਵੀ ਮਾਰੋ ਤੇ ਉਹਨੂੰ ਉਹਦੇ ਮਾਸਟਰ ਕੋਲੋਂ ਵੀ ਮਾਰ ਪੁਆਉ। ਜੇ ਸਾਰਾ ਦਿਨ ਖੇਡਦਾ ਹੀ ਰਹੇ ਤੇ ਘਰ ਨਾ ਵੜੇ ਤਾਂ ਉਹਨੂੰ ਘਰ ਲਿਆ ਕੇ ਗੋਹਿਆਂ ਵਾਲੀ ਕੋਠੀ ਵਿਚ ਡਕ ਦਿਉ। ਜੇ ਸਾਰਾ ਦਿਨ ਘਰ ਰੀਂ ਰੀਂ ਕਰਦਾ ਰਹਿੰਦਾ ਹੋਵੇ ਤੇ ਗਲੀ ਵਿਚ ਬਾਲਾਂ ਨਾਲ ਖੇਡਣ ਨਾ ਜਾਏ ਤਾਂ ਮਾਰ ਕੁਟ ਕੇ ਘਰੋਂ ਬਾਹਰ ਕੱਢੋ ਸੂ ਤੇ ਬੂਹਾ ਮਾਰ ਦਿਉ! ਜੇ ਸਾਰਾ ਦਿਨ ਰੋਟੀ ਪਾਣੀ ਹੀ ਮੰਗਦਾ ਰਹੇ ਤਾਂ ਤੁਸੀਂ ਜਦੋਂ ਵੇਹਲੇ ਹੋਵੋ ਦਿਉ, ਅਗੇ ਪਿਛੇ ਪਿਆ ਰੋਵੇ ਤੁਸੀਂ ਨਾ ਉਠੋ। ਜੇ ਮਿੱਟੀ ਘੱਟੇ ਵਿਚ ਖੇਡ ਕੇ ਕਪੜੇ ਗੰਦੇ ਕਰੇ ਤਾਂ ਮਾਰ ਮਾਰ ਕੇ ਮੂੰਹ ਲਾਲ ਕਰ ਦਿਓ। ਜੇ ਘੜੀ ਘੜੀ ਆਖੇ "ਨਵੇਂ ਕਪੜੇ ਪਾਣੇ ਨੇ" ਤਾਂ ਮਾਰੋ ਕੁੱਟੋ।

ਇਹ ਕੁਝ ਕਰਦੇ ਹਾਂ ਅਸੀਂ ਬਾਲਾਂ ਨਾਲ! ਇਹ ਹਨ ਸਾਡੇ ਬਾਲਾਂ ਨੂੰ ਸਿਖਿਆ ਦੇ ਤਰੀਕੇ! ਇਹ ਹੈ ਸਾਡੀਆਂ ਮਾਵਾਂ ਦੀ ਬੱਚਿਆਂ ਦੀ ਸੰਭਾਲ ਜਿਸ ਤੇ ਉਹ ਐਡਾ ਮਾਨ ਕਰਦੀਆਂ ਹਨ। ਕੀ ਅਸੀਂ ਇਸੇ ਤਰ੍ਹਾਂ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਭਵਿਖਤ ਜੀਵਨ ਲਈ ਤਿਆਰ ਕਰ ਰਹੇ ਹਾਂ? ਕੀ ਇਸੇ ਤਰ੍ਹਾਂ ਬਾਲਾਂ ਨੂੰ ਕੌਮ ਤੇ ਦੇਸ਼ ਦੇ ਆਗੂ ਬਨਣ ਦੇ ਯੋਗ ਬਣਾਈਦਾ ਹੈ? ਕੀ ਅਸੀਂ ਆਪਣੇ ਧੀਆਂ ਪੁੱਤਰਾਂ ਨੂੰ ਬਾਲ

ਸਾਂਭਣ ਦੀ ਇਹ ਹੀ ਜਾਚ ਸਿਖਾ ਰਹੇ ਹਾਂ ? ਕੀ ਅਸੀਂ ਇਨ੍ਹਾਂ ਹੀ ਬਾਲਾਂ ਤੇ ਐਨੀਆਂ ਆਸਾਂ ਰਖੀ ਬੈਠੇ ਹਾਂ ? ਕੀ ਇਹ ਬਾਲ ਮਾਪਿਆਂ ਦੇ ਆਗਿਆਕਾਰ ਪੁੱਤਰ ਧੀਆਂ ਹੋਣਗੇ ? ਕੀ ਇਹ ਹੀ ਬੱਚੇ ਬੁੱਢੇ ਮਾਤਾ ਪਿਤਾ ਦੀ ਸੇਵਾ ਕਰਨਗੇ ਤੇ ਤੁਹਾਨੂੰ ਖੱਟ ਕੇ ਖੁਆਣਗੇ ?

ਅਫ਼ਸੋਸ ! ਅਸਾਂ ਬੱਚਿਆਂ ਦੇ ਅਮੋਲਕ ਜੀਵਨ ਦੀ ਕਦਰ ਨਾ ਪਾਈ ਤੇ ਉਨ੍ਹਾਂ ਨੂੰ ਯੋਗ ਬਨਾਣ ਦੀ ਸਾਨੂੰ ਜਾਚ ਨਾ ਆਈ। ਅਸਾਂ ਬੱਚਿਆਂ ਨੂੰ ਨਿਰਾ ਆਪਣਾ ਦਿਲ-ਪਰਚਾਵਾ ਤੇ ਘਰ ਦੀ ਰੋਣਕ ਹੀ ਸਮਝ ਛਡਿਆ, ਸਾਨੂੰ ਇਸ ਗੱਲ ਦਾ ਖ਼ਿਆਲ ਨਾ ਆਇਆ ਕਿ ਇਹ ਹੀ ਬੱਚੇ ਦੇਸ ਦੀ ਤੇ ਕੌਮ ਦੀ ਸ਼ਾਨ ਹਨ, ਇਨ੍ਹਾਂ ਨੂੰ ਹੋਰਨਾਂ ਦੇਸਾਂ ਤੇ ਕੌਮਾਂ ਦੇ ਕਿਸ ਨਜ਼ਰ ਨਾਲ ਵੇਖਣਗੇ। ਜਿਨ੍ਹਾਂ ਬੱਚਿਆਂ ਦਾ ਘਰ ਦਾ ਜੀਵਨ ਹੀ ਮਾਪਿਆਂ ਕੋਲੋਂ ਝਿੜਕਾਂ ਤੇ ਮਾਰਾਂ ਖਾਂਦਿਆਂ ਗੁਜ਼ਰਦਾ ਹੈ, ਉਨ੍ਹਾਂ ਵਿਚਾਰਿਆਂ ਵੱਡਿਆਂ ਹੋ ਕੇ ਕੀ ਕਰਨਾ ਹੈ ? ਜਿਨ੍ਹਾਂ ਨੂੰ ਹਰ ਵਕਤ ਮਾਪਿਆਂ ਦੀ ਹਕੂਮਤ ਵਿਚ ਰਹਿਣਾ ਪੈਂਦਾ ਹੈ, ਤੇ ਕੋਈ ਕੰਮ ਉਨ੍ਹਾਂ ਦੀ ਮਰਜ਼ੀ ਦੇ ਬਰਖ਼ਿਲਾਫ਼ ਨਹੀਂ ਕਰ ਸਕਦੇ, ਉਨ੍ਹਾਂ ਭਲਕੇ ਕੀ ਆਪਣਾ ਆਪ ਦਿਖਾਣਾ ਹੈ ? ਜਿਨ੍ਹਾਂ ਨੂੰ ਘਰਾਂ ਵਿਚ ਆਪਣੀ ਅਕਲ ਵਰਤਣ ਦੀ ਆਗਿਆ ਨਹੀਂ, ਉਨ੍ਹਾਂ ਵੱਡੇ ਹੋ ਕੇ ਕੀ ਬਨਾਣਾ ਹੈ ? ਜਿਹੜੇ ਘਰ ਆਪਣੀ ਸ਼ਖ਼ਸੀਅਤ ਨਾ ਪ੍ਰਗਟ ਕਰ ਸਕੇ, ਉਨ੍ਹਾਂ ਦੀ ਕੀ ਦਲੇਰੀ ਪੈਣੀ ਹੈ ਕਿ ਸੱਚ ਤੇ ਨਿਆਂ ਲਈ ਮਰ ਮਿਟਨ ? ਜਿਨ੍ਹਾਂ ਨੂੰ ਅਸਾਂ ਘਰਾਂ ਵਿਚ ਸ੍ਵੈ ਸਤਿਕਾਰ ਨਹੀਂ ਸਿਖਾਇਆ, ਉਨ੍ਹਾਂ ਬਾਹਰ ਆਪਣਾ ਸ੍ਵੈ ਸਤਿਕਾਰ ਕਿਥੇ ਰਖਣਾ ਹੈ ? ਜਿਨ੍ਹਾਂ ਦੀ ਅਸਾਂ ਘਰ ਕਦਰ ਨਹੀਂ ਕੀਤੀ, ਉਨ੍ਹਾਂ ਦੀ ਬਾਹਰ ਕਿਸ ਕਦਰ ਕਰਨੀ ਹੈ ? ਜਿਨ੍ਹਾਂ ਨੂੰ ਘਰਾਂ ਵਿਚ ਆਜ਼ਾਦੀ ਨਹੀਂ ਮਿਲੀ, ਉਨ੍ਹਾਂ ਨੂੰ ਦੇਸ ਵਿਚ ਆਜ਼ਾਦੀ ਦੀ ਕੀ ਆਸ ਹੋ ਸਕਦੀ ਹੈ ? ਜਿਹੜੇ ਘਰ 'ਭੈੜੇ' ਹਨ ਉਹ

ਸੰਸਾਰ ਵਿਚ ਕਦ 'ਚੰਗੇ' ਹੋ ਸਕਦੇ ਹਨ। ਜਿਨ੍ਹਾਂ ਛੋਟੇ ਹੁੰਦਿਆਂ ਮਾਪਿਆਂ ਦੇ 'ਜ਼ੁਲਮ' ਸਹੇ ਹਨ, ਉਨ੍ਹਾਂ ਭਲਕੇ ਆਪਣੇ ਬਾਲਾਂ ਨਾਲ ਭੀ ਇਹੋ ਕੁਝ ਕਰਨਾ ਹੈ। ਜਿਨ੍ਹਾਂ ਧੀਆਂ ਨੇ ਆਪਣੀਆਂ ਮਾਵਾਂ ਕੋਲੋਂ ਇਹ ਕੁਝ ਸਿਖਿਆ ਹੈ, ਉਨ੍ਹਾਂ ਵੀ ਮਾਵਾਂ ਬਣ ਕੇ ਉਹੋ ਕਰਨਾ ਹੈ।..... ਇਹ ਚੱਕਰ ਇਸੇ ਤਰ੍ਹਾਂ ਹੀ ਚਲਦਾ ਜਾਏਗਾ।

ਜੇ ਅਸੀਂ ਆਪਣੀ, ਆਪਣੀ ਕੌਮ ਦੀ, ਆਪਣੇ ਦੇਸ ਦੀ, ਨਹੀਂ ਨਹੀਂ ਮਨੁੱਖ ਜਾਤੀ ਦੀ ਮੁਕਤੀ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਘਰਾਂ ਨੂੰ ਸੁਧਾਰਨਾ ਚਾਹੀਦਾ ਹੈ, ਆਪਣੇ ਬੱਚਿਆਂ ਦੇ ਜੀਵਨ ਨੂੰ ਸੁਧਾਰਨਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਯੋਗ ਬਨਾਣਾ ਚਾਹੀਦਾ ਹੈ। ਸਾਡਾ ਭਲਾ ਇਸੇ ਵਿਚ ਹੈ।

ਅਜ ਦਾ ਮਾਂ ਦੀ ਗੋਦੀ ਖੇਡਦਾ ਬੱਚਾ ਭਲਕੇ ਦੇਸ ਦਾ ਆਗੂ ਬਣੇਗਾ। ਕੌਮ ਦਾ ਲਾਲ ਹੋਵੇਗਾ ਤੇ ਮਨੁਖ ਜਾਤੀ ਦਾ ਚਮਕਦਾ ਸਤਾਰਾ ਹੋਵੇਗਾ, ਕੌਮ ਨੂੰ, ਦੇਸ਼ ਨੂੰ, ਮਨੁਖ ਨੂੰ ਤੇ ਸਭ ਤੋਂ ਵਧ ਮਾਪਿਆਂ ਨੂੰ ਉਸ ਤੇ ਬੜੀਆਂ ਆਸਾਂ ਹਨ। ਦੁਨੀਆਂ ਨੂੰ ਸੁਖੀ ਬਨਾਣ ਵਾਲੇ ਆਪ ਤਾਂ ਆਪਣੀ ਮਿਹਨਤ ਦਾ ਫਲ ਘੱਟ ਹੀ ਖਾਂਦੇ ਹਨ, ਅਜ ਦਾ ਬੱਚਾ ਹੀ ਵੱਡਾ ਹੋ ਕੇ ਦੁਨੀਆਂ ਦੀ ਤਰੱਕੀ ਦਾ ਫ਼ਾਇਦਾ ਉਠਾਏਗਾ। ਸਾਡੇ ਨਾਲੋਂ ਅਗੇ ਆਉਣ ਵਾਲੀਆਂ ਪੀੜ੍ਹੀਆਂ ਸਾਇੰਸ ਦੀਆਂ ਕਾਢਾਂ ਦੀ ਸਾਡੇ ਤੋਂ ਜ਼ਿਆਦਾ ਵਰਤੋਂ ਕਰਨਗੀਆਂ, ਵਰਤਮਾਨ ਸਮੇਂ ਵਿਚ ਸਿਖੀਆਂ ਗੱਲਾਂ ਦਾ ਸੁਖ ਸਾਡੇ ਪੁਤਰ, ਧੀਆਂ, ਪੋਤਰੇ, ਪੋਤਰੀਆਂ ਆਦਿਕ ਹੀ ਭੋਗਣਗੇ। ਪਰ ਕੀ ਅਸੀਂ ਉਹਨਾਂ ਨੂੰ ਇਸ ਦੇ ਯੋਗ ਬਣਾ ਰਹੇ ਹਾਂ? ਕੀ ਬਦਲਦੀ ਦੁਨੀਆਂ ਲਈ ਅਸੀਂ ਉਹਨਾਂ ਨੂੰ ਤਿਆਰ ਕਰ ਰਹੇ ਹਾਂ? ਕੀ ਅਸੀਂ ਉਹਨਾਂ ਨੂੰ ਜ਼ਮਾਨੇ ਦੀਆਂ ਲੋੜਾਂ ਅਨੁਸਾਰ ਸਿਖਿਆ ਦੇ ਰਹੇ ਹਾਂ? ਕੀ ਅਸੀਂ ਮਨੁਖ ਦੀ ਪੁੰਗਰਦੀ ਪਨੀਰੀ ਦਾ ਕੋਈ ਉਪਰਾਲਾ ਕਰ

ਰਹੇ ਹਾਂ ? ਜਿਹਨਾਂ ਨੇ ਸਾਡੀਆਂ ਕੋਸ਼ਿਸ਼ਾਂ ਦੇ ਸਿੱਟੇ ਵੇਖਣੇ ਹਨ ਕੀ ਅਸੀਂ ਉਹਨਾਂ ਨੂੰ ਇਸ ਦੇ ਯੋਗ ਬਣਾ ਰਹੇ ਹਾਂ ?

ਜੇ ਅਸੀਂ ਇਹ ਖ਼ਿਆਲ ਕਰੀਏ ਕਿ ਬੱਚਿਆਂ ਨੂੰ ਪਾਲਨ ਪੋਸਣ ਦੇ ਢੰਗ ਉਹ ਹੀ ਹਨ ਜੋ ਕਈਆਂ ਸਦੀਆਂ ਤੋਂ ਮਾਪੇ ਵਰਤਦੇ ਆਏ ਹਨ ਤਾਂ ਇਹ ਸਾਡੀ ਭੁਲ ਹੈ, ਮਾਪੇ ਬਦਲਣ ਨਾ ਬਦਲਣ, ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ, ਦੁਨੀਆਂ ਨੂੰ ਬੰਨ੍ਹ ਕੋਈ ਨਹੀਂ ਲਾ ਸਕਦਾ। ਅਜ ਜ਼ਮਾਨਾ ਹੋਰ ਦਾ ਹੋਰ ਹੀ ਹੈ ਤੇ ਸਿਆਣਪ ਇਸੇ ਵਿਚ ਹੀ ਹੈ ਕਿ ਅਸੀਂ ਨਵੀਆਂ ਖੋਜਾਂ ਦੀ ਸਿਖਿਆ ਤੋਂ ਕੁਝ ਸਿਖੀਏ। ਬੱਚਿਆਂ ਸਬੰਧੀ ਹੋਰਨਾਂ ਉੱਨਤ ਦੇਸਾਂ ਵਿਚ ਬੜਾ ਕੰਮ ਹੋ ਰਿਹਾ ਹੈ ਤੇ ਇਸ ਮਜ਼ਮੂਨ ਉਤੇ ਇਤਨਾ ਸਾਹਿਤ ਲਿਖਿਆ ਜਾ ਚੁਕਾ ਹੈ ਕਿ ਦੇਖ ਕੇ ਹੈਰਾਨੀ ਦੀ ਕੋਈ ਹਦ ਨਹੀਂ ਰਹਿੰਦੀ ਕਿ ਖੋਜੀਆਂ ਨੇ ਕੀ ਕੀ ਕਰ ਵਿਖਾਇਆ ਹੈ। ਅਮਰੀਕਾ, ਇੰਗਲਿਸਤਾਨ ਆਦਿਕ ਵਿਚ ਮਾਪਿਆਂ ਦੀਆਂ ਅਨੇਕਾਂ ਕਮੇਟੀਆਂ ਬਣੀਆਂ ਹੋਈਆਂ ਹਨ ਜਿਥੇ ਮਾਪੇ ਰਲ ਕੇ ਸਾਂਝੀਆਂ ਘੁੰਡੀਆਂ ਨੂੰ ਖੋਲ੍ਹਣ ਦੇ ਯਤਨ ਕਰਦੇ ਹਨ ਤੇ ਆਪਣੀਆਂ ਤੇ ਆਪਣੇ ਬੱਚਿਆਂ ਦੀਆਂ ਔਕੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਅਨਗਿਣਤ ਅਖ਼ਬਾਰਾਂ ਤੇ ਰਿਸਾਲੇ ਸਿਰਫ਼ ਬੱਚਿਆਂ ਦੀ ਸਿਖਿਆ ਤੇ ਸੰਭਾਲ ਤੇ ਪ੍ਰਕਾਸ਼ਤ ਹੁੰਦੇ ਹਨ।

ਕਈ ਖ਼ਾਸ ਥਾਵਾਂ ਹਨ ਜਿਥੇ ਬਾਲਾਂ ਦੀਆਂ ਔਕੜਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਸ਼ਰਾਰਤੀ ਬਾਲਕਾਂ ਦੀਆਂ ਸ਼ਰਾਰਤਾਂ ਦੀ ਪੜਤਾਲ ਕੀਤੀ ਜਾਂਦੀ ਹੈ, ਬਾਲਾਂ ਦੀਆਂ ਝੂਠ ਬੋਲਣ, ਚੋਰੀ ਕਰਨ ਤੇ ਹਰ ਕਿਸਮ ਦੀਆਂ ਆਦਤਾਂ ਦੀ ਖੋਜ ਕੀਤੀ ਜਾਂਦੀ ਹੈ। ਗੱਲ ਕੀ ਬੱਚਿਆਂ ਦੀ ਹਰ ਤਰ੍ਹਾਂ ਦੀ ਪਰਖ ਕੀਤੀ ਜਾਂਦੀ ਹੈ। ਕੋਸ਼ਿਸ਼ ਇਹ ਹੁੰਦੀ ਹੈ ਕਿ ਬੱਚੇ ਦਾ ਜੀਵਨ ਘਰ ਵਿਚ, ਸਕੂਲ ਵਿਚ ਤੇ ਸੰਸਾਰ ਵਿਚ

ਸੁਖੀ ਤੇ ਲਾਭਦਾਇਕ ਬਣਾਇਆ ਜਾਏ। ਅਮਰੀਕਾ ਦੀ ਸਰਕਾਰ ਹਰ ਸਾਲ ਲੱਖਾਂ ਕਰੋੜਾਂ ਰੁਪਏ ਸਿਰਫ਼ ਇਸ ਗੱਲ ਤੇ ਖ਼ਰਚ ਕਰਦੀ ਹੈ ਕਿ ਬਚਿਆਂ ਦੀ ਸਿਖਿਆ ਤੇ ਸੰਭਾਲ ਸੰਬੰਧੀ ਜ਼ਰੂਰੀ ਜ਼ਰੂਰੀ ਗੱਲਾਂ ਤੇ ਤਜਵੀਜ਼ਾਂ ਛੋਟੇ ਛੋਟੇ ਟ੍ਰੈਕਟਾਂ ਦੀ ਸ਼ਕਲ ਵਿਚ ਮਾਵਾਂ ਤਕ ਮੁਫ਼ਤ ਪੁਚਾਈਆਂ ਜਾਣ। ਧਨੀ ਤੇ ਉਦਾਰ ਸਜਣ ਲੱਖਾਂ ਕਰੋੜਾਂ ਰੁਪਏ ਐਸੇ ਟਰਸਟ ਬਣਾਨ ਲਈ ਦਾਨ ਕਰਦੇ ਹਨ, ਜਿਨ੍ਹਾਂ ਰਾਹੀਂ ਬੱਚਿਆਂ ਸੰਬੰਧੀ ਖੋਜ ਕੀਤੀ ਜਾਵੇ, ਲੋੜਵੰਦਾਂ ਨੂੰ ਯੋਗ ਮਦਦ ਦੇ ਕੇ ਸਹਾਇਤਾ ਕੀਤੀ ਜਾਏ। ਕੀ ਉਹ ਲੋਕ ਸ਼ੁਦਾਈ ਹੋ ਗਏ ਹਨ ਜੋ ਇਨ੍ਹਾਂ ਗੱਲਾਂ ਤੇ ਬੇਅੰਤ ਮਾਇਆ ਉਜਾੜ ਰਹੇ ਹਨ, ਕਿ ਅਸੀਂ ਬੇਵਕੂਫ਼ ਹਾਂ ਜੋ ਇਨ੍ਹਾਂ ਗੱਲਾਂ ਦੀ ਪਰਵਾਹ ਹੀ ਨਹੀਂ ਕਰਦੇ? ਸਾਡੇ ਲੱਖਾਂ-ਪਤੀ ਤੇ ਕਰੋੜਾਂ ਪਤੀ ਜੇ ਦਾਨ ਕਰਨਗੇ ਵੀ ਤਾਂ ਮੰਦਰਾਂ, ਗੁਰਦਵਾਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਲਈ, ਐਸੇ ਕੰਮਾਂ ਵਲ ਕੋਈ ਧਿਆਨ ਨਹੀਂ ਕਰਦਾ। ਧਿਆਨ ਕਰਨ ਵੀ ਕਿਵੇਂ ਜਦ ਕਿ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਕਿ ਇਸ ਵਿਸ਼ੇ ਤੇ ਖੋਜੀਆਂ ਨੇ ਕੀ ਕੀ ਕਰ ਵਿਖਾਇਆ ਹੈ। ਅਸਲ ਵਿਚ ਸਾਡੇ ਵਿਚ ਇਨ੍ਹਾਂ ਗੱਲਾਂ ਦਾ ਸ਼ੌਕ ਹੀ ਨਹੀਂ ਕਿ ਅਸੀ ਬੱਚੇ ਦੀਆਂ ਔਕੜਾਂ ਦੂਰ ਕਰਨ ਲਈ ਕਿਸੇ ਹੋਰ ਦੀ ਸਹਾਇਤਾ ਲਈਏ ਜਾਂ ਪੁਛ ਗਿਛ ਕਰੀਏ। ਅਸੀਂ ਤਾਂ ਬੱਚੇ ਪਾਲਣ ਤੇ ਸੰਭਾਲਣ ਵਿਚ ਆਪਣੇ ਆਪ ਨੂੰ ਪਰਪੱਕ ਸਮਝਦੇ ਹਾਂ, ਸਾਨੂੰ ਇਕੋ ਗੁਰ ਆਉਂਦਾ ਹੈ, "ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।" ਅਸੀਂ ਤਾਂ ਬੱਚਿਆਂ ਨੂੰ ਮੋਮ ਦੇ ਖਿਡੌਣੇ ਹੀ ਸਮਝਦੇ ਹਾਂ, ਜਿਨ੍ਹਾਂ ਨੂੰ ਜਿਦਾਂ ਜੀ ਕੀਤਾ ਢਾਲ ਲਿਆ। ਜੇ ਕਦੇ ਪੰਜਾਂ ਚਹੁੰ ਬਾਲਾਂ ਦੇ ਕਿਸੇ ਮਾਂ ਜਾਂ ਪਿਉ ਨਾਲ ਬੱਚਿਆਂ ਦੀ ਸਿਖਿਆ ਤੇ ਸੰਭਾਲ ਬਾਬਤ ਕੋਈ ਗੱਲ ਕਰੋ ਤਾਂ ਉਹ ਹਸ ਛਡਦੇ ਹਨ। ਉਨ੍ਹਾਂ ਦਾ ਖ਼ਿਆਲ ਹੁੰਦਾ ਹੈ ਕਿ ਇਸ ਸੰਬੰਧੀ ਉਨ੍ਹਾਂ

ਨੂੰ ਕੁਝ ਸਿੱਖਣ ਦੀ ਲੋੜ ਨਹੀਂ। ਮਜ਼ਾ ਤਾਂ ਹੈ ਜੇ ਅਸੀ ਆਪਣੇ ਬੱਚੇ ਦਾ ਤੇ ਅਮਰੀਕਾ ਤੇ ਇੰਗਲਿਸਤਾਨ ਦੇ ਉਡੇ ਬਚੇ ਦਾ ਮੁਕਾਬਲਾ ਕਰਕੇ ਵੇਖੀਏ, ਅਕਲ ਦਾ ਸਮਝ ਦਾ ਤੇ ਹੋਰ ਹਰ ਪ੍ਰਕਾਰ ਦੇ ਗੁਣਾਂ ਦਾ। ਫੇਰ ਸਾਨੂੰ ਪਤਾ ਲਗੇਗਾ, ਅਸੀ ਕਿੰਨੇ ਕੁ ਪਾਣੀ ਵਿਚ ਹਾਂ। ਸਾਡੀ ਸਮਝ ਤੇ ਸਿਖਿਆ ਦੀ ਉਦਾਹਰਣ ਅਜ ਕਲ੍ਹ ਦੇ ਜਿਉਂਦੇ ਜਾਗਦੇ ਹਿੰਦੁਸਤਾਨੀ ਹਨ। ਇਨ੍ਹਾਂ ਦੇ ਮੁਕਾਬਲੇ ਤੇ ਸੰਸਾਰ ਦੀਆਂ ਹੋਰ ਕੌਮਾਂ ਦੀ ਪਰਖ ਕਰ ਦੇਖੋ। ਸਾਡੀ ਪਰਵਰਸ਼ ਤੇ ਸਿਖਿਆ ਵਿਚ ਕੀ ਊਣਤਾਈਆਂ ਹਨ ਤੇ ਅਸੀਂ ਉਨ੍ਹਾਂ ਨੂੰ ਦੂਰ ਕਰਨ ਦੇ ਕੀ ਸਾਧਨ ਕਰ ਰਹੇ ਹਾਂ ? ਕੀ ਅਸੀਂ ਅਗੋਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਤੋਂ ਵਧੇਰੇ ਯੋਗ, ਦਲੇਰ ਤੇ ਸਮਝਦਾਰ ਬਨਾਣ ਦਾ ਉਪਰਾਲਾ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਹਰ ਗਲ ਵਿਚ ਆਪਣੇ ਜਿਹਾ ਜਾਂ ਆਪਣੇ ਤੋਂ ਘਟ ਵੇਖ ਕੇ ਰਾਜ਼ੀ ਹਾਂ ?

ਸਚ ਜਾਣੋ ਸਾਡੇ ਬੱਚਿਆਂ ਨੂੰ ਨਾ ਤਾਂ ਘਰ ਵਿਚ ਆਪਣੀ ਮਰਜ਼ੀ ਨਾਲ ਕੁਛ ਕਰਨ ਦੀ ਆਗਿਆ ਹੈ ਤੇ ਨਾ ਹੀ ਸਕੂਲ ਵਿਚ। ਘਰਾਂ ਵਿਚ ਉਨ੍ਹਾਂ ਨੂੰ ਮਾਪਿਆਂ ਦੀ ਹਕੂਮਤ ਵਿਚ ਰਹਿਣਾ ਪੈਂਦਾ ਹੈ ਤੇ ਸਕੂਲ ਵਿਚ ਮਾਸਟਰ ਦੇ ਹੁਕਮ ਤੇ ਚਲਨਾ ਪੈਂਦਾ ਹੈ। ਨਾ ਮਾਪੇ ਉਨ੍ਹਾਂ ਦੇ ਖ਼ਿਆਲਾਂ ਤੇ ਭਾਵਾਂ ਦੀ ਕਦਰ ਕਰਦੇ ਹਨ ਤੇ ਨਾ ਉਸਤਾਦ; ਨਾ ਘਰ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਨਾ ਸਕੂਲ ਵਿਚ, ਘਰ ਵਿਚ ਮਾਪਿਆਂ ਤੇ ਵੱਡੇ ਭੈਣਾਂ ਭਰਾਵਾਂ ਦਾ ਰਾਜ ਹੈ, ਸਕੂਲ ਵਿਚ ਮਾਸਟਰਾਂ ਦਾ। ਬੱਚੇ ਦੀ ਦੁਨੀਆਂ ਉਸ ਦੇ ਖ਼ਿਆਲੀ ਮਹਿਲ ਹੀ ਹਨ। ਕੀ ਐਸੀ ਹਾਲਤ ਵਿਚ ਅਸੀਂ ਆਸ ਕਰ ਸਕਦੇ ਹਾਂ ਕਿ ਬੱਚਾ ਵੱਡਾ ਹੋ ਕੇ ਆਜ਼ਾਦੀ ਦੀ ਕਦਰ ਕਰਨ ਜੋਗਾ ਹੋਵੇਗਾ। ਜਿਸ ਨੂੰ ਕਦੇ ਆਜ਼ਾਦੀ ਪ੍ਰਾਪਤ ਹੀ ਨਹੀਂ ਹੋਈ, ਉਸ ਨੂੰ ਇਸ ਦਾ ਕੀ ਪਤਾ। ਸਾਡੇ ਘਰਾਂ ਵਿਚ

ਨਿਕੀ ਨਿਕੀ ਗੱਲ ਵੀ ਬੱਚਾ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦਾ। ਜੇ ਬਾਲ ਆਪ ਨਹਾਉਣਾ ਚਾਹੇ ਤਾਂ ਮਾਂ ਕਹੇਗੀ, "ਨਹੀਂ, ਤੈਨੂੰ ਨਹੀਂ ਜ਼ਾਚ ਆਉਂਦੀ।" ਜੇ ਕਪੜਾ ਆਪ ਪਾਣ ਦੀ ਕੋਸ਼ਿਸ਼ ਕਰੇ, "ਛੱਡ ਪਰੇ ਤੇਰੇ ਕੋਲੋਂ ਪੈਣੇ ਵੀ ਨੇ, ਐਵੇਂ ਪਾੜਨੈਂ, ਮੈਲੇ ਕਰਨੈਂ"। ਜੇ ਬਾਲ ਆਪਣੇ ਖਿਡਾਉਣੇ, ਕਪੜੇ ਆਦਿ ਸਾਂਭਣ ਦੀ ਖ਼ਾਹਿਸ਼ ਪ੍ਰਗਟ ਕਰੇ ਤਾਂ ਮਾਪੇ ਝਿੜਕ ਕੇ ਕਹਿ ਦਿੰਦੇ ਹਨ, "ਤੂੰ ਕਦੇ ਕੋਈ ਚੀਜ਼ ਸਾਂਭ ਕੇ ਰੱਖੀ ਵੀ ਹੈ, ਜਿਹੜੀ ਦਈਦੀ ਹੈ ਗਵਾ ਦੇਂਦਾ ਹੈਂ, ਛਡ ਦੇ ਮੈਂ ਆਪੇ ਜੰਦਰਾ ਮਾਰ ਕੇ ਚੀਜ਼ਾਂ ਰਖਾਂਗੀ।" ਇਹ ਤਾਂ ਸਾਡਾ ਵਤੀਰਾ ਹੈ ਸਾਡੇ ਬਾਲਾਂ ਨਾਲ! ਮੰਨਿਆਂ ਪਈ ਬਾਲ ਚੀਜ਼ਾਂ ਗਵਾਂਦੇ ਹਨ, ਖ਼ਰਾਬ ਕਰਦੇ ਹਨ, ਤੇ ਜਿਹੜੇ ਕੰਮ ਉਹਨਾਂ ਨੂੰ ਨਹੀਂ ਆਉਂਦੇ ਉਹਨਾਂ ਨੂੰ ਹਥ ਪਾਉਂਦੇ ਹਨ, ਪਰ ਇਹ ਹੀ ਤਾਂ ਉਨ੍ਹਾਂ ਦੇ ਸਿਖਣ ਦਾ ਤਰੀਕਾ ਹੈ। ਜੇ ਅਸੀਂ ਉਹਨਾਂ ਨੂੰ ਨਿਕੀਆਂ ਨਿਕੀਆਂ ਗਲਾਂ ਤੋਂ ਵਰਜਦੇ ਰਹੇ ਤਾਂ ਵੱਡਿਆਂ ਹੋ ਕੇ ਉਹਨਾਂ ਵਡੇ ਕੰਮਾਂ ਨੂੰ ਹੱਥ ਪਾਣ ਦਾ ਕਿਥੇ ਹੀਆ ਕਰਨਾ ਹੈ। ਉਹਨਾਂ ਦਾ ਤੇ ਛੋਟੇ ਹੁੰਦਿਆਂ ਤੋਂ ਹੀ ਐਸਾ ਸੁਭਾ ਬਣ ਜਾਇਗਾ ਕਿ ਕਿਸੇ ਨਵੇਂ ਤੇ ਔਖੇ ਕੰਮ ਨੂੰ ਕਰਨੋਂ ਸੰਗਦੇ ਰਹਿਣਗੇ। ਸਾਡਾ ਇਹ ਫ਼ਰਜ਼ ਹੈ ਕਿ ਅਸੀ ਬੱਚੇ ਦੇ ਦੋਸਤ ਤੇ ਸਲਾਹਕਾਰ ਹੋਈਏ, ਨਾ ਕਿ ਹਾਕਮ ਤੇ ਦੁਸ਼ਮਨ। ਅਸੀਂ ਭਾਵੇਂ ਕਿਤਨਾ ਹੀ ਕਹੀਏ ਕਿ ਅਸੀ ਜੋ ਕੁਝ ਕਰਦੇ ਹਾਂ ਉਹਨਾਂ ਦੇ ਭਲੇ ਵਾਸਤੇ ਕਰਦੇ ਹਾਂ, ਜੇ ਮਾਰਦੇ ਵੀ ਹਾਂ ਤਾਂ ਵੀ ਉਨ੍ਹਾਂ ਦੇ ਭਲੇ ਵਾਸਤੇ, ਪਰ ਜੇ ਅਸੀਂ ਬੱਚੇ ਦੇ ਖ਼ਿਆਲਾਂ ਤੇ ਭਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤੇ ਆਪਣੇ ਅੰਦਰ ਝਾਤੀ ਮਾਰੀਏ ਤਾਂ ਸਾਨੂੰ ਪਤਾ ਲਗੇਗਾ ਅਸਲੀਅਤ ਕੀ ਹੈ। ਅਸੀਂ ਆਪਣੇ ਵਲੋਂ ਤਾਂ ਬੱਚੇ ਦਾ ਭਲਾ ਕਰਦੇ ਹਾਂ, ਪਰ ਅਸਲ ਵਿਚ ਉਸ ਨੂੰ ਕਾਇਰ; ਡਰਾਕਲ ਤੇ ਉਤਸ਼ਾਹ-ਹੀਨ ਬਣਾ ਰਹੇ ਹਾਂ। ਜੇ ਅਸੀਂ ਬੱਚੇ ਨੂੰ ਮਾਰਦੇ

ਹਾਂ ਤਾਂ ਆਪਣੇ ਵਲੋਂ ਤਾਂ ਉਸ ਦੀ ਭੈੜੀ ਆਦਤ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਅਸਲ ਵਿਚ ਉਸ ਨੂੰ ਆਪਣੇ ਵਿਰੁਧ ਕਰ ਰਹੇ ਹਾਂ ਤੇ ਉਸ ਦੀ ਆਦਤ ਨੂੰ ਸਗੋਂ ਪਕਿਆਂ ਕਰ ਰਹੇ ਹਾਂ, ਜੇ ਅਸੀਂ ਬਚੇ ਦੇ ਛੋਟੇ ਜਹੇ ਦਿਲ ਅੰਦਰ ਝਾਤੀ ਮਾਰੀਏ ਤਾਂ ਇਸ ਦੀ ਗਵਾਹੀ ਮਿਲ ਜਾਏ। ਮਾਰਨ ਦਾ ਅਸਰ ਮਾਰ ਖਾਣ ਵਾਲੇ ਦੀ ਸ਼ਖਸੀਅਤ ਅਨੁਸਾਰ ਹੀ ਹੁੰਦਾ ਹੈ। ਇਕ ਬੱਚਾ ਮਾਰ ਖਾ ਕੇ ਕੋਈ ਆਦਤ ਛੱਡ ਦੇਂਦਾ ਹੈ, ਦੂਜਾ ਸਗੋਂ ਢੀਠ ਹੋ ਜਾਂਦਾ ਹੈ, ਤੀਜੇ ਦੀ ਅਗੋਂ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਐਸਾ ਕੰਮ ਚੋਰੀ ਛਪੀ ਕਰੇ ਤਾਂ ਜੋ ਨਾ ਉਹ ਪਕੜਿਆ ਜਾ ਸਕੇ ਤੇ ਨਾ ਮਾਰ ਖਾਏ, ਚੌਥਾ ਮਾਰ ਖਾ ਕੇ ਅੰਦਰੋਂ ਅੰਦਰ ਕੁੜੁਦਾ ਤੇ ਰਿਝਦਾ ਰਹਿੰਦਾ ਹੈ ਅਤੇ ਮਾਪਿਆਂ ਨੂੰ ਆਪਣਾ ਦੁਸ਼ਮਨ ਸਮਝਣ ਲਗ ਪੈਂਦਾ ਹੈ। ਇਕੋ ਮਾਰ ਦੇ ਹੀ ਵਖੋ ਵਖ ਨਤੀਜੇ ਹਨ। ਹਰੇਕ ਬੱਚੇ ਦੀ ਆਪਣੀ ਸ਼ਖਸੀਅਤ ਹੁੰਦੀ ਹੈ, ਤੇ ਉਸ ਨਾਲ ਉਸੇ ਅਨੁਸਾਰ ਚਲਣਾ ਪੈਂਦਾ ਹੈ, ਨਹੀਂ ਤੇ ਹਮੇਸ਼ਾਂ ਲਈ ਬੱਚੇ ਦਾ ਜੀਵਨ ਦੁਖੀ ਬਣਾ ਦਿਆਂਗੇ। ਮਾਰਨ ਲਗਿਆਂ ਤੇ ਅਸੀਂ ਕਈ ਵਾਰ ਬੱਚੇ ਨੂੰ ਸਿਰਫ ਆਪਣਾ ਗੁੱਸਾ ਠੰਢਾ ਕਰਨ ਵਾਸਤੇ ਮਾਰਦੇ ਹਾਂ, ਸਾਨੂੰ ਠੰਢ ਤਾਂ ਹੀ ਪੈਂਦੀ ਹੈ ਜੇ ਅਸੀਂ ਉਸ ਨੂੰ ਮਾਰ ਕੁਟ ਲੈਂਦੇ ਹਾਂ। ਇਹ ਸਾਡੇ ਲਈ ਤੇ ਬੱਚੇ ਲਈ ਬੜਾ ਹਾਨੀਕਾਰਕ ਹੈ, ਉਸ ਨੂੰ ਆਪਣੇ ਕਰੋਧ ਦੀ ਅੱਗ ਦੀ ਖੁਰਾਕ ਸਮਝ ਕੇ ਅਸੀਂ ਬੱਚੇ ਦੇ ਦਿਲ ਤੇ ਬੜੀ ਭਾਰੀ ਸਟ ਮਾਰਦੇ ਹਾਂ ਜਿਸ ਦਾ ਬੱਚੇ ਦੇ ਸੁਭਾ ਤੇ ਬੜਾ ਬੁਰਾ ਅਸਰ ਪੈਂਦਾ ਹੈ।

ਸਿਆਣਪ ਏਸੇ ਵਿਚ ਹੀ ਹੈ ਕਿ ਅਸੀਂ ਬੱਚਿਆਂ ਨਾਲ ਆਪਣਾ ਵਰਤਾਉ ਬਦਲੀਏ ਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਜਿਸ ਤਰ੍ਹਾਂ ਸਾਡਾ ਦਿਲ ਹੈ ਓਸੇ ਤਰ੍ਹਾਂ ਹੀ ਬੱਚੇ ਦਾ ਹੈ

ਤੇ ਉਸ ਤੇ ਵੀ ਸਾਡੇ ਵਾਂਗ ਅਸਰ ਹੁੰਦਾ ਹੈ। ਇਕ ਨਿਕੀ ਜਿਹੀ ਉਦਾਹਰਣ ਲੈ ਲਓ: ਇਕ ਬੱਚੇ ਨੂੰ ਤੁਸੀਂ ਉਸ ਦੇ ਹਾਣੀਆਂ ਦੇ ਸਾਹਮਣੇ ਕਿਸੇ ਗੱਲੋਂ ਸ਼ਰਮਿੰਦਿਆਂ ਕਰ ਵੇਖੋ ਤਾਂ ਉਸ ਵਕਤ ਉਹਦਾ ਚਿਹਰਾ ਵੇਖੋ। ਉਹ ਇਸ ਗੱਲ ਨੂੰ ਬੜਾ ਬੁਰਾ ਮਨਾਂਦਾ ਹੈ ਤੇ ਮੁੜ ਤੁਹਾਡੇ ਨਾਲ ਮੂੰਹ ਸੁਜਾ ਲੈਂਦਾ ਹੈ, ਉਸ ਤੇ ਇਸ ਦਾ ਬੜਾ ਅਸਰ ਹੁੰਦਾ ਹੈ । ਉਸ ਦਾ ਦਿਲ ਬਿੰਧੇ ਘੜੇ ਵਾਂਗ ਨਹੀਂ ਕਿ ਪਾਣੀ ਪਾਇਆਂ ਕੋਈ ਅਸਰ ਹੀ ਨਾ ਹੋਵੇ। ਉਸ ਦੇ ਹਿਰਦੇ ਤੇ ਹਰ ਲਹਿਰ ਅਸਰ ਕਰਦੀ ਹੈ, ਤੇ ਸਦਾ ਲਈ ਘਾਸੀ ਪੈ ਜਾਂਦੀ ਹੈ। ਵਡੇ ਧੀਆਂ ਪੁਤਰਾਂ ਦੀ ਮਾਪਿਆਂ ਨਾਲ ਨਾ ਨਿਭ ਸਕਣ ਦਾ ਇਕ ਵਡਾ ਕਾਰਨ ਇਹ ਹੈ ਕਿ ਛੋਟੇ ਹੁੰਦਿਆਂ ਤੋਂ ਮਾਪਿਆਂ ਦੇ ਵਰਤਾਉ ਨੇ ਉਹਨਾਂ ਦਾ ਸੁਭਾ ਖ਼ਾਸ ਕਿਸਮ ਦਾ ਬਣਾ ਦਿੱਤਾ ਹੁੰਦਾ ਹੈ, ਜਦ ਉਹ ਜ਼ਰਾ ਵਡੇਰੀ ਉਮਰ ਦੇ ਹੁੰਦੇ ਹਨ ਤਾਂ ਉਹਨਾਂ ਗੱਲਾਂ ਦਾ ਅਸਰ ਇਸ ਰੂਪ ਵਿਚ ਆਣ ਪ੍ਰਗਟਦਾ ਹੈ। ਬਚਪਣ ਦੇ ਚੇਤੇ, ਰੰਜ, ਗੁੱਸੇ ਤੇ ਹਿਰਸਾਂ ਕਦੇ ਨਾ ਕਦੇ ਆਪਣਾ ਜ਼ੋਰ ਜ਼ਰੂਰ ਦਿਖਾਂਦੇ ਹਨ, ਭਾਵੇਂ ਕਿਸੇ ਉਮਰ ਤੇ ਆ ਦਿਖਾਣ।

ਬੱਚੇ ਲਈ ਤੀਬਰ ਇੱਛਾ

ਅਸੀਂ ਵਿਆਹ ਕਰਦੇ ਹੀ ਬੱਚੇ ਪੈਦਾ ਕਰਨ ਵਾਸਤੇ ਹਾਂ, ਸਾਡੇ ਭਾਰੀਚਾਰੇ ਵਿਚ ਬੱਚੇ ਜੰਮਣਾ ਇਕ ਬੜਾ ਨੇਕ ਕੰਮ ਸਮਝਿਆ ਜਾਂਦਾ ਹੈ ਅਤੇ ਇਸਤ੍ਰੀ ਲਈ ਸਭ ਤੋਂ ਉੱਚੇ ਦਰਜੇ ਦਾ ਕੰਮ ਬੱਚੇ ਜੰਮਣਾ ਖ਼ਿਆਲ ਕੀਤਾ ਜਾਂਦਾ ਹੈ। ਜਦ ਨਵੀਂ ਵਿਆਹੀ ਵਹੁਟੀ ਆਉਂਦੀ ਹੈ ਤਾਂ ਹਟੇਕ ਰਿਸ਼ਤੇਦਾਰ ਤੇ ਸੱਜਣ ਮਿੱਤਰ ਉਸ ਸਮੇਂ ਦੀ ਉਡੀਕ ਕਰਦੇ ਹਨ ਕਿ ਕਦ ਵਹੁਟੀ ਦੇ ਘਰ ਕੋਈ ਬਾਲ ਕੁੜੀ ਹੋਵੇ। ਸਹੁਰੇ ਘਰ ਤੇ ਸਹੁਰੇ ਸਾਕਾਂ ਵਿਚ ਏਸ ਮੌਕੇ ਦੀ ਖ਼ਾਸ ਉਡੀਕ ਕੀਤੀ ਜਾਂਦੀ ਹੈ। ਵਿਆਹ ਸਮੇਂ ਸਭ ਤੋਂ ਵਡੀ ਅਸੀਸ ਇਹੋ ਦਿੱਤੀ ਜਾਂਦੀ ਹੈ ਕਿ ਵਹੁਟੀ ਦੀ 'ਗੋਦ ਹਰੀ' ਹੋਵੇ। ਨਵੀਂ ਵਿਆਹੀ ਵਹੁਟੀ ਦੀ ਝੋਲੀ ਵਿਚ ਉਸੇ ਵੇਲੇ ਕੋਈ ਬਾਲ ਬਿਠਾਇਆ ਜਾਂਦਾ ਹੈ ਤੇ ਇਹ ਇਕ ਬੜਾ ਚੰਗਾ ਸਗਣ ਗਿਣਿਆ ਜਾਂਦਾ ਹੈ। ਗ਼ਰੀਬ ਗੁਰਬਾ; ਸਾਧੂ ਫ਼ਕੀਰ; ਮੰਗਤੇ ਤੇ ਜੋਤਸ਼ੀ ਵੀ ਇਹੋ ਅਸੀਸ ਦੇਂਦੇ ਹਨ ਕਿ 'ਰੱਬ ਦੁੱਧ ਪੁੱਤਰ ਦਏ' ਵਡੇ ਤੋਂ ਲੈ ਕੇ ਨਿੱਕੇ ਬੱਚੇ ਤਕ ਸਾਰੇ ਵਿਆਹ ਦਾ ਮਤਲਬ ਬੱਚੇ ਪੈਦਾ ਕਰਨਾ ਹੀ ਸਮਝਦੇ ਹਨ।

33785

ਅਸਲ ਵਿਚ ਸਾਡੇ ਭਾਈਚਾਰੇ ਵਿਚ ਇਸਤ੍ਰੀ ਦੀ ਇੱਜ਼ਤ ਹੀ ਬੱਚੇ ਨਾਲ ਹੈ! ਉਸ ਦੀ ਹਸਤੀ ਪਰਵਾਨ ਹੀ ਬੱਚਿਆਂ ਦੇ ਸਿਰ ਤੇ ਕੀਤੀ ਜਾਂਦੀ ਹੈ। ਜੇ ਵਿਆਹ ਤੋਂ ਕੁਝ ਮਹੀਨਿਆਂ ਬਾਅਦ ਨਵੀਂ ਵਿਆਹੀ ਵਹੁਟੀ ਵਿਚ ਏਸ ਗਲ ਦੇ ਕੋਈ ਅਸਾਰ ਨਜ਼ਰ ਨਾ ਆਉਣ ਤਾਂ ਹਰ ਕੋਈ ਘੁਸਰ ਮੁਸਰ ਕਰਨ ਲੱਗ ਪੈਂਦਾ ਹੈ। ਪਰ ਛੇਤੀ ਹੀ ਇਹ ਘੁਸਰ ਮੁਸਰ ਮੋਹਣਿਆਂ ਦੀ ਸ਼ਕਲ ਵਿਚ ਆ ਜ਼ਾਹਿਰ ਹੁੰਦੀ ਹੈ। ਮੁੰਡੇ ਨੂੰ ਮੂੰਹ ਤੇ ਕਹਿ ਦਿੱਤਾ ਜਾਂਦਾ ਹੈ; ਵਹੁਟੀ ਨੂੰ ਸਨੌਤਰਾਂ ਮਾਰੀਆਂ ਜਾਂਦੀਆਂ ਹਨ; ਰਿਸ਼ਤੇਦਾਰ ਆਪਸ ਵਿਚ ਗੱਲਾਂ ਕਰਦੇ ਹਨ ਕਿ ਅਜੇ ਕੁਝ ਹੋਇਆ ਨਹੀਂ ਸ਼ੁ!' ਜੇ ਸਾਲ ਕੁ ਲੰਘ ਜਾਏ ਤਾਂ ਇਹ ਗੱਲਾਂ ਫ਼ਿਕਰ ਵਿਚ ਬਦਲ ਜਾਂਦੀਆਂ ਹਨ। ਵਹੁਟੀ ਨੂੰ ਇਸ਼ਾਰਿਆਂ ਨਾਲ ਸਮਝਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ; ਮੁੰਡੇ ਨੂੰ ਕਿਹਾ ਜਾਂਦਾ ਹੈ ਕਿ ਵਹੁਟੀ ਨੂੰ ਕਿਸੇ ਕੋਲ ਲਿਜਾਇਆ ਜਾਏ; ਉਸ ਨੂੰ ਵਿਖਾਇਆ ਜਾਏ; ਕੋਈ ਝਾੜਾ ਟੂਣਾ ਕਰਾਇਆ ਜਾਏ; ਕਿਸੇ ਸਾਧੂ ਸੰਤ ਅਗੇ ਮੱਥਾ ਟਿਕਾਇਆ ਜਾਏ, ਕਿਸੇ ਖ਼ਾਸ ਥਾਵੇਂ ਨੁਹਾਇਆ ਜਾਏ ਜਾਂ ਕਿਸੇ ਕੋਲੋਂ ਕੋਈ ਗੰਢ ਤਵੀਤ ਲਿਆਂਦਾ ਜਾਏ। ਇਸ ਤਰ੍ਹਾਂ ਦੇ ਕਈ ਤਰੀਕੇ ਨਵੀਂ ਵਿਆਹੀ ਵਹੁਟੀ ਨੂੰ ਵਰਤਣ ਵਾਸਤੇ ਦਸੇ ਜਾਂਦੇ ਹਨ।

ਇਸ ਗਲ ਵਿਚ ਸਿਰਫ਼ ਵਹੁਟੀ ਦੀ ਹੀ ਨਮੋਸ਼ੀ ਨਹੀਂ ਗਿਣੀ ਜਾਂਦੀ, ਸੱਸ ਨੂੰ ਆਪਣਾ ਵੀ ਫ਼ਿਕਰ ਹੁੰਦਾ ਹੈ। ਸੱਸਾਂ ਸਹੁਰਿਆਂ ਦੀ ਇੱਜ਼ਤ ਪੋਤਰੇ ਤੇ ਦੋਹਤਰੇ ਦੋਹਤਰੀਆਂ ਨਾਲ ਹੁੰਦੀ ਹੈ। ਜਿਸ ਸੱਸ ਦੇ ਬਹੁਤੇ ਪੋਤਰੇ ਪੋਤਰੀਆਂ ਹੋਣ, ਉਹ ਆਪਣੇ ਆਪ ਨੂੰ ਬੜੀ ਖ਼ੁਸ਼-ਕਿਸਮਤ ਸਮਝਦੀ ਹੈ ਤੇ ਜਿਸ ਦੇ ਪੋਤਰੇ ਪੋਤਰੀਆਂ ਉਹਦੇ ਜਿਊਂਦਿਆਂ ਹੀ ਵਿਆਹੇ ਜਾਣ ਤੇ ਅਗੋਂ ਉਨ੍ਹਾਂ ਦੇ ਘਰ ਵੀ ਬਾਲ ਕੁੜੀ ਉਹਦੇ

ਜਿਉਂਦਿਆਂ ਹੀ ਹੋ ਪਵੇ; ਤਾਂ ਉਹ ਖ਼ੁਸ਼ੀ ਨਾਲ ਫੁੱਲੀ ਨਹੀਂ ਸਮਾਂਦੀ। ਜੇ ਪੋਤਰੇ ਦੇ ਘਰ ਪੋਤਰਾ ਵੀ ਉਹਦੇ ਜੀਉਂਦਿਆਂ ਪੈਦਾ ਹੋ ਪਏ ਤਾਂ ਐਸੀ ਜ਼ਨਾਨੀ ਸੋਨੇ ਦੀ ਪੌੜੀ ਚੜ੍ਹਨ ਦੀ ਹੱਕਦਾਰ ਹੋ ਜਾਂਦੀ ਹੈ।

ਬੱਚੇ ਦਾ ਪੈਦਾ ਹੋਣਾ ਬੜਾ ਹੀ ਖ਼ੁਸ਼ੀ ਦਾ ਸਮਾਂ ਸਮਝਿਆ ਜਾਂਦਾ ਹੈ। ਵਧਾਈਆਂ, ਸਗਣ, ਭਾਜੀਆਂ, ਲੱਡੂ, ਪਾਰਟੀਆਂ ਆਦਿ ਬੱਚੇ ਦੇ ਆਗਮਨ ਦੇ ਚਿੰਨ੍ਹ ਹਨ। ਨਵੀਂ ਬਣੀ ਮਾਂ ਦੀ ਵੀ ਤਸੱਲੀ ਹੁੰਦੀ ਹੈ ਕਿਉਂਕਿ ਹੁਣ ਉਹ ਆਪਣੇ ਭਾਈਚਾਰੇ ਵਿਚ ਕਦਰ ਪਾ ਸਕਦੀ ਹੈ। ਨਵੇਂ ਬਣੇ ਪਿਓ ਨੂੰ ਪਹਿਲੋਂ ਪਹਿਲ ਸ਼ਰਮ ਆਉਂਦੀ ਹੈ ਪਰ ਦਿਲ ਹੀ ਦਿਲ ਵਿਚ ਖ਼ੁਸ਼ ਹੁੰਦਾ ਹੈ ਕਿਉਂਕਿ ਸਭ ਪਾਸੋਂ ਮੁਬਾਰਕਾਂ ਮਿਲਦੀਆਂ ਹਨ। ਦੋਵੇਂ ਹੁਣ ਲੋਕਾਂ ਦੀਆਂ ਗੱਲਾਂ, ਮੇਹਣਿਆਂ ਤੇ ਸਨੋਤਰਾਂ ਤੋਂ ਬਚ ਜਾਂਦੇ ਹਨ। ਬੱਚੇ ਦੇ ਦਾਦਕੇ ਤੇ ਨਾਨਕੇ ਆਪਣੀ ਮੁਰਾਦ ਪੂਰੀ ਹੁੰਦੀ ਦੇਖ ਕੇ ਬੜੇ ਗਦ ਗਦ ਹੁੰਦੇ ਹਨ, ਆਂਢ ਗੁਆਂਢੋਂ, ਸਾਕਾਂ ਅੰਗਾਂ ਕੋਲੋਂ, ਸਜਣਾਂ ਮਿਤ੍ਰਾਂ ਕੋਲੋਂ ਵਧਾਈਆਂ ਮਿਲਦੀਆਂ ਹਨ।

ਬੱਚੇ ਲਈ ਇਸ ਤਰ੍ਹਾਂ ਦੀ ਤੀਬਰ ਇਛਿਆ ਹੁੰਦੀ ਹੈ ਤੇ ਇਸ ਤਰ੍ਹਾਂ ਬੱਚੇ ਦਾ ਸਵਾਗਤ ਕੀਤਾ ਜਾਂਦਾ ਹੈ। ਵਿਆਹ ਦੀ ਨੀਂਹ ਹੀ ਏਸੇ ਆਦਰਸ਼ ਤੇ ਰੱਖੀ ਜਾਂਦੀ ਹੈ।

ਬੱਚੇ ਦੇ ਆਉਣ ਤੇ ਨਵੀਂ ਬਣੀ ਮਾਂ ਨੂੰ ਮੁਸੀਬਤ ਭੀ ਪੈ ਜਾਂਦੀ ਹੈ। ਉਸ ਨੂੰ ਤਜਰਬਾ ਹੁੰਦਾ ਕੋਈ ਨਹੀਂ, ਨਾ ਹੀ ਉਸ ਨੇ ਬੱਚੇ ਪਾਲਣ ਤੇ ਸੰਭਾਲਣ ਬਾਬਤ ਕੁਝ ਸਿਖਿਆ ਹੁੰਦਾ ਹੈ। ਉਹਦਾ ਤਜਰਬਾ ਉਹੋ ਹੀ ਹੁੰਦਾ ਹੈ ਜੋ ਉਸ ਨੇ ਆਪਣੇ ਪੇਕੇ ਘਰ ਆਪਣੇ ਛੋਟੇ ਭੈਣਾਂ

ਭਰਾਵਾਂ ਨੂੰ ਸਾਂਭਦਿਆਂ ਹਾਸਲ ਕੀਤਾ ਹੁੰਦਾ ਹੈ – ਉਹਨਾਂ ਨੂੰ ਚੁਕੀ ਫਿਰਨਾ, ਖਿਡਾਣਾ, ਪਰਚਾਣਾ, ਉਹਨਾਂ ਨੂੰ ਲੋੜ ਪੈਣ ਤੇ ਨੁਹਾਣਾ ਧੁਆਣਾ ਤੇ ਮਾਂ ਦੀ ਗ਼ੈਰ ਹਾਜ਼ਰੀ ਵਿਚ ਹਰ ਤਰ੍ਹਾਂ ਸਾਂਭਣਾ ਤੇ ਪਰਚਾਣਾ।

ਏਨੇ ਕੁ ਤਜਰਬੇ ਦੇ ਆਧਾਰ ਤੇ ਨਵੀਂ ਬਣੀ ਮਾਂ ਸਮਝਦੀ ਹੈ ਕਿ ਉਹ ਆਪਣੇ ਬੱਚੇ ਸਾਂਭਣ ਜੋਗੀ ਹੋ ਪਵੇਗੀ। ਕਈਆਂ ਨੂੰ ਇਹ ਮੌਕਾ ਵੀ ਨਹੀਂ ਮਿਲਿਆ ਹੁੰਦਾ। ਜਿਨ੍ਹਾਂ ਦੇ ਘਰ ਛੋਟੇ ਭੈਣ ਭਰਾ ਨਹੀਂ ਸਨ, ਉਹ ਬਿਲਕੁਲ ਕੋਰੀਆਂ ਹੀ ਆਉਂਦੀਆਂ ਹਨ। ਪਰ ਆਮ ਤੌਰ ਤੇ ਪਹਿਲੇ ਬੱਚੇ ਵੇਰੀ ਨਵੀਂ ਬਣੀ ਮਾਂ ਨੂੰ ਬਹੁਤਾ ਔਖਿਆਂ ਨਹੀਂ ਹੋਣਾ ਪੈਂਦਾ ਕਿਉਂਕਿ ਦਾਦਕੇ ਨਾਨਕੇ ਉਸ ਦੀ ਮਦਦ ਵਾਸਤੇ ਹੁੰਦੇ ਹਨ, ਖ਼ਾਸ ਕਰ ਬੱਚੇ ਦੀ ਦਾਦੀ, ਨਾਨੀ ਤੇ ਮਾਸੀ, ਭੂਆ ਅੱਗੇ ਹੀ ਏਸ ਮੌਕੇ ਨੂੰ ਉਡੀਕ ਰਹੀਆਂ ਹੁੰਦੀਆਂ ਨੇ। ਉਹਨਾਂ ਨੂੰ ਮਾਂ ਪਿਉ ਨਾਲੋਂ ਬਹੁਤਾ ਚਾਅ ਹੁੰਦਾ ਹੈ ਕਿ ਸਾਰੀਆਂ ਰਲ ਕੇ ਬੱਚੇ ਦੀ ਸ਼ਾਮਤ ਲਿਆਉਂਦੀਆਂ ਹਨ। ਉਸ ਨੂੰ ਆਰਾਮ ਨਾਲ ਪੈਣ ਨਹੀਂ ਦੇਂਦੀਆਂ, ਉਸਨੂੰ ਟਪਾਂਦੀਆਂ ਭੁੜਕਾਂਦੀਆਂ, ਟਪੋਸੀਆਂ ਲਵਾਂਦੀਆਂ ਤੇ ਹਸਾਂਦੀਆਂ ਰੁਆਂਦੀਆਂ ਹਨ। ਅਜੇ ਮਾਂ ਨੇ ਕੁਛੜ ਲਿਆ ਹੀ ਹੁੰਦਾ ਹੈ ਕਿ ਦੂਜੀ ਆ ਖੋਂਹਦੀ ਹੈ, ਮਾਂ ਵਿਚਾਰੀ ਨਾਂਹ ਨਹੀਂ ਕਰ ਸਕਦੀ ਕਿ ਗੁਸਾ ਨਾ ਲੱਗੇ। ਏਸ ਤਰ੍ਹਾਂ ਬੱਚਾ ਹੱਥ ਪੜੱਥੀ ਰਹਿੰਦਾ ਹੈ। ਇਕ ਮਿੰਟ ਨਹੀਂ ਮੰਜੀ ਤੇ ਪੈਂਦਾ। ਫੇਰ ਜਦ ਮਾਸੀਆਂ ਭੂਆ ਚਲੀਆਂ ਜਾਂਦੀਆਂ ਹਨ ਤਾਂ ਉਹ ਸਾਰਾ ਦਿਨ ਰੀਂ ਰੀਂ ਕਰਦਾ ਰਹਿੰਦਾ ਹੈ। ਮਾਂ ਵਿਚਾਰੀ ਕੋਲੋਂ ਉਸ ਨੂੰ ਸਾਰਾ ਦਿਨ ਟਪਾਣ ਭੁੜਕਾਣ ਹੁੰਦਾ ਨਹੀਂ ਤੇ ਬੱਚੇ ਨੂੰ ਉਸ ਦੀਆਂ ਮਾਸੀਆਂ ਭੂਆ ਭੈੜੀ ਹਿਲਤਰ ਪਾ ਕੇ ਮਾਂ ਜੋਗਾ ਵਖਤ ਪਾ

ਜਾਂਦੀਆਂ ਹਨ।

ਜੇ ਇਨ੍ਹਾਂ ਮਾਸੀਆਂ ਭੂਆਂ ਨੂੰ ਕੋਈ ਬੱਚੇ ਦੀ ਸ਼ੁਭਚਿੰਤਕ ਜ਼ਨਾਨੀ ਜਾਂ ਬੱਚੇ ਦਾ ਪਿਓ ਹੀ ਜ਼ਰਾ ਟੋਕ ਦਏ ਕਿ ਏਸ ਤਰ੍ਹਾਂ ਟਪਾਇਆਂ ਭੁੜਕਾਇਆਂ ਬੱਚੇ ਨੂੰ ਭੈੜੀ ਆਦਤ ਪੈ ਜਾਏਗੀ ਤਾਂ ਉਹ ਇਕ ਨਹੀਂ ਸੁਣਦੀਆਂ, "ਅਸਾਂ ਕਿਹੜਾ ਰੋਜ਼ ਰੋਜ਼ ਆਉਣਾ ਏ। ਆਪੇ ਮਾਂ ਪਈ ਫੇਰ ਸਾਂਭੇਗੀ ਸੂ!" ਦਾਦੀਆਂ ਨਾਨੀਆਂ ਸਮਝਦੀਆਂ ਨੇ ਕਿ ਉਹਨਾਂ ਏਨੇ ਬੱਚੇ ਜੰਮੇ ਪਾਲੇ ਨੇ, ਓਹਨਾਂ ਨੂੰ ਕੋਈ ਕਿਸ ਤਰ੍ਹਾਂ ਕੁਝ ਕਹਿ ਸਕਦੀ ਹੈ, ਉਹ ਤੇ ਆਪਣੇ ਵਲੋਂ ਨਵੀਂ ਬਣੀ ਮਾਂ ਨੂੰ ਜਾਚ ਸਿਖਾਣ ਆਈਆਂ ਹੁੰਦੀਆਂ ਨੇ। ਜ਼ਰਾ ਬੱਚਾ ਰੋਇਆ ਨਹੀਂ ਕਿ ਉਸ ਨੂੰ ਚੁਕ ਲਿਆ "ਨਾ ਕੁਸ਼ੱਲਿਆ! ਦੁਧ ਮੂੰਹ ਵਿਚ ਪਾ ਸੂ।" ਜੇ ਫੇਰ ਵੀ ਚੁਪ ਨਾ ਕਰੇ ਤਾਂ ਸੋਂਫ ਦਾ ਅਰਕ ਹੀ ਪਿਲਾ ਦਿੱਤਾ ਜਾਂ ਫੜ ਕੇ ਮਰਚਾਂ ਹੀ ਉਹਦੇ ਤੋਂ ਵਾਰਨ ਲਗ ਪਈਆਂ, "ਇਹ ਜ਼ਰਾ ਖ਼ਿਆਲ ਨਹੀਂ ਕਰਦੀ,ਹਰ ਕਿਸੇ ਨੂੰ ਐਵੇਂ ਪਈ ਬਾਲ ਦਾ ਮੂੰਹ ਵਿਖਾਂਦੀ ਏ, ਕਿਸੇ ਦੀ ਕਿਸੇ ਤਰ੍ਹਾਂ ਦੀ ਨਜ਼ਰ ਹੁੰਦੀ ਏ,ਕਿਸੇ ਦੇ ਸਾਹਮਣੇ ਨਾ ਦੁਧ ਪਿਆਇਆ ਕਰ ਸੂ ਤੇ ਨਾਲੇ ਦੁਧ ਵਾਲੀ ਬੋਤਲ ਦਵਾਲੇ ਕਪੜਾ ਵਲੇਟ ਲਿਆ ਕਰ। ਕਿਸੇ ਦੀ ਨਾ ਸਹੀ, ਕਿਸੇ ਵੇਲੇ ਆਪਣੀ ਈ ਨਜ਼ਰ ਲਗ ਜਾਂਦੀ ਏ। ਬਾਲ ਨੂੰ ਬਹੁਤਾ ਹਸਦਿਆਂ ਵੇਖ ਕੇ ਆਪ ਹਸਿਆ ਨਾ ਕਰੋ, ਥੂਈ ਕਰ ਛਡੀਦੀ ਏ।" ਇਹ ਸਿਖਿਆ ਸਾਡੀਆਂ ਵੱਡੀਆਂ ਵਡੇਰੀਆਂ ਨੂੰਹਾਂ ਧੀਆਂ ਨੂੰ ਦੇਂਦੀਆਂ ਨੇ। ਮਜਾਲ ਏ ਉਹ ਜ਼ਰਾ ਵੀ ਉਜ਼ਰ ਕਰ ਸਕਣ, ਜੇ ਜ਼ਰਾ ਜਿੰਨੀ ਵੀ ਚੂੰ ਚਰਾਂ ਕਰਨ ਤਾਂ ਕਈ ਗੱਲਾਂ ਸੁਣਨਗੀਆਂ, "ਅਜ ਕਲ ਥੋਰੇ ਕੋਈ ਵੱਸ ਵਗ ਗਈ ਏ। ਵੱਡਿਆਂ ਦੀ ਗਲ ਤੇ ਸੁਣਦਾ ਈ ਕੋਈ ਨਹੀਂ। ਜਿਕਣ ਅਸਾਂ ਕਦੇ ਬੱਚੇ ਜੰਮੇ ਨੇ! ਅਜ ਕਲ ਦੇ ਮੁੰਡੇ ਕੁੜੀਆਂ ਆਪਣੇ ਆਪ ਨੂੰ ਹਰ ਗੱਲੇ ਸਿਆਣੇ ਸਮਝਦੇ ਨੇ।"

ਇਸ ਤਰ੍ਹਾਂ ਉਡੀਕ ਹੁੰਦੀ ਹੈ ਸਾਡੇ ਬੱਚੇ ਦੀ। ਇਹ ਕੁਝ ਸਿਖ ਕੇ ਨਵੀਂ ਬਨਣ ਵਾਲੀ ਮਾਂ ਆਉਂਦੀ ਹੈ ਅਤੇ ਘਰੋਂ ਇਹ ਕੁਝ ਸਿਖਿਆ ਉਸ ਨੂੰ ਦਿਤੀ ਜਾਂਦੀ ਹੈ, ਤੇ ਇਸ ਤਰ੍ਹਾਂ ਨਵੇਂ ਆਏ ਬੱਚੇ ਦਾ ਸਵਾਗਤ ਕੀਤਾ ਜਾਂਦਾ ਹੈ।

ਸਾਧਾਰਨ ਆਦਤਾਂ

ਜੇ ਛੋਟੇ ਬੱਚੇ ਦੀ ਘਰ ਦੀ ਜ਼ਿੰਦਗੀ ਨੂੰ ਗਹੁ ਨਾਲ ਦੇਖਿਆ ਤੇ ਵਿਚਾਰਿਆ ਜਾਏ ਤਾਂ ਅਸੀ ਮਾਂ ਤੇ ਬੱਚੇ ਤੇ ਤਰਸ ਕਰੇ ਬਗ਼ੈਰ ਨਹੀਂ ਰਹਿ ਸਕਦੇ । ਛੋਟੇ ਬੱਚੇ ਲਈ ਹੋਰ ਕੋਈ ਆਹਰ ਨਹੀਂ ਉਹ ਜਾਂ ਸਵੇਂਗਾ, ਜਾਂ ਖਾਂਦਾ ਪੀਂਦਾ ਹੋਵੇਗਾ ਤੇ ਜਾਂ ਮਾਂ ਦੇ ਗਲ ਚਮੁਟਿਆ ਹੋਇਆ ਹੋਵੇਗਾ, ਹੋਰ ਉਸ ਨੂੰ ਕਿਸੇ ਗੱਲ ਦੀ ਹਿਲਤਰ ਨਹੀਂ ਪਾਈ ਗਈ ਹੁੰਦੀ, ਉਹ ਬਹੁਤ ਘਟ ਇਕੱਲਿਆਂ ਲੇਟੇਗਾ ਜਾਂ ਖੇਡੇਗਾ । ਇਕੱਲਿਆਂ ਰਹਿਣ ਦੀ ਉਸ ਨੂੰ ਛੋਟੇ ਹੁੰਦਿਆਂ ਤੋਂ ਆਦਤ ਹੀ ਨਹੀਂ ਹੁੰਦੀ । ਜੰਮਦਿਆਂ ਹੀ ਮਾਸੀਆਂ ਭੂਆ ਉਹਦੇ ਦਵਾਲੇ ਆਣ ਹੁੰਦੀਆਂ ਹਨ ਤੇ ਉਸਨੂੰ ਜ਼ਰਾ ਮੰਜੀ ਤੇ ਨਹੀਂ ਟਿਕਣ ਦੇਂਦੀਆਂ । ਮਾਂ ਦਾ ਆਪਣਾ ਚੱਾ ਵੀ ਐਸਾ ਹੁੰਦਾ ਹੈ ਕਿ ਉਹ ਉਸ ਨੂੰ ਕੁੱਛੜ ਲੈ ਕੇ ਬੈਠੀ ਰਹਿੰਦੀ ਹੈ ਤੇ ਮੌਜੀ ਤੇ ਵੀ ਆਪਣੇ ਨਾਲ ਹੀ ਸਵਾਂਦੀ ਹੈ । ਕਦੇ ਇਕੱਲਿਆਂ ਕਮਰੇ ਵਿਚ ਨਹੀਂ ਰਹਿਣ ਦੇਂਦੀ, ਕੋਈ ਨਾ ਕੋਈ ਵੱਡਾ ਨਿਕਾ ਬਾਲ ਉਸ ਨੂੰ ਗੱਲੀਂ ਜਾਂ ਆਹਰੇ ਲਾਈ ਰਖਦਾ ਹੈ । ਬੱਚੇ ਨੂੰ ਜੋ ਆਦਤ ਸ਼ੁਰੂ ਤੋਂ ਪਾਓ, ਉਹ ਹੀ ਉਸ ਨੂੰ ਪੈ ਜਾਂਦੀ ਹੈ । ਜਦ ਮਾਸੀਆਂ ਭੂਆ ਚਲੀਆਂ

ਜਾਂਦੀਆਂ ਹਨ, ਮਾਂ ਦਾ ਚੌਂ ਵੀ ਕੁਝ ਘਟ ਜਾਂਦਾ ਹੈ, ਘਰ ਦੇ ਕੰਮ ਕਾਰ ਵਿਚ ਲਗ ਪੈਂਦੀ ਹੈ ਤੇ ਬੱਚੇ ਨੂੰ ਘਟ ਵਕਤ ਦੇ ਸਕਦੀ ਹੈ।ਸੱਸਾਂ ਨਨਾਣਾਂ ਟੁਰ ਜਾਂਦੀਆਂ ਹਨ ਤਾਂ ਮਾਂ ਵਾਸਤੇ ਔਖਾ ਵਕਤ ਆਉਂਦਾ ਹੈ। ਪਹਿਲੇ ਮਹੀਨੇ ਡੇਢ ਮਹੀਨੇ ਵਿਚ ਜਿਹੜੀਆਂ ਆਦਤਾਂ ਬੱਚੇ ਨੂੰ ਪੈ ਗਈਆਂ ਓਹੋ ਹੀ ਔਖਿਆਂ ਕਰਦੀਆਂ ਹਨ। ਹੁਣ ਉਹ ਮੰਜੀ ਤੇ ਟਿਕਦਾ ਨਹੀਂ, ਇਕੱਲਿਆਂ ਰੋਣ ਲਗ ਪੈਂਦਾ ਹੈ, ਹਰ ਵੇਲੇ ਮਾਂ ਦੇ ਕੁੱਛੜ ਸਵਾਰੀ ਕਰਨੀ ਚਾਹੁੰਦਾ ਹੈ। ਪੰਜ ਛੇ ਮਹੀਨੇ ਮਾਂ ਖ਼ੁਸ਼ੀ ਖ਼ੁਸ਼ੀ ਤੇ ਚਾਈਂ ਚਾਈਂ ਇਹ ਕੁਝ ਸਹਾਰ ਲੈਂਦੀ ਹੈ। ਬੱਚਾ ਭੀ ਛੋਟਾ ਹੁੰਦਾ ਹੈ, ਉਸ ਤੇ ਤਰਸ ਆ ਜਾਂਦਾ ਹੈ ਤੇ ਨਾਲੇ ਚਾ ਵੀ ਅਜੇ ਬੜਾ ਹੁੰਦਾ ਹੈ ਪਰ ਛੇਤੀ ਹੀ ਸਬਰ ਦਾ ਪਿਆਲਾ ਭਰ ਜਾਂਦਾ ਹੈ। ਮਾਂ ਦੀ ਖ਼ਾਹਿਸ਼ ਹੁੰਦੀ ਹੈ ਕਿ ਰਿੜ੍ਹਨਾ ਸਿਖ ਕੇ ਬੱਚਾ ਘਟ ਤੰਗ ਕਰੇਗਾ, ਰਿੜ੍ਹ ਕੇ ਆਹਰੇ ਲਗਾ ਰਹੇਗਾ, ਪਰ ਮਾਂ ਨੂੰ ਨਿਰਾਸਤਾ ਹੀ ਹੁੰਦੀ ਹੈ। ਰਿੜ੍ਹਨਾ ਸਿਖ ਕੇ ਉਸ ਨੂੰ ਸਰੋਂ ਮਾਂ ਕੋਲ ਪਹੁੰਚਣ ਦਾ ਸੌਖ ਹੋ ਜਾਂਦਾ ਹੈ, ਉਹ ਆਪਣੇ ਆਪ ਹੀ ਝਟ ਪਟ ਮਾਂ ਦੇ ਦਵਾਲੇ ਜਾ ਹੁੰਦਾ ਹੈ। ਟੁਰਨਾ ਸਿਖ ਕੇ ਓਦੂੰ ਵੀ ਸੌਖਾ ਹੋ ਜਾਂਦਾ ਹੈ, ਮਾਂ ਦੀ ਮੁਸੀਬਤ ਸਰੋਂ ਹੋਰ ਵਧ ਜਾਂਦੀ ਹੈ, ਤੇ ਫੇਰ ਉਹ ਹੋਰ ਘਬਰਾ ਜਾਂਦੀ ਹੈ। ਪਹਿਲੇ ਮਹੀਨੇ ਡੇਢ ਮਹੀਨੇ ਦੀ ਆਦਤ ਉਹ ਭੁਲ ਨਹੀਂ ਸਕਦਾ ਤੇ ਨਾ ਹੀ ਅਸੀ ਭੁਲਣ ਦੇਂਦੇ ਹਾਂ –ਦਾਦੀ ਨਾਨੀ ਤੇ ਮਾਸੀਆਂ ਭੂਆ ਦੇ ਟੁਰ ਜਾਣ ਤੋਂ ਬਾਅਦ ਫੇਰ ਵੀ ਕਦੇਕਦੇ ਕੋਈ ਰਿਸ਼ਤੇਦਾਰ ਆਉਂਦੇ ਰਹਿੰਦੇ ਹਨ, ਜਿਨ੍ਹਾਂ ਨੂੰ ਬੱਚਿਆਂ ਨੂੰ ਚੁਕਣ ਤੇ ਟਪਾਣ ਕੁੜਕਾਣ ਦਾ ਬੜਾ ਚਾ ਹੁੰਦਾ ਹੈ। ਮਾਸੀਆਂ ਭੂਆ ਭੀ ਫੇਰ ਕਦੇ ਫੇਰਾ ਮਾਰਦੀਆਂ ਰਹਿੰਦੀਆਂ ਹਨ ਤੇ ਜੇ ਵਿਚ ਹੀ ਜਾਂ ਕੋਲ ਰਹਿੰਦੀਆਂ ਹੋਣ ਤਾਂ ਉਨ੍ਹਾਂ ਦਾ ਦਿਲ-ਪਰਚਾਵਾ ਬਣਿਆ ਹੀ ਰਹਿੰਦਾ ਹੈ। ਆਂਢ ਗੁਆਂਢ ਦੀਆਂ ਕਈ ਕੁੜੀਆਂਹੁੰਦੀਆਂ ਹਨ ਜੋ ਬੱਚੇ ਨੂੰ ਚੁਕਣ ਲਈ

ਮਾਸੀਆਂ ਭੂਆ ਬਣ ਬੈਠਦੀਆਂ ਹਨ । ਇਹ ਸਭ ਅਸਰ ਰਲ ਮਿਲਕੇ ਬੱਚੇ ਦੀਆਂ ਮੰਜੀ ਤੇ ਨਾ ਟਿਕ ਸਕਣ ਦੀਆਂ ਆਦਤਾਂ ਤੇ ਇਕੱਲਿਆਂ ਨਾ ਲੇਟਣ ਦੀਆਂ ਆਦਤਾਂ ਪੱਕੀਆਂ ਕਰ ਦੇਂਦੇ ਹਨ।

ਏਸੇ ਤਰ੍ਹਾਂ ਹੀ ਹੋਰ ਇਹੋ ਜਹੀਆਂ ਆਦਤਾਂ ਪੈ ਜਾਂਦੀਆਂ ਹਨ- ਛੋਟੇ ਹੁੰਦਿਆਂ ਬੱਚਾ ਰੋਇਆ ਨਹੀਂ ਕਿ ਝਟ ਚੁਕ ਲਿਆ ਜਾਂਦਾ ਹੈ। ਉਸ ਵੇਲੇ ਚੁਕਣ ਵਾਲੇ ਬਥੇਰੇ ਹੁੰਦੇ ਹਨ, ਪਰ ਬਾਅਦ ਵਿਚ ਮਾਂ ਵਾਸਤੇ ਮੁਸੀਬਤ ਪੈ ਜਾਂਦੀ ਹੈ,ਉਹ ਕੰਮ ਲਗੀ ਹੋਈ ਹੁੰਦੀ ਹੈ, ਬੱਚਾ ਆਪਣੀ ਕੋਈ ਗਲ ਮਨਾਣੀ ਚਾਹੇ ਤਾਂ ਰੋਣਾ ਸ਼ੁਰੂ ਕਰ ਦੇਂਦਾ ਹੈ, ਉਸ ਵਾਸਤੇ ਰੋਣਾ ਇਕ ਐਸਾ ਹਥਿਆਰ ਬਣ ਚੁਕਾ ਹੁੰਦਾ ਹੈ, ਜਿਸ ਦੀ ਮਦਦ ਨਾਲ ਉਹ ਆਪਣੀ ਮਨ ਮਰਜ਼ੀ ਕਰਾ ਸਕਦਾ ਹੈ। ਉਹ ਵੱਡਿਆਂ ਹੋ ਕੇ ਵੀ ਇਸ ਹਥਿਆਰ ਨੂੰ ਵਰਤਦਾ ਰਹਿੰਦਾ ਹੈ। ਭੰਡੀਆਂ ਪਾਣੀਆਂ ਜਾਂ ਜਿਦਾਂ ਕਰਨੀਆਂ ਵੀ ਏਸੇ ਤਰ੍ਹਾਂ ਦੇ ਹਥਿਆਰ ਉਸ ਨੂੰ ਮਿਲ ਜਾਂਦੇ ਹਨ ਉਸ ਨੂੰ ਪਤਾ ਹੁੰਦਾ ਹੈ ਕਿ ਇਸ ਤਰ੍ਹਾਂ ਉਹ ਜੋ ਚਾਹੇ ਕਰਾ ਸਕਦਾ ਹੈ। ਮਾਂ ਭਾਵੇਂ ਥੋੜਾ ਚਿਰ ਬੇਪਰਵਾਹੀ ਕਰੇ ਪਰ ਆਖ਼ਰ ਉਸ ਨੂੰ 'ਮਗਰੋਂ ਲਾਹਣ' ਵਾਸਤੇ ਉਹੀ ਇਲਾਜ ਕਰਨਾ ਪੈਂਦਾ ਹੈ ਜੋ ਸਾਰੀਆਂ ਮਾਵਾਂ ਕਰਦੀਆਂ ਹਨ। ਫੇਰ ਮਾਵਾਂ ਨੂੰ ਆਮ ਕਹਿੰਦੇ ਸੁਣੀਦਾ ਹੈ, "ਬੜਾ ਜ਼ਿੱਦਲ ਹੈ, ਆਪਣੀ ਜ਼ਿਦ ਪੂਰੀ ਕਰੇ ਬਗ਼ੈਰ ਖਹਿੜਾ ਈ ਨਹੀਂ ਛਡਦਾ, ਹਿੰਗਾ ਹੀ ਛੋਹ ਦੇਂਦਾ ਏ" ਪਰ ਇਨ੍ਹਾਂ ਆਦਤਾਂ ਦੀਆਂ ਜ਼ੁਮੇਵਾਰ ਮਾਵਾਂ ਆਪ ਹੀ ਹੁੰਦੀਆਂ ਹਨ। ਛੋਟੇ ਹੁੰਦਿਆਂ ਚਾ ਸਦਕਾ ਉਸ ਨੂੰ ਲੇਟਣ ਜਾਂ ਰੋਣ ਨਾ ਦਿਤਾ ਜਾਂ ਛੋਟਾ ਬੱਚਾ ਸਮਝਕੇ ਤਰਸ ਆ ਗਿਆ, ਪਰ ਏਨੇ ਤਕ ਉਸਨੂੰ ਇਹ ਆਦਤਾਂ ਪੈ ਜਾਂਦੀਆਂ ਹਨ, ਫੇਰ ਮਾਰਿਆਂ ਕੁਟਿਆਂ ਜਾਂ ਖਿਝਿਆਂ ਇਹ ਹਟ ਨਹੀਂ ਸਕਦੀਆਂ।

ਜਿਤਨੇ ਚਾ ਨਾਲ ਅਸੀਂ ਬੱਚੇ ਦੀ ਉਡੀਕ ਕਰਦੇ ਹਾਂ, ਕਦੇ ਓਨੇ ਹੀ

ਚਾ ਨਾਲ ਉਸ ਦੀ ਜ਼ਿੰਦਗੀ ਨੂੰ ਸਿਧੇ ਰਾਹ ਟੋਰਨ ਦੀ ਕੋਸ਼ਿਸ਼ ਕਰੀਏ ਤਾਂ ਸਾਨੂੰ ਬੱਚੇ ਏਨੀ ਮੁਸੀਬਤ ਨਾ ਜਾਪਣ। ਅਸਾਂ ਉਸ ਦੀ ਖ਼ੁਰਾਕ ਬਾਬਤ ਕਦੇ ਕੋਈ ਤਜਵੀਜ਼ ਨਹੀਂ ਬਣਾਈ, ਉਸ ਦੇ ਪਹਿਰਾਵੇ ਨੂੰ ਕਦੇ ਗਹੁ ਨਾਲ ਨਹੀਂ ਵਿਚਾਰਿਆ, ਉਸ ਦੀ ਰੋਜ਼ ਦੀ ਘਰ ਦੀ ਜ਼ਿੰਦਗੀ ਤੇ ਡੂੰਘੀ ਸੋਚ ਤੋਂ ਕੰਮ ਨਹੀਂ ਲਿਆ, ਬਸ ਆਈ ਚਲਾਈ ਹੀ ਕਰ ਛਡੀਦੀ ਹੈ। ਕਦੇ ਬੱਚੇ ਦੇ ਮਾਂ ਤੇ ਪਿਉ ਨੇ ਰਲ ਕੇ ਠੰਢੇ ਦਿਲ ਨਾਲ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਨ੍ਹਾਂ ਦੇ ਬੱਚੇ ਦੀ ਬਿਹਤਰੀ ਕਿਸ ਗਲ ਵਿਚ ਹੈ। ਪਿਉ ਆਪਣਾ ਫ਼ਰਜ਼ ਇਹ ਹੀ ਸਮਝਦਾ ਹੈ ਕਿ ਖੱਟ ਕਮਾ ਲਿਆਏ, ਜੋ ਬੱਚੇ ਦੀ ਮਾਂ ਨੇ ਕਿਹਾ ਬੱਚੇ ਵਾਸਤੇ ਲਿਆ ਦਿੱਤਾ! ਏਸੇ ਵਾਸਤੇ ਮਾਂ ਨੂੰ ਬੱਚੇ ਮੁਸੀਬਤ ਲਗਦੇ ਹਨ, ਕਿਉਂਕਿ ਸਾਰਾ ਦਿਨ ਉਸ ਦੇ ਗਲ ਹੀ ਪਏ ਰਹਿੰਦੇ ਹਨ, ਹੱਥ ਵਟਾਣ ਵਾਲਾ ਕੋਈ ਨਹੀਂ ਹੁੰਦਾ, ਜੇ ਮਾਸੀਆਂ ਭੂਆ ਵਰਗੀਆਂ ਕੋਈ ਹੋਣਗੀਆਂ ਵੀ ਤਾਂ ਉਹ ਸਗੋਂ ਹੋਰ ਮੁਸੀਬਤ ਵਧਾ ਦੇਣਗੀਆਂ। ਛੋਟੇ ਹੁੰਦਿਆਂ ਬੱਚੇ ਵਾਸਤੇ ਪਿਓ ਦੋ ਹੀ ਮਹਿਣੇ ਰਖਦਾ ਹੈ – ਮਾਂ ਦੇ ਇਲਾਵਾ ਘਰ ਵਿਚ ਬਹੁਤਾ ਰਹਿਣ ਵਾਲਾ ਜਾਂ ਖਿਡੌਣੇ ਲਿਆ ਦੇਣ ਵਾਲਾ। ਵੱਡਿਆਂ ਹੋ ਕੇ ਉਸ ਨੂੰ ਹੋਰ ਹੀ ਤਜਰਬੇ ਹੁੰਦੇ ਹਨ – ਪਿਓ ਗੁੱਸੇ ਵੀ ਹੋ ਸਕਦਾ ਹੈ। ਜਦ ਮਾਂ ਆਪ ਬੱਚੇ ਨੂੰ ਸਿਧਿਆਂ ਨਹੀਂ ਕਰ ਸਕਦੀ ਤਾਂ ਸਾਰੀਆਂ ਸ਼ਕਾਇਤਾਂ ਪਿਓ ਕੋਲ ਲਗਦੀਆਂ ਹਨ, ਫੇਰ ਉਹ ਬੱਚੇ ਨੂੰ ਇਕ 'ਹਊਆ' ਜਿਹਾ ਜਾਪਣ ਲਗ ਪੈਂਦਾ ਹੈ, ਜਿਸ ਤੋਂ ਉਹ ਸਹਿਮਿਆਂ ਰਹਿੰਦਾ ਹੈ।

ਅਸੀਂ ਬੱਚਿਆਂ ਦੀ ਪਰਖ ਹਮੇਸ਼ਾ ਆਪਣੇ ਨੁਕਤੇ ਤੋਂ ਕੀਤਾ ਕਰਦੇ ਹਾਂ। ਪਰ ਹਮੇਸ਼ਾ ਇਹ ਵੀ ਭੁਲ ਜਾਇਆ ਕਰਦੇ ਹਾਂ ਕਿ ਸਾਡੇ ਵਿਚ ਭੀ ਛੋਟੇ ਹੁੰਦਿਆਂ ਉਹੋ ਹੀ ਖ਼ਾਹਿਸ਼ਾਂ ਹੁੰਦੀਆਂ ਸਨ ਜੋ ਸਾਡੇ ਬੱਚਿਆਂ

ਵਿਚ ਹੁਣ ਹਨ। ਮੁਸ਼ਕਲ ਦਾ ਹਲ ਇਹ ਹੋਣਾ ਚਾਹੀਦਾ ਹੈ ਕਿ ਬੱਚੇ ਦੀ ਖ਼ਾਹਿਸ਼ ਤੇ ਆਪਣੀ ਖ਼ਾਹਿਸ਼ ਦੋਹਾਂ ਦੀ ਵਿਚਾਰ ਕੀਤੀ ਜਾਏ ਤੇ ਹਮੇਸ਼ਾ ਬੱਚੇ ਦੀ ਬਿਹਤਰੀ ਤੇ ਉਸਦੀ ਸ਼ਖ਼ਸੀਅਤ ਦਾ ਖ਼ਿਆਲ ਰਖਿਆ ਜਾਏ। ਅਸੀਂ ਜ਼ਰੂਰ ਬੱਚੇ ਨੂੰ ਸਾਫ਼ ਰਖਣਾ ਚਾਹੁੰਦੇ ਹਾਂ, ਪਰ ਇਹ ਆਸ ਨਹੀਂ ਰਖ ਸਕਦੇ ਕਿ ਬੱਚੇ ਕੁਰਸੀਆਂ ਜਾਂ ਮੰਜੀਆਂ ਤੇ ਟੰਗੇ ਰਹਿਣ ਤਾਂ ਜੁ ਬੱਲੇ ਉਤਰ ਕੇ ਕਪੜੇ ਗੰਦੇ ਨਾ ਕਰਨ। ਏਸੇ ਤਰ੍ਹਾਂ ਸਾਡੀ ਖ਼ਾਹਿਸ਼ ਹੁੰਦੀ ਹੈ ਕਿ ਬੱਚੇ ਤੰਗ ਨਾ ਕਰਨ, ਪਰ ਇਹ ਨਹੀਂ ਹੋ ਸਕਦਾ ਕਿ ਅਸੀਂ ਉਨ੍ਹਾਂ ਦੀਆਂ ਲੋੜਾਂ ਵਲੋਂ ਬੇ-ਪਰਵਾਹ ਹੋ ਜਾਈਏ। ਰੋਂਦਾ ਬੱਚਾ ਜ਼ਰੂਰ ਸਾਨੂੰ ਔਖਿਆਂ ਕਰਦਾ ਹੈ, ਪਰ ਹਮੇਸ਼ਾ ਚੁਪ ਕਰ ਕੇ ਬੈਠਾ ਰਹਿਣ ਵਾਲਾ ਬੱਚਾ ਇਕ ਬੀਮਾਰ ਬੱਚਾ ਹੈ। ਅਸੀਂ ਇਹ ਚਾਹੁੰਦੇ ਹਾਂ ਕਿ ਬੱਚਾ ਸਾਡੇ ਕੰਮ ਵਿਚ ਕੋਈ ਵਿਘਨ ਨਾ ਪਾਏ ਤੇ ਅਸੀਂ ਆਰਾਮ ਨਾਲ ਆਪਣੇ ਕੰਮ ਲੱਗੇ ਰਹੀਏ, ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਅਸਾਂ ਉਹਨਾਂ ਨੂੰ ਆਹਰੇ ਲਾਣ ਦਾ ਕੋਈ ਯੋਗ ਇੰਤਜ਼ਾਮ ਕੀਤਾ ਹੋਇਆ ਹੋਵੇ। ਛੋਟੇ ਬੱਚੇ ਵਾਸਤੇ ਦੁਧ ਪੀਣਾ ਜਾਂ ਸੌਣਾ ਦੋ ਹੀ ਆਹਰ ਪੈਦਾ ਕਰਨੇ ਸਾਡਾ ਫ਼ਰਜ਼ ਨਹੀਂ। ਬੱਚੇ ਨਿਰਾ ਘਰ ਹੀ ਤੰਗ ਨਹੀਂ ਕਰਦੇ ਬਾਹਰ ਵੀ ਗੁਰਦਵਾਰਿਆਂ, ਮੰਦਰਾਂ ਵਿਚ ਪਬਲਿਕ ਜਲਸਿਆਂ ਤੇ, ਸਿਨੇਮਾ ਤੇ, ਸਫ਼ਰ ਵਿਚ ਤੇ ਹੋਰ ਥਾਵੇਂ ਵੀ ਬੱਚੇ ਔਖਿਆਂ ਹੀ ਕਰਦੇ ਹਨ। ਇਸ ਦੀ ਵਜ੍ਹਾ ਇਹ ਹੀ ਹੁੰਦੀ ਹੈ ਕਿ ਨਾ ਤੇ ਅਸੀਂ ਉਹਨਾਂ ਨੂੰ ਘਰ ਆਹਰੇ ਲਾ ਸਕਦੇ ਹਾਂ ਤੇ ਨਾ ਚਜ ਨਾਲ ਬਾਹਰ ਲਿਜਾ ਸਕਦੇ ਹਾਂ। ਜੇ ਬੱਚੇ ਨੂੰ ਛੋਟੇ ਹੁੰਦਿਆਂ ਤੋਂ ਇਹ ਹਿਲਤਰ ਪਾਈ ਗਈ ਹੋਵੇ ਕਿ ਉਹ ਦਿਨ ਵਿਚ ਕੁਝ ਘੰਟੇ ਮਾਂ ਤੋਂ ਬਿਨਾਂ ਰਹਿ ਸਕੇ, ਤਾਂ ਉਸ ਨੂੰ ਬੜੀ ਚੰਗੀ ਤਰ੍ਹਾਂ ਪਰਚਾਇਆ ਜਾ ਸਕਦਾ ਹੈ। ਉਹ ਖਿਡੌਣਿਆਂ ਨਾਲ ਖੇਡ ਸਕਦਾ ਹੈ, ਆਪਣੇ ਜਿਡੇ ਬੱਚਿਆਂ

ਨਾਲ ਕੁਝ ਵਕਤ ਗੁਜ਼ਾਰ ਸਕਦਾ ਹੈ, ਇਕੱਲਾ ਮੰਜੀ ਤੇ ਵੀ ਝਟ ਕੁ-ਪਿਆ ਰਹਿ ਸਕਦਾ ਹੈ ਜਾਂ ਏਧਰ ਓਧਰ ਰਿੜ੍ਹਣ ਵਿਚ ਹੀ ਖ਼ੁਸ਼ ਹੋ ਸਕਦਾ ਹੈ, ਪਰ ਇਸ ਵਾਸਤੇ ਬੱਚੇ ਦੇ ਖੇਡਣ ਲਈ ਕੋਈ ਸਾਫ਼ ਸੁਥਰੀ ਤੇ ਨਿਵੇਕਲੀ ਥਾਂ ਹੋਣੀ ਚਾਹੀਦੀ ਹੈ। ਉਸ ਦੇ ਨਾਲ ਖੇਡਣ ਲਈ ਉਹਦੀ ਉਮਰ ਦੇ ਹਾਣੀ ਹੋਣ ਤੇ ਉਸ ਦੀ ਰੁਚੀ ਤੇ ਉਮਰ ਅਨੁਸਾਰ ਉਹਦੇ ਜੋਗੇ ਖਿਡੌਣੇ ਹੋਣ। ਇਕ ਗਲੀ ਵਿਚ ਰਹਿੰਦੀਆਂ ਪੰਜ ਚਾਰ ਮਾਵਾਂ ਰਲ ਕੇ ਸਮੁਚੇ ਤੌਰ ਤੇ ਆਪਣੇ ਜੋਗਾ ਇਹੋ ਜਿਹਾ ਤਸੱਲੀ-ਬਖ਼ਸ਼ ਇੰਤਜ਼ਾਮ ਕਰ ਸਕਦੀਆਂ ਹਨ, ਜਿਸ ਨਾਲ ਬਹੁਤਾ ਖ਼ਰਚ ਕਰੇ ਬਿਨਾਂ ਮਾਪਿਆਂ ਦੀ ਮੁਸੀਬਤ ਬਹੁਤ ਘਟ ਜਾਏ। ਵਾਰੀ ਵਾਰੀ ਇਕ ਮਾਂ ਪੰਜਾਂ ਚਹੁੰ ਬਚਿਆਂ ਨੂੰ ਖਿਡਾ ਪਰਚਾ ਸਕਦੀ ਹੈ ਤੇ ਦੂਸਰੀਆਂ ਆਪਣੇ ਕੰਮ ਕਾਜ ਨੂੰ ਬੇਫ਼ਿਕਰ ਹੋ ਕੇ ਨਿਭਾ ਸਕਦੀਆਂ ਹਨ। ਏਸ ਤਰ੍ਹਾਂ ਦੀ ਆਦਤ ਪਾਇਆਂ ਬੱਚਿਆਂ ਨੂੰ ਹਰ ਥਾਵੇਂ ਨਾਲ ਚੁੱਕਣ ਦਾ ਵਖ਼ਤ ਵੀ ਨਾ ਪਵੇ। ਅਮਰੀਕਾ ਵਿਚ ਨਰਸਰੀ ਦਾ ਮੁਢ ਏਸੇ ਤਰ੍ਹਾਂ ਹੀ ਹੋਇਆ ਸੀ।

ਏਸੇ ਤਰ੍ਹਾਂ ਜੇ ਜ਼ਰਾ ਗਹੁ ਨਾਲ ਬੱਚੇ ਦੇ ਪਹਿਰਾਵੇ ਨੂੰ ਦੇਖੀਏ ਤਾਂ ਉਸ ਵਿਚ ਕਈ ਤਬਦੀਲੀਆਂ ਹੋ ਸਕਦੀਆਂ ਹਨ। ਸਾਡੇ ਬੱਚੇ ਝੱਲੇ ਝੱਲੇ ਤੇ ਢਿਲੇ ਢਿਲੇ ਕਪੜੇ ਪਾਈ ਫਿਰਦੇ ਹਨ, ਜਿਸ ਨਾਲ ਚੁਸਤ ਨਹੀਂ ਲਗਦੇ ਜਾਂ ਕਪੜੇ ਐਸੇ ਹੁੰਦੇ ਹਨ ਕਿ ਰੁਬਤ ਰੁਬਤ ਕੇ ਛੇਤੀ ਮੈਲੇ ਕਰ ਲੈਂਦੇ ਹਨ। ਬੱਚੇ ਦੀ ਸਾਰੀ ਸ਼ਖ਼ਸੀਅਤ ਹੀ ਕਪੜਿਆਂ ਤੇ ਹੈ, ਜੇ ਉਸ ਨੇ ਕਪੜੇ ਚਜ ਦੇ ਨਹੀਂ ਪਾਏ ਹੋਏ ਤਾਂ ਇਹ ਉਸ ਦੀ ਮਾਂ ਦੀ ਹੱਤਕ ਹੈ। ਬੱਚੇ ਨੂੰ ਸੋਹਣੀ ਨਿੱਕਰ ਕਮੀਜ਼ ਪਾਣ ਨਾਲ ਤੇ ਜ਼ਰਾ ਮੂੰਹ ਹਥ ਸਾਫ਼ ਕਰਨ ਨਾਲ ਉਸ ਦਾ ਹੁਲੀਆ ਹੀ ਬਦਲ ਜਾਂਦਾ ਹੈ, ਪਰ ਸਾਡੀਆਂ ਗਲੀਆਂ ਵਿਚ ਤੇ ਸਾਡੇ ਘਰਾਂ ਵਿਚ ਆਮ ਬੱਚੇ ਝੱਲੀਆਂ ਝੱਲੀਆਂ ਪਜਾਮੀਆਂ ਪਾਈ ਫਿਰਦੇ ਹਨ, ਜਿਨ੍ਹਾਂ ਦੇ ਪੌਂਚੇ ਮੈਲੇ ਹੋਏ

ਹੁੰਦੇ ਹਨ ਤੇ ਗੋਡਿਆਂ ਤੇ ਮਿਟੀ ਦੇ ਦਾਗ਼ ਲਗੇ ਹੋਏ ਹੁੰਦੇ ਹਨ। ਕਮੀਜ਼ ਰਾਲਾਂ ਵਰਗ ਵਰਗ ਕੇ ਸਲੂਣੇ ਦੇ ਦਾਗ਼ਾਂ ਨਾਲ ਰੀਦੀ ਹੋਈ ਹੋਈ ਹੁੰਦੀ ਹੈ। ਇਕ ਕਪੜੇ ਅਸੀਂ ਉਹੋ ਜਿਹੇ ਪਾ ਦਿੰਦੇ ਹਾਂ, ਦੂਸਰਾ ਉਨ੍ਹਾਂ ਨੂੰ ਹਰ ਵੇਲੇ ਰੀਦ ਬਲਾ ਖਾਣ ਪੀਣ ਨੂੰ ਦੇ ਕੇ ਉਹਨਾਂ ਨੂੰ ਮੋਕੇ ਦਿੰਦੇ ਹਾਂ ਕਿ ਸੋ ਕਿਸਮ ਦੇ ਦਾਗ਼ ਲਗਾ ਲੈਣ। ਸਾਡੇ ਘਰਾਂ ਵਿਚ ਜਾਂ ਗਲੀਆਂ ਵਿਚ ਉਹ ਰੀਦ ਹੁੰਦਾ ਹੈ ਕਿ ਬੱਚੇ ਖ਼ਾਹ ਮਖ਼ਾਹ ਆਪਣੇ ਕਪੜੇ ਰੀਦੇ ਕਰ ਲੈਂਦੇ ਹਨ। ਕਪੜੇ ਸਾਫ਼ ਰਖਣ ਦਾ ਚੱਜ ਵੀ ਅਸੀਂ ਬੱਚਿਆਂ ਨੂੰ ਨਹੀਂ ਸਿਖਾਂਦੇ, ਬੱਚਿਆਂ ਦੀਆਂ ਮਾਵਾਂ ਆਪ ਵੀ ਉਸੇ ਦੁਪੱਟੇ ਨਾਲ ਬੱਚੇ ਦਾ ਨਕ ਮੂੰਹ ਪੂੰਝ ਲੈਂਦੀਆਂ ਹਨ, ਉਸੇ ਨਾਲ ਥਾਲੀ ਸਾਫ਼ ਕਰ ਲੈਂਦੀਆਂ ਹਨ ਤੇ ਲੋੜ ਵੇਲੇ ਉਸੇ ਨਾਲ ਨਹਾਤੇ ਬੱਚੇ ਦਾ ਪਿੰਡਾ ਪੂੰਝ ਲੈਂਦੀਆਂ ਹਨ। ਐਸੀਆਂ ਮਾਵਾਂ ਦੇ ਬੱਚੇ ਭੀ ਏਹੋ ਕੁਝ ਸਿਖਦੇ ਹਨ। ਸਾਡੇ ਬੱਚੇ ਚਾਈਂ ਚਾਈਂ ਕਪੜੇ ਵੀ ਨਹੀਂ ਪਵਾਂਦੇ, ਉਨ੍ਹਾਂ ਨੂੰ ਜ਼ੋਰੀ ਫੜ ਕੇ ਤੇ ਬਹੁਤੀ ਦਫ਼ਾ ਮਾਰ ਕੁਟ ਕੇ ਕਪੜੇ ਪਾਣੇ ਪੈਂਦੇ ਹਨ। ਜਿਹੜੇ ਕਪੜੇ ਬੱਚਾ ਖ਼ੁਸ਼ੀ ਖ਼ੁਸ਼ੀ ਨਾ ਪਾਵੇ, ਉਨ੍ਹਾਂ ਨੂੰ ਸਾਫ਼ ਭੀ ਉਹ ਨਹੀਂ ਰਖ ਸਕਦਾ। ਜ਼ੋਰੀ ਬੰਨ੍ਹ ਕੇ ਸਾਨੂੰ ਕਪੜੇ ਇਸ ਲਈ ਪਾਣੇ ਪੈਂਦੇ ਹਨ, ਕਿਉਂਕਿ ਅਸੀਂ ਬੱਚੇ ਨੂੰ ਨੁਹਾਂਦੇ ਵੀ ਬੰਨ੍ਹ ਕੇ ਹੀ ਹਾਂ, ਉਹ ਨਹਾਉਂਦਾ ਵੀ ਸ਼ੌਕ ਨਾਲ ਨਹੀਂ। ਦੋਹਾਂ ਗੱਲਾਂ ਵਿਚ ਹੀ ਅਸਾਂ ਕਦੇ ਉਸ ਦੇ ਸਰੀਰ ਤੇ ਉਸ ਦੇ ਆਰਾਮ ਦਾ ਖ਼ਿਆਲ ਨਹੀਂ ਕੀਤਾ। ਪਾਣੀ ਠੰਢਾ ਹੋਵੇ, ਗਰਮ ਹੋਵੇ, ਕੋਈ ਪਰਵਾਹ ਨਹੀਂ, ਉਸ ਨੂੰ ਰੋਂਤਾ ਆਉਂਦਾ ਹੋਵੇ ਜਾਂ ਉਸ ਦੀਆਂ ਅੱਖਾਂ ਵਿਚ ਸਾਬਣ ਪੈਂਦਾ ਹੋਵੇ, ਅਸੀਂ ਜ਼ਰਾ ਖ਼ਿਆਲ ਨਹੀਂ ਕਰਦੇ। ਉਹ ਆਪਣੇ ਹਾਣੀਆਂ ਨਾਲ ਖੇਡਦਾ ਹੋਵੇ ਖਿਡੌਣਿਆਂ ਦੇ ਆਹਰੇ ਲੱਗਾ ਹੋਵੇ, ਰੀਂ ਰੀਂ ਕਰਦਾ ਹੋਵੇ, ਜਦ ਸਾਡਾ ਜੀ ਚਾਹੇ, ਅਸੀਂ ਫੜ ਕੇ ਨੁਹਾਣ ਦੀ ਕਰਦੇ ਹਾਂ। ਏਸੇ ਤਰ੍ਹਾਂ ਕਪੜੇ ਪਾਣ ਲਗਿਆਂ

ਇਸ ਗੱਲ ਦਾ ਅਸੀਂ ਖ਼ਿਆਲ ਨਹੀਂ ਕਰਦੇ ਕਿ ਕਮੀਜ਼ ਸਿਰੋਂ ਲੰਘਦਿਆਂ ਉਸ ਦਾ ਸਾਹ ਤੇ ਨਹੀਂ ਘੁਟਦਾ, ਜਾਂ ਸਿਰ ਤੋਂ ਜ਼ੋਰੀਂ ਖਿਚ ਕੇ ਤੇ ਨਹੀਂ ਲੰਘਾਣੀ ਪੈਂਦੀ। ਇਨ੍ਹਾਂ ਨਿਕੀਆਂ ਨਿਕੀਆਂ ਗੱਲਾਂ ਦਾ ਖ਼ਿਆਲ ਕਰਨਾ ਬੜਾ ਜ਼ਰੂਰੀ ਹੈ।

ਬੱਚੇ ਦਾ ਆਲਾ ਦੁਆਲਾ

ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਛੇ ਸਾਲ ਉਸ ਦੇ ਜੀਵਨ ਦਾ ਸਭ ਤੋਂ ਜ਼ਰੂਰੀ ਵਕਤ ਹੈ। ਜੋ ਆਦਤਾਂ, ਜੋ ਅਸਰ, ਜੋ ਖ਼ਿਆਲ ਤੇ ਜੋ ਰੁਚੀਆਂ ਇਨ੍ਹਾਂ ਪਹਿਲੇ ਸਾਲਾਂ ਵਿਚ ਬਣ ਜਾਂਦੀਆਂ ਹਨ, ਉਹ ਅਗੋਂ ਵਾਸਤੇ ਨਾਲ ਹੀ ਜਾਂਦੀਆਂ ਹਨ। ਪਰ ਅਸੀਂ ਇਸ ਕੀਮਤੀ ਵਕਤ ਨੂੰ ਅਜਾਈਂ ਹੀ ਗਵਾ ਦਿੰਦੇ ਹਾਂ ਤੇ ਫੇਰ ਸਾਰੀ ਉਮਰ ਫਲ ਭੋਗਦੇ ਹਾਂ। ਜੇ ਅਸੀਂ ਆਪਣੇ ਬੱਚੇ ਦੇ ਪਹਿਲੇ ਪੰਜਾਂ ਛਿਆਂ ਸਾਲਾਂ ਦੀ ਇਕ ਸਕੀਮ ਸੋਚ ਸਮਝ ਕੇ ਬਣਾ ਲਈਏ ਤਾਂ ਉਸ ਦੀ ਜ਼ਿੰਦਗੀ ਹਮੇਸ਼ਾ ਵਾਸਤੇ ਸੁਧਰ ਜਾਏ। ਪਰ ਐਸੀ ਸਕੀਮ ਬਨਾਣ ਲਗਿਆਂ ਉਸ ਦੀਆਂ ਦਿਨ ਬਦਿਨ ਬਦਲਦੀਆਂ ਲੋੜਾਂ ਦਾ ਖ਼ਿਆਲ ਰਖਣਾ ਜ਼ਰੂਰੀ ਹੈ। ਪਹਿਲੇ ਮਹੀਨੇ ਬੱਚੇ ਦੀਆਂ ਲੋੜਾਂ ਹੋਰ ਹੁੰਦੀਆਂ ਹਨ, ਦੂਸਰੇ ਮਹੀਨੇ ਹੋਰ; ਛੋਟੇ ਬੱਚੇ ਦੀਆਂ ਹੋਰ, ਰਿੜ੍ਹਦੇ ਦੀਆਂ ਹੋਰ, ਟੁਰਦੇ ਦੀਆਂ ਹੋਰ; ਪਹਿਲੇ ਬੱਚੇ ਦੀਆਂ ਹੋਰ, ਦੂਸਰੇ ਦੀਆਂ ਹੋਰ, ਤੀਸਰੇ ਦੀਆਂ ਹੋਰ, ਸਭ ਤੋਂ ਛੋਟੇ ਦੀਆਂ ਹੋਰ, ਇਕਲੌਤੇ ਦੀਆਂ ਹੋਰ, ਸਿਆਲੇ ਵਿਚ ਹੋਰ, ਗਰਮੀਆਂ ਵਿਚ ਹੋਰ; ਦਿਨੇ ਹੋਰ, ਰਾਤੀ ਹੋਰ; ਘਰ ਹੋਰ, ਬਾਹਰ ਹੋਰ, ਸਫ਼ਰ

ਵਿਚ ਹੋਰ। ਹਰ ਹਾਲਤ ਵਿਚ ਬਚੇ ਦੀ ਬਿਹਤਰੀ ਤੇ ਉਸ ਦੀ ਸ਼ਖ਼ਸੀਅਤ ਦਾ ਖ਼ਿਆਲ ਰਖਣਾ ਬੜਾ ਜ਼ਰੂਰੀ ਹੈ। ਬੱਚੇ ਸੰਬੰਧੀ ਸਾਡਾ ਆਦਰਸ਼ ਹਮੇਸ਼ਾਂ ਇਕੋ ਹੋਣਾ ਚਾਹੀਦਾ ਹੈ ਕਿ ਉਸ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਪ੍ਰਫੁਲਤ ਹੋਣ ਦੇਣਾ ਹੈ ਤੇ ਇਸ ਆਦਰਸ਼ ਨੂੰ ਨਿਭਾਣ ਦੀ ਪੂਰੀ ਪੂਰੀ ਕੋਸ਼ਿਸ਼ ਕਰਨੀ ਹੈ।

ਬੱਚੇ ਦੀ ਸ਼ਖ਼ਸੀਅਤ ਪ੍ਰਫੁਲਤ ਕਰਨ ਵਾਸਤੇ ਪਹਿਲੋਂ ਆਪਣਾ ਨੁਕਤਾ ਖ਼ਿਆਲ ਬਦਲਣਾ ਬੜਾ ਜ਼ਰੂਰੀ ਹੈ। ਅਸੀ ਇਹ ਖ਼ਿਆਲ ਕਰਦੇ ਹਾਂ ਕਿ ਬੱਚੇ ਮਾਪਿਆਂ ਦੀ ਮਲਕੀਅਤ ਹਨ ਤੇ ਮਾਪਿਆਂ ਨੂੰ ਪੂਰਾ ਹਕ ਹੈ ਕਿ ਜਿਸਤਰ੍ਹਾਂ ਉਨ੍ਹਾਂ ਦਾ ਜੀ ਚਾਹੇ ਉਨ੍ਹਾਂ ਨਾਲ ਵਰਤਾਓ ਕਰਨ। ਇਸਤ੍ਰੀ ਬਾਬਤ ਭੀ ਪਹਿਲਾਂ ਇਹ ਖ਼ਿਆਲ ਹੁੰਦਾ ਸੀ ਕਿ ਉਹ ਮਰਦ ਦੀ ਬਾਂਦੀ ਹੈ। ਉਹ ਖ਼ਿਆਲ ਹੁਣ ਬਹੁਤ ਪਿਛੇ ਸੁਟਿਆ ਜਾ ਚੁਕਾ ਹੈ। ਬੱਚਿਆਂ ਬਾਬਤ ਭੀ ਹੁਣ ਇਹ ਖ਼ਿਆਲ ਰੱਦ ਕਰ ਦਿਤਾ ਗਿਆ ਹੈ। ਹੁਣ ਦੇ ਮਨੁਖ ਦਾ ਇਹ ਖ਼ਿਆਲ ਹੈ ਕਿ ਬੱਚਾ ਇਕ ਬੜੀ ਭਾਰੀ ਜ਼ੁਮੇਂਵਾਰੀ ਹੈ ਤੇ ਮਾਪਿਆਂ ਦਾ ਫ਼ਰਜ਼ ਹੈ ਕਿ ਉਹ ਇਸ ਜ਼ੁਮੇਂਵਾਰੀ ਨੂੰ ਯੋਗ ਤਰੀਕੇ ਨਾਲ ਨਿਭਾਹੁਣ। ਜਿਨ੍ਹਾਂ ਉੱਨਤ ਦੇਸਾਂ ਨੇ ਇਹ ਗਲ ਚੰਗੀ ਤਰ੍ਹਾਂ ਸਮਝ ਲਈ ਹੈ, ਉਹਨਾਂ ਇਸ ਸੰਬੰਧੀ ਕਾਨੂੰਨ ਵੀ ਬਣਾ ਦਿਤੇ ਹੱਨ ਤੇ ਬਚਿਆਂ ਦੀ ਰਖਿਆ ਤੇ ਸੰਭਾਲ ਦੀਆਂ ਕਈ ਜ਼ੁਮੇਂਵਾਰੀਆਂ ਮੁਲਕ ਨੇ ਆਪਣੇ ਸਿਰ ਲੈ ਲਈਆਂ ਹਨ। ਅਮਰੀਕਾ ਵਿਚ ਹਰ ਇਕ ਜਨਣੀ ਨੂੰ ਬਚਿਆਂ ਦੀ ਪਰਵਰਿਸ਼ ਬਾਬਤ ਜ਼ਰੂਰੀ ਸਾਹਿਤ ਮੁਫ਼ਤ ਪੁਚਾਇਆ ਜਾਂਦਾ ਹੈ। ਰੂਸ ਵਿਚ ਥਾਂ ਥਾਂ ਬੱਚਿਆਂ ਲਈ ਸਲਾਹਕਾਰ ਕਮੇਟੀਆਂ ਤੇ ਕਲੱਬਾਂ ਬਣਾਈਆਂ ਹੋਈਆਂ ਹੁੰਦੀਆਂ ਹਨ, ਜਿਨ੍ਹਾਂ ਦਾ ਸਾਰਾ ਖ਼ਰਚ ਸਰਕਾਰ ਦੇ ਜ਼ੁੰਮੇ ਹੁੰਦਾ ਹੈ। ਤਕਰੀਬਨ ਸਾਰੇ ਹੀ ਉੱਨਤ ਦੇਸਾਂ ਵਿਚ ਸਰਕਾਰ ਵਲੋਂ ਐਸੀਆਂ ਨਰਸਾਂ ਤੇ ਲੇਡੀ ਡਾਕਟਰ ਮੁਕੱਰਰ ਕੀਤੀਆਂ

ਹੋਈਆਂ ਹਨ ਜੋ ਨਵੇਂ ਜੰਮੇ ਬੱਚੇ ਦੀ ਦੇਖ ਭਾਲ ਲਈ ਆਪਣੇ ਆਪ ਉਨ੍ਹਾਂ ਦੇ ਘਰ ਜਾਂਦੀਆਂ ਹਨ।

ਜਿੱਥੇ ਬੱਚੇ ਦੀ ਮਲਕੀਅਤ ਦਾ ਖ਼ਿਆਲ ਟੁਣ ਉਡ ਚੁਕਾ ਹੈ, ਉਥੇ ਹੁਣ ਇਹ ਵੀ ਮੰਨਿਆਂ ਜਾਂਦਾ ਹੈ ਕਿ ਹਰ ਇਕ ਬੱਚੇ ਵੀ ਆਪਣੀ ਸ਼ਖ਼ਸੀਅਤ ਹੁੰਦੀ ਹੈ, ਇਕ ਘਰ ਦੇ ਬੱਚੇ ਭੀ ਇਕੋ ਜਹੇ ਨਹੀਂ ਹੋ ਸਕਦੇ ਤੇ ਮਾਪੇ ਇਹ ਆਸ ਨਹੀਂ ਰਖਦੇ ਕਿ ਉਨ੍ਹਾਂ ਦੇ ਬੱਚੇ ਵੀ ਦੁਨੀਆਂ ਵਿਚ ਉਹੋ ਜੇਹੇ ਹੋਣਗੇ ਜੇਹੋ ਜਹੇ ਕਿ ਉਨ੍ਹਾਂ ਦੇ ਮਾਪੇ। ਅਜ ਕਲ ਦਾ ਪਿਓ ਇਸ ਗਲ ਦਾ ਮਾਣ ਕਰਨਾ ਚਾਹੁਦਾ ਹੈ ਕਿ ਉਸ ਨੇ ਆਪਣੇ ਬੱਚੇ ਨੂੰ ਆਪਣੇ ਨਾਲੋਂ ਚੰਗਾ ਬਨਾਣਾ ਹੈ। ਅਜ ਕਲ ਦਾ ਸਿਆਣਾ ਪਿਓ ਜਾਂ ਸਿਆਣੀ ਮਾਂ ਕਦੇ ਆਪਣੇ ਬੱਚੇ ਨੂੰ ਆਪਣੇ ਨੀਅਤ ਕੀਤੇ ਸੱਚੇ ਵਿਚ ਢਾਲਣ ਦੀ ਕੋਸ਼ਿਸ਼ ਨਹੀਂ ਕਰਦੇ, ਉਨ੍ਹਾਂ ਵਾਸਤੇ ਬੱਚਾ ਮੋਮ ਦਾ ਨਕ ਨਹੀਂ ਕਿ ਜਿਧਰ ਜੀ ਕੀਤਾ ਮੋੜ ਲਿਆ। ਬੱਚੇ ਦੀ ਸ਼ਖ਼ਸੀਅਤ ਨੂੰ ਸਮਝਣਾ ਤੇ ਉਸ ਵਾਸਤੇ ਯੋਗ ਹਾਲਾਤ ਪੈਦਾ ਕਰਨੇ ਇਕ ਸਿਆਣੇ ਮਾਂ ਪਿਓ ਦਾ ਫ਼ਰਜ਼ ਹੈ।

ਇਕ ਹੋਰ ਖ਼ਿਆਲ ਸਾਡੇ ਵਿਚ ਆਮ ਪ੍ਰਚਲਤ ਹੈ ਕਿ ਬੱਚੇ ਦੇ ਬਹੁਤ ਸਾਰੇ ਗੁਣ ਅਉਗਣ ਜਮਾਂਦਰੂ ਹੁੰਦੇ ਹਨ। ਸਾਇੰਸ ਦੀਆਂ ਖੋਜਾਂ ਨੇ ਇਸ ਖ਼ਿਆਲ ਨੂੰ ਹੁਣ ਗ਼ਲਤ ਸਾਬਤ ਕਰ ਦਿਤਾ ਹੈ। ਬੱਚਾ ਜਨਮ ਸਮੇਂ ਤੋਂ (ਬਲਕਿ ਗਰਭ ਸਮੇਂ ਤੋਂ) ਲੈ ਕੇ ਜਿਨ੍ਹਾਂ ਜਿਨ੍ਹਾਂ ਹਾਲਤਾਂ ਵਿਚ ਰਹਿੰਦਾ ਹੈ ਤੇ ਜੋ ਜੋ ਆਲਾ ਦੁਆਲਾ ਉਸ ਨੂੰ ਮਿਲਦਾ ਹੈ, ਉਹ ਹੀ ਉਸ ਦੇ ਜੀਵਨ ਨੂੰ ਢਾਲਦਾ ਹੈ ਤੇ ਉਸ ਦੀ ਸ਼ਖ਼ਸੀਅਤ ਏਸੇ ਤਰ੍ਹਾਂ ਬਣਦੀ ਹੈ। ਬੱਚੇ ਦੀਆਂ ਆਦਤਾਂ ਪਿਛਲੇ ਜਨਮ ਦੇ ਕਰਮਾਂ ਦਾ ਫਲ ਨਹੀਂ ਹੁੰਦਾ ਤੇ ਨਾ ਹੀ ਮਾਪਿਆਂ ਦੀਆਂ ਆਦਤਾਂ ਬੱਚੇ ਨੂੰ ਵਿਰਸੇ ਵਿਚ ਮਿਲਦੀਆਂ ਹਨ।

Patiala

ਇਨ੍ਹਾਂ ਵਰਤਮਾਨ ਸਾਇੰਟਿਫਿਕ ਖ਼ਿਆਲਾਂ ਨੂੰ ਜੇ ਅਸੀ ਚੰਗੀ ਤਰ੍ਹਾਂ ਗ੍ਰਹਿਣ ਕਰ ਲਈਏ ਤਾਂ ਸਾਨੂੰ ਬੱਚੇ ਬਾਬਤ ਨਾ ਸਿਰਫ਼ ਆਪਣੇ ਖ਼ਿਆਲ ਹੀ ਬਦਲਣੇ ਪੈਣਗੇ, ਬਲਕਿ ਆਪਣਾ ਰਵੱਈਆ ਵੀ ਬਦਲਣਾ ਪਵੇਗਾ ਤੇ ਨਾਲ ਹੀ ਇਸ ਗਲ ਦੀ ਖੋਜ ਕਰਨੀ ਪਵੇਗੀ ਕਿ ਜਿਸ ਘਰ ਤੇ ਜਿਸ ਆਲੇ ਦੁਆਲੇ ਵਿਚ ਸਾਡਾ ਬੱਚਾ ਪਲ ਰਿਹਾ ਹੈ ਕੀ ਉਹ ਹਰ ਤਰ੍ਹਾਂ ਉਸ ਵਾਸਤੇ ਯੋਗ ਹੈ, ਜੇ ਨਹੀਂ ਤਾਂ ਉਸ ਵਿਚ ਕਿਨ੍ਹਾਂ ਤਬਦੀਲੀਆਂ ਦੀ ਲੋੜ ਹੈ।

ਹਰ ਇਕ ਬੱਚੇ ਦਾ ਆਲਾ ਦੁਆਲਾ ਤੇ ਹਰ ਇਕ ਬੱਚੇ ਦੀਆਂ ਲੋੜਾਂ ਦੂਸਰੇ ਬੱਚੇ ਨਾਲੋਂ ਬਿਲਕੁਲ ਵਖਰੀਆਂ ਹੁੰਦੀਆਂ ਹਨ। ਇਕ ਮਾਪਿਆਂ ਦੇ ਬੱਚੇ ਵੀ ਇਕ ਦੂਸਰੇ ਨਾਲੋਂ ਵਖਰੇ ਹੁੰਦੇ ਹਨ। ਪਹਿਲੇ ਬੱਚੇ ਵਾਰੀ ਸਾਰਿਆਂ ਦੀਆਂ ਚੀਝਾਂ ਤੇ ਚਾ, ਮਾਂ ਦੀ ਨਾ-ਤਜਰਬਾਕਾਰੀ, ਦਾਦੀਆਂ, ਨਾਨੀਆਂ ਤੇ ਮਾਸੀਆਂ ਕੁਆ ਦੇ ਲਾਡ, ਬੱਚੇ ਵਾਸਤੇ ਇਕੱਲਾ ਘਰ, ਜਿਸ ਤੇ ਉਹ ਚਾਹੇ ਹਕੂਮਤ ਕਰ ਲਏ, ਹਰ ਕੋਈ ਉਸ ਦੇ ਹੁਕਮ ਤੇ ਚਲਦਾ ਹੈ। ਦੂਸਰੇ ਬੱਚੇ ਵਾਸਤੇ ਇਹ ਸਾਰੇ ਹਾਲਾਤ ਬਦਲ ਚੁਕੇ ਹੁੰਦੇ ਹਨ। ਉਹ ਜੰਮਦਿਆਂ ਹੀ ਆਪਣਾ ਇਕ ਹਾਣੀ ਦੇਖਦਾ ਹੈ ਜੋ ਹੌਲੀ ਹੌਲੀ ਹਰ ਗਲ ਵਿਚ ਉਸ ਦਾ ਸ਼ਰੀਕ ਬਣ ਜਾਂਦਾ ਹੈ। ਉਸ ਦੀ ਜੀਵਨ-ਦੌੜ ਵਿਚ ਉਸ ਦਾ ਮੁਕਾਬਲਾ ਕਰਨ ਲਈ ਹਰ ਵਕਤ ਇਕ ਹੋਰ ਹਾਣੀ ਹੈ। ਪਿਆਰ ਵੰਡੀ ਕੇ ਮਿਲਦਾ ਹੈ, ਤਵੱਜੋ ਵੰਡੀ ਦੀ ਹੈ, ਖਾਹਿਸ਼ਾਂ ਵੰਡੀਆਂ ਜਾਂਦੀਆਂ ਹਨ, ਹਰ ਗਲ ਵਿਚ ਵੰਡੀਆਂ ਪਾਣ ਵਾਲਾ ਇਕ ਹੋਰ ਸਾਥੀ ਹੁੰਦਾ ਹੈ। ਉਸ ਵਾਸਤੇ ਜੀਵਨ ਸ਼ੁਰੂ ਤੋਂ ਹੀ ਇਕ ਮੁਕਾਬਲਾ ਜਿਹਾ ਬਣ ਜਾਂਦਾ ਹੈ। ਪਹਿਲੇ ਬੱਚੇ ਵਾਸਤੇ ਭੀ ਦੂਸਰੇ ਬੱਚੇ ਦੇ ਜਨਮ ਤੇ ਹਾਲਤ ਬਦਲ ਜਾਂਦੇ ਹਨ। ਸਾਲ ਦੋ ਸਾਲ ਉਸ ਨੂੰ ਇਕੱਲਿਆਂ ਸਾਰਿਆਂ ਦਾ ਲਾਡ, ਪਿਆਰ ਤੇ ਤਵੱਜੋ ਮਿਲਦੀ ਹੈ, ਮਾਂ

ਨਿਰਾ ਉਸੇ ਦੀ ਮਾਂ ਰਹੀ ਹੈ,ਹੋਰ ਕਿਸੇ ਦਾ ਉਸ ਤੇ ਹਕ ਨਹੀਂ ਹੋਇਆ, ਪਰ ਦੂਸਰੇ ਬੱਚੇ ਦੇ ਜਨਮ ਤੇ ਉਸ ਦਾ ਤਖ਼ਤ ਹੁਣ ਖੋਹਿਆ ਜਾਂਦਾ ਹੈ, ਉਸ ਦੇ ਭੈਣ ਭਾਂ ਭਰਾ ਦੇ ਜੰਮਣ ਤੇ ਝਟ ਪਟ ਉਸ ਵਾਸਤੇ ਹਾਲਾਤ ਬਦਲ ਜਾਂਦੇ ਹਨ। ਇਸ ਦਾ ਅਸਰ ਅਸੀਂ ਆਮ ਘਰਾਂ ਵਿਚ ਇਹ ਦੇਖਦੇ ਹੁੰਦੇ ਹਾਂ ਕਿ ਐਸੇ ਵਕਤ ਤੇ ਪਹਿਲਾ ਬੱਚਾ ਡੰਡੀ ਖੋਰ, ਰੀਂਗਲ, ਸੜੀਅਲ ਤੇ ਬੀਮਾਰ ਹੋ ਜਾਂਦਾ ਹੈ। ਉਹ ਹੁਣ ਵੀ ਅਗੇ ਵਾਂਗ ਮਾਂ ਦੀ ਗੋਦੀ ਦਾ ਇਕੱਲਾ ਹਕਦਾਰ ਹੋਣਾ ਚਾਹੁੰਦਾ ਹੈ ਜੋ ਉਸ ਨੂੰ ਮਿਲ ਨਹੀਂ ਸਕਦੀ ਜਾਂ ਸਿਰਫ਼ ਥੋੜੇ ਚਿਰ ਦੇ ਦਿਲ ਪਰਚਾਵੇ ਲਈ ਹੀ ਮਿਲ ਸਕਦੀ ਹੈ। ਕਈ ਵਾਰ ਪਹਿਲਾ ਬੱਚਾ ਦੂਸਰੇ ਬਚੇ ਨੂੰ ਚੁਕਿਆ ਵੇਖ ਕੇ ਰੋਣ ਲਗ ਪੈਂਦਾ ਹੈ, ਉਸ ਨੂੰ ਚੁੰਢੀਆਂ ਵਢ ਕੇ ਰੁਆ ਦੇਂਦਾ ਹੈ।

ਤੀਸਰੇ ਤੇ ਚੌਥੇ ਬੱਚੇ ਵੇਰੀ ਘਰ ਦੇ ਹਾਲਾਤ ਹੋਰ ਹੀ ਹੁੰਦੇ ਹਨ। ਹੁਣ ਤਕ ਮਾਂ ਪਿਉ ਨੂੰ ਘਟ ਤੋਂ ਘਟ ਕੁਝ ਗਲਾਂ ਦਾ ਤਜਰਬਾ ਹੋ ਚੁਕਾ ਹੁੰਦਾ ਹੈ, ਪਰ ਸਾਰਾ ਭਾਰ ਉਨ੍ਹਾਂ ਦੇ ਆਪਣੇ ਸਿਰ ਹੀ ਪੈਂਦਾ ਹੈ, ਕੋਈ ਮਦਦ ਕਰਨ ਵਾਲਾ ਨਹੀਂ ਹੁੰਦਾ। ਬੱਚਿਆਂ ਵਾਸਤੇ ਵੀ ਸ਼ੁਰੂ ਤੋਂ ਹੀ ਮੁਕਾਬਲੇ ਦੇ ਹੋਰ ਹਾਣੀ ਨਾਲ ਖੇਡਣ ਵਾਲੇ ਹੋਰ ਹਾਣੀ, ਲਾਡ,ਪਿਆਰ ਤੇ ਤਵੱਜੋ ਵੰਡਾਣ ਵਾਲੇ ਹੋਰ ਸਾਥੀ। ਇਨ੍ਹਾਂ ਬਚਿਆਂ ਨੂੰ ਜੀਵਨ ਸ਼ੁਰੂ ਤੋਂ ਹੀ ਇਕ ਛਿੰਝ ਜਾਪਦੀ ਹੈ। ਪਰ ਕਈ ਹਾਲਾਤ ਇਨ੍ਹਾਂ ਵਾਸਤੇ ਫ਼ਾਇਦੇਮੰਦ ਵੀ ਹੁੰਦੇ ਹਨ। ਪਹਿਲੇ ਬੱਚੇ ਦੇ ਵਕਤ ਮਾਪੇ ਅਜੇ ਖ਼ੁਦਮੁਖਤਾਰ ਨਹੀਂ ਹੋਂਦੇ, ਉਨ੍ਹਾਂ ਨੂੰ ਬਹੁਤ ਵਾਰੀ ਵਡਿਆਂ ਵਡੇਰਿਆਂ ਦੀ ਹਕੂਮਤ ਵਿਚ ਤੇ ਉਨ੍ਹਾਂ ਦੇ ਆਸਰੇ ਤੇ ਰਹਿਣਾ ਪੈਂਦਾ ਹੈ। ਅਗਲੇ ਬੱਚੇ ਦੇ ਵਕਤ ਇਹ ਨਕਸ਼ਾ ਬਦਲ ਜਾਂਦਾ ਹੈ। ਪਰ ਅਗੋਂ ਜਾ ਕੇ ਹਾਲਤ ਹੋਰ ਵੀ ਬਦਲ ਜਾਂਦੇ ਹਨ। ਮਾਪਿਆਂ ਦਾ ਸਭ ਤੋਂ ਛੋਟਾ ਬੱਚਾ ਜਦ ਦੁਨੀਆਂ ਵਿਚ ਆਉਂਦਾ ਹੈ ਤਾਂ ਉਸ ਵਕਤ ਤਕ ਮਾਪੇ ਕਾਫ਼ੀ ਉਮਰ ਦੇ ਹੋ ਚੁਕੇ

ਹੁੰਦੇ ਹਨ, ਟੱਬਰ ਕਾਫ਼ੀ ਵੱਡਾ ਹੋ ਗਿਆ ਹੁੰਦਾ ਹੈ ਪਰ ਨਾਲ ਹੀ ਪਿਉ ਦੀ ਨੌਕਰੀ ਜਾਂ ਉਮਰ ਤਕਰੀਬਨ ਖ਼ਤਮ ਹੋਣ ਵਾਲੀ ਹੁੰਦੀ ਹੈ। ਛੋਟੇ ਬਚੇ ਨੂੰ ਮਾਪਿਆਂ ਦੇ ਜਿਊਂਦਿਆਂ ਕਾਫ਼ੀ ਲਾਡ, ਪਿਆਰ ਤੇ ਤਵੱਜੋ ਮਿਲਦੇ ਰਹਿੰਦੇ ਸਨ। ਉਸ ਦੀਆਂ ਯੋਗ ਅਯੋਗ, ਸਭ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਪਰ ਛੋਟੇ ਬੱਚੇ ਨੂੰ ਮਾਪਿਆਂ ਦੀ ਛਤਰ ਛਾਇਆ ਬਹੁਤਾ ਚਿਰ ਪਰਾਪਤ ਨਹੀਂ ਹੋ ਸਕਦੀ। ਉਸ ਨੇ ਆਖਰ ਵਡੇ ਭਰਾਵਾਂ ਦੇ ਆਸਰੇ ਤੇ ਹੀ ਜਿਊਣਾ ਹੁੰਦਾ ਹੈ ਤੇ ਉਸਦੀਆਂ ਲੋੜਾਂ ਉਨ੍ਹਾਂ ਦੇ ਤਰਸ ਤੇ ਹੀ ਹੁੰਦੀਆਂ ਹਨ। ਮਾਪਿਆਂ ਦੇ ਜਿਊਂਦਿਆਂ ਭੀ ਉਸ ਨੂੰ ਆਪਣੇ ਵਡੇ ਭੈਣ ਭਰਾਵਾਂ ਦੀ ਹਕੂਮਤ ਵਿਚ ਰਹਿਣਾ ਪੈਂਦਾ ਹੈ ਤੇ ਹਰ ਕਿਸੇ ਦਾ ਰੋਅਬ ਤੇ ਹਰ ਕਿਸੇ ਦੀ ਨੁਕਤਾਚੀਨੀ ਸਹਿਣੀ ਪੈਂਦੀ ਹੈ। ਉਸ ਦਾ ਛੋਟਿਆਂ ਹੋਣਾ ਵੀ ਉਸ ਲਈ ਇਕ ਬਦ-ਕਿਸਮਤੀ ਹੋ ਜਾਂਦੀ ਹੈ, ਪਰ ਕਈ ਵਾਰੀ ਏਨਾ ਲਾਡਲਾ ਹੁੰਦਾ ਹੈ ਕਿ ਸਾਰੇ ਘਰ ਦਾ 'ਕਾਕਾ' ਹੀ ਹੋ ਜਾਂਦਾ ਹੈ ਤੇ ਕਾਫ਼ੀ ਵਡੀ ਉਮਰ ਤਕ ਉਸ ਨੂੰ ਕਾਕਾ ਹੀ ਸਦਦੇ ਰਹਿੰਦੇ ਹਨ। ਕਾਫ਼ੀ ਸਾਲਾਂ ਦਾ ਹੋ ਕੇ ਭੀ ਮਾਂ ਪਿਉ ਕੋਲ ਸੌਂਦਾ ਰਹਿੰਦਾ ਹੈ ਤੇ ਉਹਨਾਂ ਕੋਲੋਂ ਨਿਖੜਨਾ ਉਸ ਵਾਸਤੇ ਬੜਾ ਔਖਾ ਹੁੰਦਾ ਹੈ।

ਇਨ੍ਹਾਂ ਇਕ ਘਰ ਦੇ ਬਚਿਆਂ ਤੋਂ ਛੁਟ ਸਾਡੇ ਘਰਾਂ ਵਿਚ ਐਸੇ ਬੱਚੇ ਭੀ ਹੁੰਦੇ ਹਨ, ਜਿਨ੍ਹਾਂ ਦੇ ਹਾਲਾਤ ਬਿਲਕੁਲ ਅਨੋਖੇ ਹੁੰਦੇ ਹਨ। ਕੁੜੀ ਤੇ ਮੁੰਡੇ ਲਈ ਹਾਲਾਤ ਬਿਲਕੁਲ ਵਖ ਵਖ ਹੁੰਦੇ ਹਨ—ਵਰਤਾਉ ਵਖਰਾ, ਖ਼ਿਆਲ ਵਖਰੇ, ਮੌਕੇ ਵਖਰੇ ਸਾਡੇ ਘਰਾਂ ਵਿਚ ਦੋਹਾਂ ਦਾ ਜੀਵਨ ਹੀ ਬਿਲਕੁਲ ਵਖੋ ਵਖ ਹੁੰਦਾ ਹੈ। ਏਸੇ ਤਰ੍ਹਾਂ ਜਿਨ੍ਹਾਂ ਘਰਾਂ ਵਿਚ ਇਕੋ ਇਕ ਪੁਤਰ ਹੋਵੇ ਉਸ ਵਾਸਤੇ ਹਾਲਾਤ ਹੋਰ ਹੀ ਹੁੰਦੇ ਹਨ। ਭੈਣਾਂ ਦੇ ਮੁਕਾਬਲੇ ਵਿਚ ਉਸ ਦੀ ਹਰ ਗਲ ਮੰਨੀ ਜਾਂਦੀ ਹੈ। ਉਸ ਨੂੰ ਭੈਣਾਂ ਤੇ ਹਕੂਮਤ ਕਰਨ ਦਾ ਪੂਰਾ ਹਕ ਹੁੰਦਾ ਹੈ ਤੇ ਉਹ ਉਸ ਨੂੰ ਕੁਝ ਨਹੀਂ ਕਹਿ

ਸਕਦੀਆਂ। ਜਿਸ ਘਰ ਵਿਚ ਇਕੋ ਇਕ ਬੱਚਾ ਹੋਵੇ, ਉਸ ਦਾ ਜੀਵਨ ਹੀ ਹੋਰ ਹੁੰਦਾ ਹੈ। ਨਾ ਘਰ ਵਿਚ ਉਸ ਦਾ ਕੋਈ ਹਾਣੀ, ਨਾ ਕਿਸੇ ਨਾਲ ਉਸ ਦਾ ਮੁਕਾਬਲਾ ਤੇ ਨਾ ਉਸ ਨੂੰ ਕਿਸੇ ਦੀ ਦੋਸਤੀ ਦੁਸ਼ਮਣੀ ਦਾ ਲਾਭ ਹਾਣ।

ਏਸ ਤਰ੍ਹਾਂ ਹਰ ਇਕ ਦੇ ਹਾਲਾਤ ਤੇ ਉਸ ਦਾ ਆਲਾ ਦੁਆਲਾ ਵਖੋ ਵਖ ਹੁੰਦਾ ਹੈ। ਵਖੋ ਵਖ ਹਾਲਾਤ ਵਿਚ ਪਲੇ ਬੱਚੇ ਹਰ ਗਲ ਵਿਚ ਵੱਖ ਹੁੰਦੇ ਹਨ। ਉਹਨਾਂ ਦੀਆਂ ਤਬੀਅਤਾਂ ਹੋਰ, ਉਹਨਾਂ ਦੀਆਂ ਸ਼ਖ਼ਸੀਅਤਾਂ ਵਖਰੀਆਂ, ਉਹਨਾਂ ਦੀਆਂ ਰੁਚੀਆਂ ਵਖੋ ਵਖ ਤੇ ਉਹਨਾਂ ਦੇ ਖ਼ਿਆਲ ਹੋਰ ਹੋਰ। ਅਸੀ ਕਹਿੰਦੇ ਹਾਂ ਕਿ ਬੱਚਿਆਂ ਦੇ ਫਲਾਣੇ ਗੁਣ ਅਉਗਣ ਤੇ ਆਦਤਾਂ ਜਮਾਂਦਰੂ ਹੁੰਦੀਆਂ ਹਨ। ਘਰ ਵਿਚ ਗੁਜ਼ਾਰੇ ਜੀਵਨ ਵਿਚ ਜੋ ਨਿਕੀ ਤੋਂ ਨਿਕੀ ਗਲ ਵਾਪਰਦੀ ਹੈ, ਉਸ ਦਾ ਉਸ ਤੇ ਅਸਰ ਹੁੰਦਾ ਹੈ। ਪਹਿਲੇ ਪੰਜਾਂ ਛਿਆਂ ਸਾਲਾਂ ਵਿਚ ਉਹ ਆਪਣੇ ਜੀਵਨ ਦੀਆਂ ਨੀਹਾਂ ਰਖਦਾ ਹੈ, ਇਨ੍ਹਾਂ ਹੀ ਬੁਨਿਆਦਾਂ ਤੇ ਮਗਰੋਂ ਉਸਾਰੀ ਹੁੰਦੀ ਹੈ। ਜੇ ਨੀਹਾਂ ਨਾਕਸ ਹੋਣ ਜਾਂ ਪੋਲੀਆਂ ਹੋਣ ਤਾਂ ਅਗਲੀ ਜੀਵਨ ਉਸਾਰੀ ਵੀ ਉਸੇ ਤਰ੍ਹਾਂ ਦੀ ਹੁੰਦੀ ਹੈ, ਜੇ ਨੀਹਾਂ ਪਕੀਆਂ ਪੀਡੀਆਂ ਤੇ ਸਿਆਣਪ ਨਾਲ ਰਖੀਆਂ ਗਈਆਂ ਹੋਣ ਤਾਂ ਜੀਵਨ-ਉਸਾਰੀ ਵੀ ਸੋਹਣੀ ਹੋ ਸਕਦੀ ਹੈ। ਹੁਣ ਵਿਚਾਰ ਇਸ ਗਲ ਦੀ ਕਰਨੀ ਹੈ ਕਿ ਬੱਚੇ ਦਾ ਉਦਾਲਾ ਪੁਦਾਲਾ ਤੇ ਉਸ ਦੇ ਹਾਲਾਤ ਕਿਸ ਤਰ੍ਹਾਂ ਦੇ ਬਣਾਏ ਜਾਣ ਕਿ ਉਸ ਦੀ ਸ਼ਖ਼ਸੀਅਤ ਪ੍ਰਫੁਲਤ ਕਰਨ ਵਾਸਤੇ ਅਸੀ ਉਸ ਨੂੰ ਚੰਗੇ ਤੋਂ ਚੰਗਾ ਮੌਕਾ ਦੇ ਸਕੀਏ।

ਪਹਿਲੇ ਬੱਚੇ ਨੂੰ ਲਾਡਾਂ ਨਾਲ ਨਾ ਵਿਗਾੜਿਆ ਜਾਵੇ ਤੇ ਨਾ ਮਾਂ ਉਸ ਨੂੰ ਬਹੁਤਾ ਹਰ ਵੇਲੇ ਆਪਣੇ ਨਾਲ ਚੰਬੋੜੀ ਰਖੇ ਤਾਂ ਜੁ ਦੂਜੇ ਬੱਚੇ ਦੇ ਆਉਣ ਤੇ ਉਹ ਨਾ ਔਖਾ ਹੋਵੇ ਤੇ ਨਾ ਔਖਾ ਕਰੇ। ਪਹਿਲੇ ਬੱਚੇ ਨੂੰ

ਦੂਜੇ ਬਚੇ ਦੇ ਆਉਣ ਵਾਸਤੇ ਤਿਆਰ ਕੀਤਾ ਜਾ ਸਕਦਾ ਹੈ, ਉਹ ਵੀ ਆਪਣੇ ਆਉਣ ਵਾਲੇ ਭੈਣ ਭਰਾ ਦੀ ਚਾਈਂ ਚਾਈਂ ਉਡੀਕ ਕਰ ਸਕਦਾ ਹੈ, ਪਰ ਇਹ ਤਾਂ ਹੀ ਹੋਵੇਗਾ ਜੇ ਬੱਚਾ ਆਪ ਉਸ ਉਮਰ ਤਕ ਪਹੁੰਚ ਚੁਕਾ ਹੋਵੇ ਜਦੋਂ ਕਿ ਉਸ ਵਿਚ ਹਾਣੀ ਤੇ ਭੈਣ ਭਰਾ ਦੀ ਖ਼ਾਹਿਸ਼ ਪੈਦਾ ਹੋ ਪਈ ਹੋਵੇ। ਐਸੀ ਉਮਰ ਤੋਂ ਪਹਿਲੋਂ ਜੇ ਬੱਚਾ ਪੈਦਾ ਹੋਵੇ ਤਾਂ ਦੁਖ ਦਾ ਕਾਰਨ ਹੁੰਦਾ ਹੈ। ਜਦ ਬੱਚਾ ਢਾਈ ਤਿੰਨ ਸਾਲ ਦਾ ਹੋ ਜਾਏ ਤੇ ਉਸ ਦਾ ਭੈਣ ਭਰਾ ਹੋਣ ਵਾਲਾ ਹੋਵੇ ਤਾਂ ਉਸ ਨੂੰ ਹੌਲੀ ਹੌਲੀ ਉਸ ਸਮੇਂ ਲਈ ਤਿਆਰ ਕੀਤਾ ਜਾ ਸਕਦਾ ਹੈ, ਉਸ ਨੂੰ ਇਹ ਵੀ ਦਸਿਆ ਜਾ ਸਕਦਾ ਹੈ ਕਿ ਉਸ ਦੇ ਆਉਣ ਨਾਲ ਉਸ ਦੀ ਮਾਂ ਇਸ ਨੂੰ ਘਟ ਤਵੱਜੋ ਦੇ ਸਕੇਗੀ। ਉਸ ਦੀ ਮਿਲਵਰਤਣ ਪਰਾਪਤ ਕੀਤੀ ਜਾ ਸਕਦੀ ਹੈ, ਉਸ ਨੂੰ ਛੋਟੇ ਬੱਚੇ ਦੀਆਂ ਖ਼ਾਸ ਖ਼ਾਸ ਡਿਊਟੀਆਂ ਦਿਤੀਆਂ ਜਾ ਸਕਦੀਆਂ ਹਨ—ਉਸ ਦੀ ਖੇਸੀ ਵਿਛਾਣੀ, ਉਸ ਦੀ ਬੋਤਲ ਧੋਣੀ, ਉਸ ਦੇ ਖਿਡੌਣੇ ਸੰਭਾਲ ਕੇ ਰਖਣੇ ਆਦਿ। ਇਸ ਤਰ੍ਹਾਂ ਇਕ ਤੇ ਪਹਿਲੇ ਬਚੇ ਵਿਚ ਕੰਮ ਕਰਨ ਦਾ ਸ਼ੌਕ ਹੋ ਜਾਇਗਾ ਤੇ ਨਵੇਂ ਆਏ ਛੋਟੇ ਬਚੇ ਨੂੰ ਆਪਣਾ ਹਮਜੋਲੀ ਸਮਝਣ ਲਗ ਪਏਗਾ ਜਿਸ ਵਾਸਤੇ ਉਹ ਬੜਾ ਕੁਝ ਕਰਦਾ ਹੈ। ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਮਾਪੇ ਏਸ ਮੌਕੇ ਨੂੰ ਸਿਆਣਪ ਤੇ ਸਬਰ ਨਾਲ ਸੰਭਾਲਣ, ਵਡੇ ਬੱਚੇ ਤੇ ਇਤਬਾਰ ਕਰਨ, ਉਸ ਦੇ ਨਿਕੇ ਨਿਕੇ ਹਥਾਂ ਤੇ ਭਰੋਸਾ ਕਰਨ ਤੇ ਉਸ ਦੇ ਨਿਕੇ ਨਿਕੇ ਕੰਮ ਦੀ ਪ੍ਰਸੰਸਾ ਦੇਣ। ਪ੍ਰਸੰਸਾ ਤੇ ਹੌਸਲਾ ਬੱਚੇ ਦੇ ਦਿਲ ਨੂੰ ਹਮੇਸ਼ਾਂ ਵਾਸਤੇ ਜਿਤ ਲੈਂਦੇ ਹਨ, ਨੁਕਤਾਚੀਨੀ ਤੇ ਝਿੜਕਾਂ ਉਸ ਦੇ ਦਿਲ ਤੇ ਬੜੀ ਚੋਟ ਲਗਾਂਦੇ ਹਨ।

ਏਸੇ ਤਰ੍ਹਾਂ ਹਰ ਇਕ ਬੱਚੇ ਦੇ ਵਕਤ ਤੇ ਕੀਤਾ ਜਾ ਸਕਦਾ ਹੈ ਤੇ ਛੋਟੇ ਹੁੰਦਿਆਂ ਤੋਂ ਹੀ ਛੋਟੇ ਭੈਣਾਂ ਭਰਾ ਇਕ ਦੂਜੇ ਦੀ ਮਦਦ ਕਰਨੀ ਸਿਖ

ਸਕਦੇ ਹਨ। ਜਦ ਘਰ ਵਿਚ ਪੰਜ ਚਾਰ ਬੱਚੇ ਹੋਣ ਤਾਂ ਮਾਪਿਆਂ ਨੂੰ ਇਸ ਗਲ ਦਾ ਖ਼ਾਸ ਖ਼ਿਆਲ ਰਖਣਾ ਚਾਹੀਦਾ ਹੈ ਕਿ ਉਹ ਕਿਸੇ ਬੱਚੇ ਨੂੰ ਖ਼ਾਸ ਲਾਡਲਾ ਬੱਚਾ ਨਾ ਬਨਾਣ। ਆਮ ਤੌਰ ਤੇ ਮਾਪਿਆਂ ਨੂੰ ਕੋਈ ਬੱਚਾ ਬਹੁਤ ਚੰਗਾ ਲਗਦਾ ਹੈ, ਉਸ ਨੂੰ ਉਹ ਬਹੁਤਾ ਪਿਆਰ ਕਰਦੇ ਹਨ ਤੇ ਉਸ ਦਾ ਲਿਹਾਜ਼ ਵੀ ਕਰ ਛਡਦੇ ਹਨ, ਉਸ ਨੂੰ ਸਲਾਹੁੰਦੇ ਹਨ ਤੇ ਦੂਜਿਆਂ ਨੂੰ ਨਿੰਦਦੇ ਹਨ। ਜਿਹੜਾ ਬੱਚਾ ਚੰਗਾ ਨਾ ਲਗੇ ਉਸ ਦੇ ਕਈ ਨਾਂ ਰਖੇ ਜਾਂਦੇ ਹਨ–'ਕਾਲਾ ਰਿੱਦੜ' 'ਮਿਰਾਸੀ' 'ਜਾਂਗਲੀ' 'ਘੁੱਗੂ' ਆਦਿ। ਉਸ ਦੀ ਬਹੁਤੀ ਪਰਵਾਹ ਵੀ ਨਹੀਂ ਕੀਤੀ ਜਾਂਦੀ। ਇਹ ਬੱਚਿਆਂ ਵਾਸਤੇ ਬੜੀ ਬੁਰੀ ਗਲ ਹੁੰਦੀ ਹੈ ਤੇ ਇਸ ਤਰ੍ਹਾਂ ਛੋਟੇ ਹੁੰਦਿਆਂ ਤੋਂ ਹੀ ਅਸੀ ਈਰਖਾ ਦਾ ਬੀ ਬੀਜ ਦੇ ਦੇਂਦੇ ਹਾਂ। ਇਹ ਲਾਡਲੇ ਬੱਚੇ ਵਾਸਤੇ ਤੇ ਦੁਰਕਾਰੇ ਹੋਏ ਬੱਚਿਆਂ ਵਾਸਤੇ ਹਾਨੀਕਾਰਕ ਹੈ। ਹਰ ਇਕ ਬੱਚੇ ਨਾਲ ਇਕੋ ਜਿਹਾ ਵਰਤਾਉ ਕਰਨਾ ਚਾਹੀਦਾ ਹੈ। ਜਿਸ ਵਿਚ ਕੁਝ ਕਮਜ਼ੋਰੀਆਂ ਜਾਂ ਅਉਗਣ ਹੋਣ, ਉਸ ਵਲ ਸਗੋਂ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਜਿਹੜਾ ਬੱਚਾ ਦੂਸਰਿਆਂ ਨਾਲੋਂ ਕੁਝ ਪਿਛੇ ਹੋਵੇ ਉਸ ਨੂੰ ਸਾਡੇ ਪਿਆਰ, ਸਾਡੀ ਮਦਦ ਤੇ ਸਾਡੀ ਹਮਦਰਦੀ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਅਸੀ ਇਹੋ ਜਹੇ ਬੱਚਿਆਂ ਨੂੰ ਟਿਚਕਰਾਂ ਕਰ ਕਰਕੇ ਉਨ੍ਹਾਂ ਦੇ ਨਾਂ ਪਾ ਕੇ ਉਨ੍ਹਾਂ ਨੂੰ ਹਮੇਸ਼ਾਂ ਵਾਸਤੇ ਨਿਕਾਰਾ ਕਰ ਦੇਂਦੇ ਹਾਂ। ਉਹ ਦੂਸਰੇ ਬੱਚਿਆਂ ਦੀਆਂ ਨਜ਼ਰਾਂ ਵਿਚ ਭੀ ਗਿਰ ਜਾਂਦਾ ਹੈ। ਜਿਹੜੀ ਕਮਜ਼ੋਰੀ ਅਸੀ ਇਸ ਤਰ੍ਹਾਂ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਉਹ ਹਮੇਸ਼ਾ ਵਾਸਤੇ ਪੱਕੀ ਹੋ ਜਾਂਦੀ ਹੈ ਤੇ ਉਹ ਬੱਚਾ ਉੱਥੇ ਦਾ ਉੱਥੇ ਹੀ ਰਹਿ ਜਾਂਦਾ ਹੈ।

ਪਹਿਲੋਂ ਬੱਚੇ ਕਿ ਵੱਡੇ

ਕੀ ਘਰ ਵਡਿਆਂ ਲਈ ਹੈ ਕਿ ਬੱਚਿਆਂ ਵਾਸਤੇ ? ਕੀ ਘਰ ਦਾ ਪਰੋਗਰਾਮ ਬੱਚੇ ਨੂੰ ਮੁਖ ਰਖ ਕੇ ਬਣਨਾ ਚਾਹੀਦਾ ਹੈ ਕਿ ਮਾਪਿਆਂ ਤੇ ਹੋਰ ਵਡਿਆਂ ਨੂੰ ? ਕਹਿਣ ਨੂੰ ਤਾਂ ਸਾਰੇ ਇਹ ਹੀ ਕਹਿਣਗੇ ਕਿ ਬੱਚੇ ਦੀ ਸਹੂਲਤ, ਬੱਚੇ ਦਾ ਆਰਾਮ ਤੇ ਬੱਚੇ ਦੀਆਂ ਲੋੜਾਂ ਸਭ ਤੋਂ ਪਹਿਲੇ ਹੋਣੀਆਂ ਚਾਹੀਦੀਆਂ ਹਨ, ਪਰ ਅਸਲ ਵਿਚ ਇਹ ਨਹੀਂ ਹੁੰਦਾ । ਜਦ ਬੱਚੇ ਨੂੰ ਆਰਾਮ ਦੀ ਲੋੜ ਹੁੰਦੀ ਹੈ ਤਾਂ ਵਡੇ ਸ਼ੋਰ ਮਚਾ ਸਕਦੇ ਹਨ, ਪਰ ਜਦ ਵੱਡੇ ਆਰਾਮ ਕਰ ਰਹੇ ਹੁੰਦੇ ਹਨ ਤਾਂ ਬੱਚੇ ਨੂੰ ਸ਼ੋਰ ਮਚਾਣ ਦਾ ਹੱਕ ਨਹੀਂ ਹੁੰਦਾ ਜੇ ਸ਼ੋਰ ਮਚਾਏ ਤਾਂ ਉਸ ਨੂੰ ਬਾਹਰ ਭੇਜ ਦਿੱਤਾ ਜਾਂਦਾ ਹੈ। ਏਸੇ ਤਰ੍ਹਾਂ ਜਦ ਪੈਸੇ ਖ਼ਰਚਣ ਦਾ ਸਵਾਲ ਆਉਂਦਾ ਹੈ ਤਾਂ ਰਸਮਾਂ ਦੀਆਂ ਬੱਧੀਆਂ ਮਾਵਾਂ ਆਪਣੀਆਂ ਨਨਾਣਾਂ ਆਦਿ ਨੂੰ ਦੇਣ ਵਾਸਤੇ ਪੈਸੇ ਕਢ ਲੈਣਗੀਆਂ, ਪਰ ਬੱਚੇ ਦੀਆਂ ਜ਼ਰੂਰੀ ਜ਼ਰੂਰੀ ਲੋੜਾਂ ਨੂੰ ਕੁਰਬਾਨ ਕਰ ਦਿੱਤਾ ਜਾਂਦਾ ਹੈ। ਜੇ ਬੱਚਾ ਬਾਹਰ ਜਾਣਾ ਚਾਹੇਗਾ ਜਾਂ ਖੇਡਣਾ ਚਾਹੇਗਾ ਤਾਂ ਸਾਡੀ ਮਰਜ਼ੀ ਹੋਵੇਗੀ ਤਾਂ ਭੇਜਾਂਗੇ, ਪਰ ਜਦ ਅਸੀਂ ਬਾਹਰ ਸੈਰ ਕਰਨ ਜਾਣਾ ਹੋਵੇ ਤਾਂ ਬੱਚੇ ਨੂੰ ਉਸ ਦੀ ਮਰਜ਼ੀ ਦੇ ਬਰਖ਼ਿਲਾਫ਼

ਵੀ ਧਰੂਹ ਕੇ ਨਾਲ ਲੈ ਜਾਵਾਂਗੇ। ਜੇ ਆਪਣੀ ਜਾਨ ਤੇ ਕੋਈ ਮੁਸੀਬਤ ਬਣੀ ਹੋਈ ਹੋਵੇਗੀ ਤਾਂ ਬੱਚੇ ਦੇ ਭਵਿਖਤ ਨੂੰ ਵੀ ਅਸੀਂ ਅੱਖੋਂ ਓਹਲੇ ਕਰ ਦੇਂਦੇ ਹਾਂ, ਵੱਡੇ ਤੋਂ ਵੱਡਾ ਆਦਰਸ਼ ਸਾਡੀਆਂ ਮਾਵਾਂ ਦਾ ਇਹ ਹੁੰਦਾ ਹੈ ਕਿ ਬੱਚੇ ਨੂੰ ਛਾਤੀ ਨਾਲ ਲਾ ਮਰਨਾ ਹੈ। ਇਸ ਦੇ ਮੁਕਾਬਲੇ ਵਿਚ ਪਿਛਲੀ ਜੰਗ ਵਿਚ ਘਿਰੇ ਮੁਲਕਾਂ ਵਿਚ ਕੀ ਹੋਇਆ—ਮੁਲਕਾਂ ਦੇ ਤਬਾਹ ਹੋ ਜਾਣ ਦਾ ਖ਼ਤਰਾ ਸੀ, ਪਰ ਸਰਕਾਰ ਨੇ ਸਭ ਤੋਂ ਪਹਿਲਾ ਇੰਤਜ਼ਾਮ ਬਚਿਆਂ ਨੂੰ ਬਚਾਣ ਦਾ ਕੀਤਾ, ਬਚਿਆਂ ਨੂੰ ਸਕੂਲਾਂ ਵਿਚੋਂ ਹਟਾ ਕੇ ਬਚਾਓ ਵਾਲੀਆਂ ਥਾਵਾਂ ਤੇ ਭੇਜ ਦਿਤਾ ਗਿਆ ਤਾਂ ਜੁ ਮੁਲਕ ਦਾ ਭਵਿਖਤ ਤਬਾਹ ਨਾ ਹੋ ਜਾਏ। ਮਾਵਾਂ ਕੋਲੋਂ ਨਿਖੇੜ ਕੇ ਬਚਿਆਂ ਨੂੰ ਬਚਾਣ ਵਾਸਤੇ ਤੇ ਜ਼ਿੰਦਾ ਰਖਣ ਵਾਸਤੇ ਪੂਰਾ ਪੂਰਾ ਇੰਤਜ਼ਾਮ ਕੀਤਾ ਗਿਆ।

ਆਮ ਤੌਰ ਤੇ ਘਰਾਂ ਵਿਚ ਵੇਖੀਦਾ ਹੈ ਕਿ ਵੱਡੇ ਪਹਿਲੋਂ ਰੋਟੀ ਖਾ ਲੈਂਦੇ ਹਨ ਤੇ ਬੱਚਿਆਂ ਨੂੰ ਪਿਛੋਂ ਦਿੱਤੀ ਜਾਂਦੀ ਹੈ। ਉਤਨਾ ਚਿਰ ਬੱਚੇ ਤੰਗ ਵੀ ਕਰਦੇ ਰਹਿੰਦੇ ਹਨ ਤੇ ਜੇ ਬਹੁਤੀ ਭੰਡੀ ਪਾਣ ਤਾਂ ਮਾਂ ਜਾਂ ਪਿਉ ਦੇ ਨਾਲ ਹੀ ਬੈਠ ਕੇ ਗਰਾਹੀ ਲੈ ਲੈਂਦੇ ਹਨ। ਤਰੀਕਾ ਇਹ ਹੋਣਾ ਚਾਹੀਦਾ ਹੈ ਕਿ ਮਾਂ ਬਚਿਆਂ ਨੂੰ ਪਹਿਲੋਂ ਆਰਾਮ ਨਾਲ ਖੁਆ ਪਿਆ ਲਏ ਤੇ ਫੇਰ ਵੱਡੇ ਖਾਣ। ਜੇ ਬੱਚੇ ਵੱਡਿਆਂ ਦੇ ਨਾਲ ਖਾਣ ਬਹਿ ਜਾਣਗੇ ਤਾਂ ਉਨ੍ਹਾਂ ਦੀ ਬੇਸਵਾਦੀ ਕਰਨਗੇ, ਕੋਈ ਸਲੂਣਾ ਹੀ ਡੋਲ੍ਹ ਦੇਣਗੇ ਜਾਂ ਆਪਣੇ ਕਪੜੇ ਹੀ ਰੀਦੇ ਕਰ ਦੇਣਗੇ। ਨਾਲ ਖਿਲਾਣ ਨਾਲ ਜਾਂ ਪਿਛੋਂ ਖਿਲਾਣ ਨਾਲ ਬੱਚੇ ਉਹ ਚੀਜ਼ਾਂ ਖਾਣ ਨੂੰ ਮੰਗਦੇ ਹਨ ਜੋ ਉਨ੍ਹਾਂ ਖਾਣੀਆਂ ਨਹੀਂ ਹੁੰਦੀਆਂ। ਜੇਕਰ ਉਨ੍ਹਾਂ ਨੂੰ ਪਹਿਲੋਂ ਵਕਤ ਸਿਰ ਖਵਾ ਪਿਆ ਦਿਤਾ ਜਾਏ ਤਾਂ ਜੋ ਖ਼ੁਰਾਕ ਉਨ੍ਹਾਂ ਵਾਸਤੇ ਬਣੀ ਹੋਈ ਹੋਵੇਗੀ, ਉਹ ਹੀ ਖਾਣਗੇ। ਬੱਚੇ ਨੂੰ ਨਾਲ ਮੇਜ਼ ਤੇ ਬਿਠਾ ਕੇ

ਖੁਆਣਾ ਉਦੋਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਜਦ ਉਹ ਆਪ ਚਿਮਚੇ ਨਾਲ ਖਾ ਪੀ ਸਕਦਾ ਹੋਵੇ ਤੇ ਵਡਿਆਂ ਦੀ ਖ਼ੁਰਾਕ ਉਸ ਨੂੰ ਦਿੱਤੀ ਜਾ ਸਕਦੀ ਹੋਵੇ। ਪਰ ਉਸ ਵੇਲੇ ਵੀ ਉਸ ਲਈ ਖ਼ਾਸ ਉੱਚੀ ਕੁਰਸੀ ਹੋਣੀ ਚਾਹੀਦੀ ਹੈ ਜਿਸ ਤੇ ਬੈਠਿਆਂ ਉਸ ਦਾ ਹੱਥ ਮੇਜ਼ ਤੇ ਸੌਖਾ ਹੀ ਪਹੁੰਚ ਸਕਦਾ ਹੋਵੇ। ਅੱਗੇ ਉਸ ਲਈ ਨੈਪਕਿਨ ਏਪਰਨ ਜਾਂ ਬਿਬ ਹੋਣਾ ਚਾਹੀਦਾ ਹੈ ਤਾਂ ਜੁ ਆਪਣੇ ਕਪੜੇ ਖਰਾਬ ਨਾ ਕਰ ਲਏ। ਇਸ ਉਮਰ ਤੇ ਵੀ ਜਦ ਬੱਚਾ ਰੋਟੀ ਖਾਣ ਪੀਣ ਲਗ ਪਿਆ ਹੋਵੇ, ਉਸ ਨੂੰ ਦੁਧ, ਫਲਾਂ ਦੀ ਰਸ ਆਦਿਕ ਖ਼ਾਸ ਖੁਰਾਕ ਦੀ ਲੋੜ ਹੁੰਦੀ ਹੈ, ਜੋ ਉਸ ਨੂੰ ਵਖਰੇ ਵਕਤਾਂ ਤੇ ਦੇ ਦੇਣੀ ਚਾਹੀਦੀ ਹੈ।

ਬੱਚੇ ਨੂੰ ਬਾਹਰ ਖੁਲ੍ਹੀ ਹਵਾ ਵਿਚ ਫਿਰਾਨ ਟੁਰਾਨ ਲਿਜਾਣਾ ਬੜਾ ਜ਼ਰੂਰੀ ਹੈ, ਪਰ ਆਪਣੇ ਨਾਲ ਸੈਰ ਕਰਨ ਲਗਿਆਂ ਬੱਚੇ ਨੂੰ ਨਹੀਂ ਲਿਜਾਣਾ ਚਾਹੀਦਾ, ਬੱਚੇ ਦੇ ਨਾਲ ਸੈਰ ਕਰਨ ਜਾਣਾ ਚਾਹੀਦਾ ਹੈ।ਬੱਚੇ ਨੂੰ ਆਪਣੇ ਨਾਲ ਸੈਰ ਕਰਨ ਲਿਜਾਇਆਂ ਉਹ ਉਤਨਾ ਕਾਹਲੀ ਤੇ ਉਤਨੀ ਦੂਰ ਨਹੀਂ ਜਾ ਸਕਦਾ, ਸੋ ਕੁੱਛੜ ਚੁਕ ਕੇ ਲਿਜਾਣ ਦਾ ਜਾਂ ਨੌਕਰ ਕੋਲੋਂ ਚੁਕਾ ਕੇ ਲਿਜਾਣ ਦਾ ਕੋਈ ਫ਼ਾਇਦਾ ਨਹੀਂ।ਕਿਸੇ ਨੇੜੇ ਜਹੇ ਬਾਗ਼ ਵਿਚ ਹੌਲੀ ਹੌਲੀ ਉਸ ਨੂੰ ਨਾਲ ਟੋਰ ਕੇ ਲਿਜਾਣ ਨਾਲ ਉਹ ਬੜਾ ਖ਼ੁਸ਼ ਹੁੰਦਾ ਹੈ। ਉੱਥੇ ਬਾਗ਼ ਵਿਚ ਜਾ ਕੇ ਹੋਰਨਾਂ ਬਚਿਆਂ ਨਾਲ ਖੇਡਕੇ, ਦੌੜ ਕੇ, ਬੱਚੇ ਦਾ ਦਿਲ ਖਿੜ ਜਾਂਦਾ ਹੈ। ਆਪ ਜੇਕਰ ਕਿਸੇ ਦਿਨ ਨਾ ਵੀ ਜਾਇਆ ਜਾਏ ਤਾਂ ਨੌਕਰ ਨਾਲ ਹੀ ਬੱਚੇ ਨੂੰ ਉਸ ਦੇ ਬਾਗ਼ ਵਿਚ ਸੈਰ ਕਰਨ ਭੇਜਿਆ ਜਾ ਸਕਦਾ ਹੈ।

ਬੱਚਿਆਂ ਨਾਲ ਅਸੀਂ ਕਈ ਤਰ੍ਹਾਂ ਦਿਲ ਪਰਚਾਂਦੇ ਹਾਂ ਪਰ ਕਈ ਵਾਰੀ ਬੱਚਾ ਗੱਲਾਂ ਕਰਨੀਆਂ ਚਾਹੁੰਦਾ ਹੈ ਤੇ ਅਸੀਂ ਉਸ ਵੇਲੇ ਉਸ ਨੂੰ ਝਿੜਕ ਕੇ ਬਹਾ ਦਿੰਦੇ ਹਾਂ। ਇਸ ਤਰ੍ਹਾਂ ਬੱਚੇ ਦੇ ਕੋਮਲ ਮਨ ਤੇ ਬੜੀ

ਚੋਟ ਲਗਦੀ ਹੈ। ਰੋਜ਼ ਅੱਧਾ ਘੰਟਾ, ਪੰਦਰਾਂ ਮਿੰਟ ਬੱਚੇ ਨਾਲ ਗੱਲਾਂ ਕਰਨ ਲਈ ਤੇ ਉਸ ਦੀਆਂ ਗੱਲਾਂ ਸੁਣਨ ਲਈ ਜ਼ਰੂਰ ਦੇਣੇ ਚਾਹੀਦੇ ਹਨ। ਹਰ ਇਕ ਬੱਚਾ ਆਪਣੀਆਂ ਗੱਲਾਂ ਸੁਣਾ ਕੇ ਖ਼ੁਸ਼ ਹੁੰਦਾ ਹੈ, ਉਸ ਦੀਆਂ ਗੱਲਾਂ ਪੂਰੇ ਸ਼ੌਕ ਨਾਲ ਸੁਣਨੀਆਂ ਚਾਹੀਦੀਆਂ ਹਨ। ਸਾਰੇ ਬੱਚੇ ਕਿਸੇ ਉਮਰ ਤੇ ਬੜੇ ਸਵਾਲ ਕਰਦੇ ਹਨ–"ਕਪੜਾ ਕਿਸ ਤਰ੍ਹਾਂ ਬਣਦਾ ਹੈ ? ਇੰਜਨ ਕਿਸ ਤਰ੍ਹਾਂ ਚਲਦਾ ਹੈ ? ਕਾਂ ਕਿਸ ਤਰ੍ਹਾਂ ਉਡਦੇ ਨੇ ?" ਬੱਚੇ ਬੜੇ ਬੜੇ ਸਵਾਲ ਕਰਦੇ ਨੇ, ਕਈ ਐਸੇ ਸਵਾਲ ਵੀ ਹੁੰਦੇ ਨੇ ਜਿਨ੍ਹਾਂ ਦਾ ਜਵਾਬ ਨਹੀਂ ਦੇਣਾ ਹੁੰਦਾ। ਬੱਚੇ ਦੀ ਸਵਾਲ ਪੁਛਣ ਦੀ ਖ਼ਾਹਸ਼ ਉਸ ਦੀ ਵਧਦੀ ਖੋਜ ਤੇ ਸਮਝ ਦੀ ਇਕ ਨਿਸ਼ਾਨੀ ਹੈ, ਇਸ ਨੂੰ ਕਦੇ ਨਹੀਂ ਠੁਕਰਾਣਾ ਚਾਹੀਦਾ। ਬਚਿਆਂ ਦੇ ਸਵਾਲਾਂ ਦਾ ਜਵਾਬ ਜਿਸ ਤਰ੍ਹਾਂ ਵੀ ਆਪਣੀ ਅਕਲ ਅਨੁਸਾਰ ਦਿੱਤਾ ਜਾ ਸਕੇ ਦੇ ਦੇਣਾ ਚਾਹੀਦਾ ਹੈ, ਜਿਹੜੀ ਗੱਲ ਦਾ ਨਾ ਪਤਾ ਹੋਵੇ, ਉਸ ਦਾ ਜਵਾਬ ਜਾਂ ਤੇ ਲਭ ਕੇ ਦੇਣਾ ਚਾਹੀਦਾ ਹੈ ਤੇ ਜਾਂ ਪੁਛ ਕੇ ਦੇਣਾ ਚਾਹੀਦਾ ਹੈ, ਬੱਚੇ ਨੂੰ ਝੂਠ ਦਸਣਾ ਜਾਂ ਟਾਲਣਾ ਉਸ ਨਾਲ ਜ਼ੁਲਮ ਹੈ। ਪੂਰੀ ਦਿਆਨਤਦਾਰੀ ਹੀ ਬੱਚੇ ਦੇ ਦਿਲ ਵਿਚ ਤੁਹਾਡੀ ਕਦਰ ਪੈਦਾ ਕਰ ਸਕੇਗੀ।

ਬੱਚੇ ਨੂੰ ਚੰਗੀਆਂ ਕਹਾਣੀਆਂ ਸੁਨਾਣੀਆਂ ਹਰ ਇਕ ਮਾਂ ਦਾ ਫ਼ਰਜ਼ ਹੈ, ਪਰ ਬਹੁਤ ਸਾਰੀਆਂ ਮਾਵਾਂ ਬੱਚੇ ਨੂੰ ਐਸੀਆਂ ਕਹਾਣੀਆਂ ਸੁਣਾਂਦੀਆਂ ਹਨ ਜਿਨ੍ਹਾਂ ਵਿਚ ਦੇਆਂ ਦੀਆਂ ਗੱਲਾਂ ਜਾਂ ਚੋਰਾਂ ਦਾ ਡਰ ਹੁੰਦਾ ਹੈ। ਐਸੀਆਂ ਕਹਾਣੀਆਂ ਬੱਚੇ ਦੇ ਮਨ ਤੇ ਚੰਗਾ ਅਸਰ ਨਹੀਂ ਪਾ ਸਕਦੀਆਂ। ਲੋਰੀਆਂ ਵੀ ਮਾਵਾਂ ਦਿੰਦੀਆਂ ਹਨ, ਉਹ ਅਜ ਕਲ ਦੇ ਜ਼ਮਾਨੇ ਦੇ ਬਿਲਕੁਲ ਅਨੁਕੂਲ ਨਹੀਂ ਜੋ ਖ਼ਿਆਲ ਉਨ੍ਹਾਂ ਕਹਾਣੀਆਂ ਤੇ ਲੋਰੀਆਂ ਵਿਚ ਹਨ, ਉਹ ਬਹੁਤ ਪੁਰਾਣੇ ਹੋ ਚੁਕੇ ਹਨ, ਦੁਨੀਆਂ ਬਦਲ ਚੁਕੀ ਹੈ। ਹੁਣ ਦੇ ਬਚਿਆਂ ਵਾਸਤੇ ਨਵੀਆਂ ਕਹਾਣੀਆਂ ਤੇ ਨਵੇਂ

ਗੀਤਾਂ ਦੀ ਲੋੜ ਹੈ।

ਬੱਚੇ ਦੀ ਦਿਨ ਬਦਿਨ ਵਧਦੀ ਤਰੱਕੀ ਨੂੰ ਵੇਖ ਕੇ ਮਾਂ ਖ਼ੁਸ਼ ਹੁੰਦੀ ਹੈ ਜੇ ਰਿੜ੍ਹਨ ਲਗਦਾ ਹੈ ਜਾਂ ਟੁਰਨਾ ਸ਼ੁਰੂ ਕਰਦਾ ਹੈ ਤਾਂ ਉਹ ਵੇਖ ਵੇਖ ਕੇ ਫੁਲ ਨਹੀਂ ਸਮਾਂਦੀ। ਉਸ ਨੂੰ ਮੁੜ ਮੁੜ ਕੇ ਪ੍ਰੇਰਦੀ ਹੈ ਤੇ ਕਈ ਵਾਰੀ ਉਸ ਨੂੰ ਅੱਖਿਆਂ ਕਰ ਕੇ ਵੀ ਜ਼ਿਆਦਾ ਰੇੜ੍ਹਦੀ ਜਾਂ ਟੋਰਦੀ ਰਹਿੰਦੀ ਹੈ। ਇਸ ਨਾਲ ਬੱਚੇ ਦੀਆਂ ਲੱਤਾਂ ਡਿੰਗੀਆਂ ਹੋ ਜਾਂਦੀਆਂ ਹਨ ਜਾਂ ਉਸ ਨੂੰ ਠੀਕ ਟੁਰਨ ਦੀ ਜਾਚ ਨਹੀਂ ਆਉਂਦੀ। ਬੱਚੇ ਨੂੰ ਉਤਸ਼ਾਹ ਜ਼ਰੂਰ ਦੇਣਾ ਚਾਹੀਦਾ ਹੈ, ਪਰ ਕਾਹਲ ਨਹੀਂ ਕਰਨੀ ਚਾਹੀਦੀ। ਕਈ ਵਾਰੀ ਮਾਵਾਂ ਬੱਚੇ ਨੂੰ ਕੁਝ ਨਵੀਂ ਗਲ ਕਰਦਿਆਂ ਜਾਂ ਤਰੱਕੀ ਕਰਦਿਆਂ ਵੇਖ ਕੇ ਘੜੀ ਕੁ ਖ਼ੁਸ਼ ਹੋ ਲੈਂਦੀਆਂ ਹਨ ਪਰ ਵਿਚੋਂ ਉਨ੍ਹਾਂ ਦਾ ਦਿਲ ਡਰਦਾ ਰਹਿੰਦਾ ਹੈ ਕਿ ਮਤੇ ਨਜ਼ਰ ਨਾ ਲੱਗ ਜਾਏ, ਝਟ ਉਸ ਨੂੰ ਚੁਕ ਲੈਂਦੀਆਂ ਹਨ। ਬਚਿਆਂ ਦੇ ਮੱਥੇ ਤੇ ਕਾਲੇ ਟਿੱਕੇ ਲਗਾ ਕੇ ਉਸ ਨੂੰ ਐਵੇਂ ਬਦਸ਼ਕਲ ਬਣਾ ਦੇਂਦੀਆਂ ਹਨ। ਕਿਸੇ ਦੇ ਸਾਹਮਣੇ ਉਸ ਦੀ ਉਸਤਤ ਨਹੀਂ ਕਰਦੀਆਂ ਤੇ ਜੇ ਕੋਈ ਕਰੇ ਤਾਂ ਉਸ ਦੀ ਨੀਅਤ ਤੇ ਸ਼ੱਕ ਕਰਦੀਆਂ ਹਨ। ਇਹ ਨਜ਼ਰ ਦਾ ਮਸਲਾ ਇਕ ਨਿਰੋਲ ਮਨ-ਘੜਤ ਜਹੀ ਗਲ ਹੈ। ਇਹ ਸਿਰਫ਼ ਆਪਣੇ ਦਿਲ ਦਾ ਖ਼ਿਆਲ ਹੀ ਹੁੰਦਾ ਹੈ, ਨਾ ਕਿਸੇ ਦੀ ਨਜ਼ਰ ਲਗ ਸਕਦੀ ਹੈ ਤੇ ਨਾ ਕਦੇ ਲੱਗੀ ਹੈ। ਐਵੇਂ ਬੱਚੇ ਨੂੰ ਕੋਈ ਤਕਲੀਫ਼ ਹੋ ਜਾਏ ਤੇ ਪਿਆ ਕਹਿਣਾ, "ਸਵਿਤ੍ਰੀ ਦੀ ਮਾ ਦੀ ਨਜ਼ਰ ਲਗ ਗਈ ਸੂ, ਉਹਦੀ ਨਜ਼ਰ ਬੜੀ ਭੈੜੀ ਏ, ਐਵੇਂ ਉਹਦੇ ਸਾਹਮਣੇ ਪਿਆ ਹਸ ਹਸ ਕੇ ਰਿੜ੍ਹਦਾ ਹੈ।" ਮਿਰਚਾਂ ਵਾਰ ਕੇ ਮੱਥੇ ਹੋਏ ਤੇ ਆਂਢਣਾਂ ਗੁਆਂਢਣਾਂ ਨੂੰ ਬੁਰਾ ਭਲਾ ਕਿਹਾ। ਅਸੀਂ ਆਪਣੇ ਬੱਚੇ ਨੂੰ ਖ਼ੁਸ਼ ਵੇਖ ਕੇ ਸੱਚੇ ਦਿਲੋਂ ਖੁਸ਼ ਭੀ ਨਹੀਂ ਹੋ ਸਕਦੇ। ਬੱਚਾ ਭੀ ਛੋਟੇ ਹੁੰਦਿਆਂ ਤੋਂ ਇਹ ਗਲਾਂ ਸਣ ਸੁਣ ਕੇ ਤਕੜੇ ਦਿਲ ਦਾ ਨਹੀਂ ਹੋ

ਸਕਦਾ ਤੇ ਅਪਣੀ ਕਾਮਯਾਬੀ ਵਿਚ ਵੀ ਪੂਰੀ ਖ਼ੁਸ਼ੀ ਹਾਸਲ ਨਹੀਂ ਕਰ ਸਕਦਾ। ਇਹ ਐਸੀਆਂ ਮਾਵਾਂ ਦੇ ਬਣਾਏ ਹੋਏ ਦਿਲਾਂ ਦਾ ਹੀ ਪ੍ਰਤਿਬਿੰਬ ਹੈ ਕਿ ਆਲੀਸ਼ਾਨ ਇਮਾਰਤਾਂ ਅੱਗੇ ਭੈੜੀਆਂ ਜਹੀਆਂ ਕੁੰਨੀਆਂ ਲਟਕਦੀਆਂ ਆਉਂਦੀਆਂ ਹਨ।

ਪਰ ਮਾਵਾਂ ਦਾ ਚਾ ਤੇ ਮਾਵਾਂ ਦੀਆਂ ਰੀਝਾਂ ਕਈ ਤਰ੍ਹਾਂ ਪ੍ਰਗਟਦੀਆਂ ਹਨ—ਕਦੇ ਖ਼ੁਸ਼ੀ ਵਿਚ, ਕਦੇ ਸਹਿਮ ਵਿਚ ਤੇ ਕਦੇ ਕਿਸੇ ਤਰ੍ਹਾਂ। ਕਈ ਵਾਰੀ ਅਸੀਂ ਬੱਚੇ ਨੂੰ ਕਿਸੇ ਕੰਮ ਵਾਸਤੇ ਉਤਸ਼ਾਹ ਦੇਂਦੇ ਹਾਂ, ਪਰ ਬਹੁਤੀ ਜ਼ਿਦ ਕਰ ਕੇ ਜਾਂ ਬਹੁਤਾ ਜ਼ੋਰ ਦੇਣ ਨਾਲ ਬੱਚੇ ਵਾਸਤੇ ਉਹ ਸਗੋਂ ਔਖਾ ਹੋ ਜਾਂਦਾ ਹੈ। ਘਰ ਵਿਚ ਆਏ ਰਿਸ਼ਤੇਦਾਰਾਂ ਜਾਂ ਆਂਢੀਆਂ ਗੁਆਂਢੀਆਂ ਨੂੰ ਨਮਸਤੇ, ਸਤਿ ਸ੍ਰੀ ਅਕਾਲ ਜਾਂ ਸਲਾਮ ਆਖਣੀ ਅਸੀਂ ਛੋਟੀ ਉਮਰ ਤੋਂ ਹੀ ਸਿਖਾਣ ਦੀ ਕੋਸ਼ਿਸ਼ ਕਰਦੇ ਹਾਂ। ਬੱਚੇ ਨੂੰ ਇਨ੍ਹਾਂ ਲਫ਼ਜ਼ਾਂ ਦਾ ਮਤਲਬ ਪਤਾ ਨਹੀਂ ਹੁੰਦਾ, ਉਨ੍ਹਾਂ ਨੂੰ ਉਨ੍ਹਾਂ ਦੀ ਖੇਡ ਛੁਡਾ ਕੇ ਅਸੀਂ ਆਸ ਕਰਦੇ ਹਾਂ ਕਿ ਉਹ ਆਏ ਆਦਮੀ ਨੂੰ ਨਮਸਤੇ ਜਾਂ ਸਤਿ ਸ੍ਰੀ ਅਕਾਲ ਕਹਿਣ। ਓਪਰੇ ਆਦਮੀ ਤੋਂ ਬੱਚਾ ਜ਼ਰਾ ਝਿਜਕਦਾ ਹੀ ਹੈ ਤੇ ਅਜੇ ਝਾਕਾ ਉਹਦਾ ਦੂਰ ਹੋਇਆ ਨਹੀਂ ਹੁੰਦਾ ਕਿ ਅਸੀਂ ਉਸ ਨੂੰ ਮਜਬੂਰ ਕਰਦੇ ਹਾਂ ਕਿ ਹਥ ਜੋੜ ਕੇ ਨਮਸਤੇ ਕਹੇ। ਜੇ ਆਖੇ ਨਾ ਲੱਗੇ ਤਾਂ ਝਿੜਕ ਵੀ ਦਈਦਾ ਹੈ। ਇਸ ਤਰ੍ਹਾਂ ਉਹ ਸਗੋਂ ਸਹਿਮ ਜਾਂਦਾ ਹੈ ਤੇ ਆਖੇ ਲੱਗਣਾ ਤੇ ਕਿਧਰੇ ਰਿਹਾ, ਬੱਚਾ ਰੋਣ ਲਗ ਪੈਂਦਾ ਹੈ, ਫੇਰ ਜਦੋਂ ਵੀ ਉਹ ਆਦਮੀ ਬੱਚੇ ਦੇ ਸਾਹਮਣੇ ਆਉਂਦਾ ਹੈ ਤਾਂ ਉਸ ਪਹਿਲੇ ਦੁਖਾਵੇਂ ਮੇਲ ਦੀ ਯਾਦ ਬੱਚੇ ਦੇ ਸਹਿਮ ਤੇ ਝਾਕੇ ਨੂੰ ਹੋਰ ਵੀ ਪੱਕਿਆਂ ਕਰ ਦੇਂਦੀ ਹੈ। ਉਹ ਨਮਸਤੇ ਸਤਿ ਸ੍ਰੀ ਅਕਾਲ ਸਿਖਣ ਦੀ ਬਜਾਏ ਹਮੇਸ਼ਾ ਵਾਸਤੇ ਉਸ ਆਦਮੀ ਜਾਂ ਇਸਤ੍ਰੀ ਕੋਲੋਂ ਡਰ ਜਿਹਾ ਜਾਂਦਾ ਹੈ ਕਈ ਆਂਢੀ ਗੁਆਂਢੀ ਤੇ ਰਿਸ਼ਤੇਦਾਰ ਵੀ ਐਸੇ ਹੁੰਦੇ ਹਨ ਕਿ ਬੱਚੇ ਨੂੰ

ਜ਼ੋਰੀ ਬੁਲਾਣ ਦੀ ਕੋਸ਼ਿਸ਼ ਕਰਦੇ ਹਨ, ਬੜੀ ਗਹਜਵੀਂ ਆਵਾਜ਼ ਵਿਚ ਬੱਚੇ ਨੂੰ ਬੁਲਾਂਦੇ ਹਨ, ਬੱਚਾ ਨਾ ਬੋਲੇ ਤਾਂ ਉਸ ਨੂੰ ਖਿਝਾਂਦੇ, ਖਿਝਾਂਦੇ ਤੇ ਕਈ ਤਰ੍ਹਾਂ ਤੰਗ ਕਰਦੇ ਹਨ। ਇਸ ਤਰ੍ਹਾਂ ਉਹ ਬੱਚੇ ਦੇ ਦਿਲ ਨੂੰ ਹਮੇਸ਼ਾ ਵਾਸਤੇ ਆਪਣੇ ਕੋਲੋਂ ਦੂਰ ਦੇ ਦੇ ਹਨ। ਬੱਚੇ ਦਾ ਕੋਮਲ ਦਿਲ ਕਈ ਵਾਰੀ ਐਸਾ ਸਹਿਮ ਜਾਂਦਾ ਹੈ ਕਿ ਉਹ ਉਨ੍ਹਾਂ ਦੇ ਸਾਹਮਣੇ ਬੋਲ ਹੀ ਨਹੀਂ ਸਕਦਾ, ਥਥਲਾਣ ਲਗ ਪੈਂਦਾ ਹੈ ਜਾਂ ਰੁਕ ਕੇ ਬੋਲਦਾ ਹੈ। ਇਹ ਬਚਪਨ ਦੀਆਂ ਘਟਨਾਵਾਂ ਐਸੇ ਬੱਚੇ ਨੂੰ ਥਥਲਾ ਭੀ ਬਣਾ ਦੇਂਦੀਆਂ ਹਨ ਤੇ ਇਹ ਮਰਜ਼ ਉਨ੍ਹਾਂ ਦੀ ਜਵਾਨੀ ਦੀ ਉਮਰ ਵਿਚ ਵੀ ਨਾਲ ਹੀ ਜਾਂਦੀ ਹੈ। ਸ਼ਰਮਾਕਲ ਬੱਚੇ ਦਾ ਝਾਕਾ ਕਦੇ ਜ਼ੋਰ ਨਾਲ ਨਹੀਂ ਟੁਟ ਸਕਦਾ, ਸਹਿਜੇ ਸਹਿਜੇ ਸਬਰ ਨਾਲ ਬੱਚੇ ਦੇ ਮਨ ਨੂੰ ਜਿੱਤਣਾ ਚਾਹੀਦਾ ਹੈ।

ਬਚਪਨ ਦੀਆਂ ਇਹੋ ਜਹੀਆਂ ਯਾਦਾਂ ਬੱਚੇ ਦੀ ਸ਼ਖਸੀਅਤ ਤੇ ਕਈ ਤਰ੍ਹਾਂ ਅਸਰ ਪਾਂਦੀਆਂ ਹਨ। ਚਾਚੇ ਦਾ ਫੜ ਕੇ ਖੂਹ ਵਿਚ ਲਮਕਾਣਾ, ਕੋਠੇ ਤੋਂ ਲਮਕਾਣਾ, ਹਨੇਰੇ ਵਿਚ ਡਰਾਣਾ, ਕੁੱਤੇ ਬਿੱਲੀ ਦਾ ਡਰ ਪਾਣਾ ਜਾਂ ਕਿਸੇ ਹੋਰ ਤਰ੍ਹਾਂ ਡਰਾਣਾ ਵੱਡਿਆਂ ਵਾਸਤੇ ਇਕ ਦਿਲ ਪਰਚਾਵਾ ਤੇ ਹਾਸਾ ਮਖੌਲ ਹੀ ਹੈ, ਪਰ ਬੱਚੇ ਦੇ ਮਨ ਤੇ ਇਹ ਘਟਨਾਵਾਂ ਡੂੰਘਾ ਅਸਰ ਕਰ ਦੇਂਦੀਆਂ ਹਨ। ਬੜੀਆਂ ਨਿਕੀਆਂ ਨਿਕੀਆਂ ਗੱਲਾਂ ਉਨ੍ਹਾਂ ਦੇ ਕੋਮਲ ਮਨ ਵਿਚ ਬੈਠ ਜਾਂਦੀਆਂ ਹਨ। ਇਕ ਛੋਟੇ ਜਹੇ ਬੱਚੇ ਨੇ ਬੜੀ ਛੋਟੀ ਉਮਰ ਵਿਚ ਆਪਣੇ ਨਾਨੇ ਨੂੰ ਗੁਸੇ ਹੁੰਦਿਆਂ ਦੇਖਿਆ। ਉਸਦੇ ਨਾਨੇ ਦੀ ਦਾੜ੍ਹੀ ਚਿੱਟੀ ਸੀ। ਉਸ ਤੋਂ ਬਾਅਦ ਜਦੋਂ ਵੀ ਉਹ ਬੱਚਾ ਕਿਸੇ ਚਿੱਟੀ ਦਾੜ੍ਹੀ ਵਾਲੇ ਨੂੰ ਵੇਖੇ ਜਾਂ ਕਿਸੇ ਚਿੱਟੀ ਦਾੜ੍ਹੀ ਵਾਲੇ ਦੀ ਫੋਟੋ ਵੀ ਦੇਖੇ ਤਾਂ ਕਹੇ, "ਗੁੱਸਾ ਕਰਦੇ ਨੇ।" ਉਸ ਵਾਸਤੇ ਚਿੱਟੀ ਦਾੜ੍ਹੀ ਤੇ ਗੁੱਸਾ ਇਕੋ ਚੀਜ਼ ਹੋ ਗਏ।

ਛੋਟੇ ਬੱਚਿਆਂ ਦੀਆਂ ਗੱਲਾਂ ਅਸੀਂ ਹਮੇਸ਼ਾਂ ਉਨ੍ਹਾਂ ਦੇ ਸਾਹਮਣੇ ਹੀ ਕਰਿਆ ਕਰਦੇ ਹਾਂ – ''ਇਹ ਬੜਾ ਸ਼ੈਤਾਨ ਏ'', ''ਬੜਾ ਜ਼ਿੱਦਲ ਏ, ਜ਼ਰਾ ਆਖੇ ਨਹੀਂ ਲਗਦਾ'', ''ਜਿਹਾ ਤੰਗ ਕਰਦੈ, ਖਹਿੜਾ ਨਹੀਂ ਛਡਦਾ'' ਇਤਆਦਿ। ਅਸੀਂ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਉਸ ਨੂੰ ਅਸੀਂ ਸਰੋਂ ਖ਼ਿਤਾਬ ਦੇ ਰਹੇ ਹੁੰਦੇ ਹਾਂ। ਉਸ ਦੀ ਜਿਦਾਂ ਕਰਨ ਦੀ, ਤੰਗ ਕਰਨ ਦੀ ਜਾਂ ਸ਼ੈਤਾਨੀਆਂ ਕਰਨ ਦੀ ਆਦਤ ਸਰੋਂ ਪੱਕੀ ਹੋ ਜਾਂਦੀ ਹੈ,ਹਟ ਨਹੀਂ ਸਕਦੀ। ਇਨ੍ਹਾਂ ਆਦਤਾਂ ਦਾ ਬਚਪਨ ਵਿਚ ਹੀ ਹਟਾਣਾ ਬੜਾ ਜ਼ਰੂਰੀ ਹੈ, ਵਡਿਆਂ ਹੋ ਕੇ ਇਹ ਬੱਚੇ ਵਾਸਤੇ ਵੀ ਤੇ ਵਡਿਆਂ ਵਾਸਤੇ ਵੀ ਹਾਨੀਕਾਰਕ ਹੁੰਦੀਆਂ ਹਨ।

ਇਨ੍ਹਾਂ ਗੱਲਾਂ ਦੇ ਇਲਾਵਾ ਬੱਚੇ ਦੀ ਬਾਬਤ ਜੋ ਕਦੇ ਕਿਸੇ ਸੋਚ ਵਿਚਾਰ ਦੀ ਲੋੜ ਵੀ ਪੈ ਜਾਏ ਤਾਂ ਵੀ ਅਸੀਂ ਉਸ ਦੇ ਸਾਹਮਣੇ ਝਿਜਕਦੇ ਨਹੀਂ। ਜੇ ਕੋਈ ਸਜਣ ਮਿਤ੍ਰ ਸਾਡੇ ਬੱਚੇ ਦੀ ਬਾਬਤ ਕੁਝ ਪੁਛ ਬੈਠੇ ਤਾਂ ਉਸ ਦੀਆਂ ਸਭ ਚੰਗੀਆਂ ਮੰਦੀਆਂ ਗੱਲਾਂ ਅਸੀਂ ਉਸ ਦੇ ਸਾਹਮਣੇ ਹੀ ਦਸ ਦੇਂਦੇ ਹਾਂ। ਫ਼ਰਜ਼ ਕੀਤਾ ਬੱਚੇ ਨੂੰ ਫੋੜਾ ਨਿਕਲਿਆ ਹੋਇਆ ਹੈ,ਉਸ ਨੂੰ ਚੀਰਾ ਦਿਵਾਣ ਦੀ ਲੋੜ ਪੈ ਜਾਏ ਤਾਂ ਮਾਂ ਪਿਓ ਉਸ ਦੇ ਸਾਹਮਣੇ ਹੀ ਵਿਚਾਰ ਕਰਨੀ ਸ਼ੁਰੂ ਕਰ ਦੇਣਗੇ। ਮਾਂ ਆਪਣਾ ਸਹਿਮ ਤੇ ਆਪਣੀ ਘਬਰਾਹਟ ਉਸ ਦੇ ਸਾਹਮਣੇ ਹੀ ਪਰਗਟ ਕਰ ਦਏਗੀ, ਪਿਓ ਆਪਣੀ ਸਕੀਮ ਵੀ ਉਸ ਦੇ ਸਾਹਮਣੇ ਹੀ ਦਸ ਦਏਗਾ। ਜ਼ਿਆਦਾ ਤੋਂ ਜ਼ਿਆਦਾ ਇਹਤਿਆਤ ਕੀਤੀ ਜਾਇਗੀ ਤਾਂ ਜ਼ਰਾ ਹੌਲੀ ਹੌਲੀ ਗਲ ਕਰ ਲਈ ਜਾਏਗੀ ਜਾਂ ਪਿਛੋਂ ਬੱਚੇ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਬੱਚੇ ਦੇ ਦਿਲ ਤੇ ਜੋ ਅਸਰ ਹੋਣਾ ਸੀ ਹੋ ਜਾਂਦਾ ਹੈ, ਜੇ ਉਸ ਨੇ ਡਰਨਾ ਹੈ ਜਾਂ ਘਬਰਾਣਾ ਹੈ ਤਾਂ ਅਸਾਂ ਉਸਦੀਆਂ ਨੀਹਾਂ ਰਖ ਦਿਤੀਆਂ ਹਨ। ਏਸੇ ਤਰ੍ਹਾਂ ਜਦੋਂ ਆਪਣੇ ਬੱਚੇ ਦੀਆਂ ਕਮਜ਼ੋਰੀਆਂ ਅਸੀਂ ਆਪਣੇ

ਕਿਸੇ ਸਜਣ ਮਿਤ੍ਰ ਨੂੰ ਉਸ ਦੇ ਸਾਹਮਣੇ ਹੀ ਦਸ ਦੇਂਦੇ ਹਾਂ ਤਾਂ ਉਸ ਦੇ ਮਨ ਤੇ ਬੜੀ ਚੋਟ ਲਗਦੀ ਹੈ ਤੇ ਉਹ ਆਪਣੇ ਆਪ ਨੂੰ ਬੜਾ ਹੌਲਾ ਹੌਲਾ ਮਹਿਸੂਸ ਕਰਦਾ ਹੈ। ਜੇ ਅਗੋਂ ਉਹ ਆਦਮੀ ਬੱਚੇ ਵਲ ਵੇਖ ਕੇ ਕਹਿ ਦੇਵੇ, "ਕਿਉਂ ਓਏ ਸ਼ੈਤਾਨ ਦੀ ਟੂਟੀ, ਤੂੰ ਬੜਾ ਬਦਮਾਸ਼ ਏਂ?" ਤਾਂ ਫਿਰ ਬੱਚੇ ਵਾਸਤੇ ਹੋਰ ਵੀ ਸ਼ਰਮਿੰਦਗੀ ਦਾ ਕਾਰਨ ਹੋ ਜਾਂਦਾ ਹੈ, ਖਾਸ ਕਰ ਜਦ ਬੱਚੇ ਨੂੰ ਕੋਈ ਇਹੋ ਜਹੀ ਗਲ ਉਸਦੇ ਆਪਣੇ ਹਾਣੀਆਂ ਦੇ ਸਾਹਮਣੇ ਆਖੀ ਜਾਏ ਜਾਂ ਉਸ ਨੂੰ ਉਸ ਦੇ ਦੋਸਤਾਂ ਜਮਾਤੀਆਂ ਦੇ ਸਾਹਮਣੇ ਝਿੜਕਿਆ ਜਾਂ ਗੁੱਸੇ ਹੋਇਆ ਜਾਏ ਤਾਂ ਉਸ ਦੇ ਸੈ-ਸਤਿਕਾਰ ਤੇ ਬੜੀ ਚੋਟ ਲਗਦੀ ਹੈ, ਉਸ ਵਕਤ ਜੇ ਬੱਚੇ ਦੇ ਮੂੰਹ ਵਲ ਦੇਖਿਆ ਜਾਏ ਤਾਂ ਅਸੀਂ ਅਨੁਭਵ ਕਰ ਸਕਦੇ ਹਾਂ ਕਿ ਬੱਚੇ ਦਾ ਦਿਲ ਕਿਤਨਾ ਕੋਮਲ ਹੈ। ਪਰ ਅਸੀਂ ਕਦੇ ਇਹ ਖਿਆਲ ਨਹੀਂ ਕਰਦੇ ਕਿ ਬੱਚਾ ਵੀ ਕਿਸੇ ਗਲ ਨੂੰ ਆਪਣੀ ਹੱਤਕ ਸਮਝ ਸਕਦਾ ਹੈ, ਅਸੀਂ ਸਮਝਦੇ ਹਾਂ ਕਿ ਏਸ ਉਮਰ ਤੇ ਹੱਤਕ ਇੱਜ਼ਤ ਕਾਹਦੀ ਹੁੰਦੀ ਹੈ ਪਰ ਬੱਚੇ ਦੀਆਂ ਰੁਚੀਆਂ ਆਪਣੇ ਮਾਪਿਆਂ ਵਲ ਜਾਂ ਹੋਰਨਾਂ ਵਲ ਏਸੇ ਉਮਰ ਤੇ ਹੀ ਬਣਦੀਆਂ ਹਨ। ਨਿਕੀਆਂ ਨਿਕੀਆਂ ਗਲਾਂ ਵਿਚ ਜੋ ਵਰਤਾਉ ਅਸੀਂ ਬੱਚੇ ਨਾਲ ਕਰਦੇ ਹਾਂ, ਉਸ ਵਾਸਤੇ ਉਹ ਘਟਨਾਵਾਂ ਹੀ ਜੀਵਨ ਦੇ ਤਜਰਬੇ ਹੁੰਦੇ ਹਨ।

ਬੱਚਿਆਂ ਦੇ ਸਾਹਮਣੇ ਅਸੀਂ ਬੜੀ ਵਾਰੀ ਘਰ ਦੇ ਜ਼ਰੂਰੀ ਜ਼ਰੂਰੀ ਮਾਮਲਿਆਂ ਤੇ ਵੀ ਵਿਚਾਰ ਕਰਨੀ ਸ਼ੁਰੂ ਕਰ ਦੇਂਦੇ ਹਾਂ। ਅਸੀਂ ਕਹਿੰਦੇ ਹਾਂ, "ਇਹਨੂੰ ਕੀ ਸਮਝ ਏ!" ਪਰ ਇਹ ਖ਼ਿਆਲ ਗ਼ਲਤ ਹੈ। ਬੱਚਾ ਸਾਡੇ ਨੁਕਤੇ ਤੋਂ ਸਾਰੀਆਂ ਗੱਲਾਂ ਨੂੰ ਨਹੀਂ ਦੇਖ ਸਕਦਾ, ਪਰ ਉਹ ਆਪਣੀ ਸਮਝ ਅਨੁਸਾਰ ਤੇ ਆਪਣੇ ਮਨ ਦੀ ਰੁਚੀ ਅਨੁਸਾਰ ਉਹਨਾਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਹਨਾਂ ਦਾ ਪ੍ਰਤੀਬਿੰਬ ਭੀ

ਉਸ ਦੀ ਜ਼ਿੰਦਗੀ ਤੇ ਪੈ ਜਾਂਦਾ ਹੈ। ਖ਼ਾਸ ਕਰ ਬੱਚੇ ਦੇ ਅਚੇਤ ਮਨ ਤੇ ਇਹ ਗੱਲਾਂ ਆਪਣੇ ਰੂਪ ਰੰਗ ਵਿਚ ਬੈਠ ਜਾਂਦੀਆਂ ਹਨ ਤੇ ਆਪਣਾ ਅਸਰ ਬੱਚੇ ਦੀ ਸ਼ਖ਼ਸੀਅਤ ਤੇ ਪਾਂਦੀਆਂ ਰਹਿੰਦੀਆਂ ਹਨ।

ਇਸ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਘਰ ਦੇ ਪ੍ਰੋਗਰਾਮ ਵਿਚ ਕੋਈ ਐਸਾ ਵਕਤ ਨਹੀਂ ਰਖਦੇ ਜੋ ਨਿਰੋਲ ਬੱਚਿਆਂ ਵਾਸਤੇ ਹੋਵੇ ਜਦ ਕਿ ਅਸੀਂ ਬੇਫ਼ਿਕਰ ਹੋ ਕੇ ਖ਼ੁਸ਼ੀ ਖ਼ੁਸ਼ੀ ਉਹਨਾਂ ਨੂੰ ਖਿਡਾਈਏ ਪਰਚਾਈਏ, ਉਹਨਾਂ ਦੀਆਂ ਗੱਲਾਂ ਸੁਣੀਏ ਤੇ ਉਹਨਾਂ ਨੂੰ ਕਹਾਣੀਆਂ ਸੁਣਾਈਏ। ਅਸੀਂ ਸਾਰੇ ਦਿਨ ਦੇ ਥੱਕੇ ਹੋਏ ਆਉਂਦੇ ਹਾਂ ਤੇ ਜੇ ਬੱਚਾ ਸਾਡੇ ਨੇੜੇ ਆਵੇ ਤਾਂ ਖਿਝ ਕੇ ਉਸ ਨੂੰ ਪਰੇ ਹਟਾ ਦੇਂਦੇ ਹਾਂ ਜਾਂ ਜ਼ਿਆਦਾ ਤੋਂ ਜ਼ਿਆਦਾ ਇਕ ਦੋ ਮਿੰਟ ਚੁਕ ਲੈਂਦੇ ਹਾਂ, ਪਰ ਪੂਰਾ ਧਿਆਨ ਉਸ ਵਲ ਨਹੀਂ ਦੇਂਦੇ, ਗੱਲਾਂ ਹੋਰ ਕਿਸੇ ਨਾਲ ਕਰ ਰਹੇ ਹੁੰਦੇ ਹਾਂ ਤੇ ਉਸਨੂੰ ਐਵੇਂ ਪਰਚਾਣ ਵਾਸਤੇ ਚੁਕ ਲਈਦਾ ਹੈ। ਉਹ ਸਾਡੀ ਤਵੱਜੋ ਦੀ ਉਡੀਕ ਹੀ ਕਰਦਾ ਰਹਿੰਦਾ ਹੈ, ਵਾਜਾਂ ਮਾਰਦਾ ਹੈ ਪਰ ਅਸੀਂ ਇਕ ਦੋ ਵਾਰੀ 'ਹਾਂ' ਕਰਕੇ ਉਸਨੂੰ ਘੁਰਕ ਵੀ ਦੇਂਦੇ ਹਾਂ। ਇਹ ਬੱਚੇ ਨਾਲ ਬੇਇਨਸਾਫ਼ੀ ਹੈ। ਸਾਡੇ ਤੇ ਬਚਿਆਂ ਦੀਆਂ ਬੜੀਆਂ ਜ਼ੁੰਮੇਵਾਰੀਆਂ ਹਨ, ਉਸ ਦੇ ਜੀਵਨ ਨੂੰ ਪ੍ਰਫੁਲਤ ਕਰਨਾ ਸਾਡਾ ਜ਼ਰੂਰੀ ਫ਼ਰਜ਼ ਹੈ।

ਵਿਦਿਆ ਦਾ ਮੰਤਵ

ਬਚਿਆਂ ਦੀ ਤਾਲੀਮ ਬਾਬਤ ਜਿਤਨੀ ਘੱਟ ਸਮਝ ਨਾਲ ਸਾਡੇ ਮੁਲਕ ਵਿਚ ਕੰਮ ਲਿਆ ਜਾਂਦਾ ਹੈ, ਹੋਰ ਕਿਧਰੇ ਵੀ ਨਹੀਂ ਲਿਆ ਜਾਂਦਾ। ਸਰਕਾਰ ਤੇ ਪਬਲਿਕ ਦੋਹਾਂ ਦਾ ਨੁਕਤਾ ਨਿਗਾਹ ਗ਼ਲਤ ਹੁੰਦਾ ਹੈ। ਦੋਹਾਂ ਦੀ ਖਿਚਾ ਖਿਚੀ ਗ਼ਲਤ ਕੀਮਤਾਂ ਤੇ ਹੁੰਦੀ ਰਹਿੰਦੀ ਹੈ। ਨਾ ਸਰਕਾਰ ਦੇ ਤਾਲੀਮੀ ਆਗੂ ਕੋਈ ਕੌਮ-ਉਸਾਰੂ ਸਕੀਮ ਬਣਾਂਦੇ ਹਨ ਤੇ ਨਾ ਪਬਲਿਕ ਦੇ ਪੁਲੀਟੀਕਲ ਲੀਡਰ। ਦੋਹਾਂ ਧਿਰਾਂ ਦੇ ਤਾਲੀਮੀ ਆਗੂਆਂ ਦੀ ਨਹੀਂ ਸੁਣੀ ਜਾਂਦੀ, ਦੋਵੇਂ ਸਭ ਸਕੀਮਾਂ ਪੁਲੀਟੀਕਲ ਨੁਕਤੇ ਤੋਂ ਬਣਾਂਦੇ ਹਨ। ਤਾਲੀਮੀ ਦਾਇਰੇ ਵਿਚ ਵੀ ਪਾਲਿਟਿਕਸ ਦਾ ਰਾਜ ਹੈ। ਤਾਲੀਮ ਨੂੰ ਵੀ ਪਾਲਿਟਿਕਸ ਦੀ ਹੇਰਾ ਫੇਰੀ ਤੋਂ ਉਚਾ ਨਹੀਂ ਰਖਿਆ ਜਾਂਦਾ। ਹਰ ਇਕ ਪਾਲਿਟੀਸ਼ਨ ਨੇ ਆਪਣੀ ਪਾਰਟੀ ਦੇ ਦੋ ਚਾਰ ਗੁਰ ਤਾਲੀਮ ਬਾਬਤ ਯਾਦ ਕੀਤੇ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਮੌਕਾ ਬੇਮੌਕਾ ਪੁਕਾਰਨਾ ਉਸਦਾ ਧਰਮ ਹੁੰਦਾ ਹੈ। ਚੌਣਵੇਂ ਤਾਲੀਮੀ ਆਗੂਆਂ ਨੇ ਰਲਕੇ ਕਦੇ ਕੋਈ ਉਸਾਰੂ ਸਕੀਮ ਨਹੀਂ ਬਣਾਈ, ਜੇ ਬਣਾਂਦੇ ਵੀ ਹਨ ਤਾਂ ਤਾਲੀਮ ਦੇ ਸਰਕਾਰੀ ਹਲਕਿਆਂ ਵਿਚ ਉਹਨਾਂ ਦੀ ਸੁਣਾਈ ਨਹੀਂ

ਹੁੰਦੀ। ਮਹਿਕਮਾ ਤਾਲੀਮ ਨੇ ਕਦੇ ਕਿਸੇ ਐਸੀ ਸੁਸਾਇਟੀ ਜਾਂ ਕਮੇਟੀ ਦੀ ਸਲਾਹ ਨਹੀਂ ਲਈ ਜੋ ਤਾਲੀਮ ਦੀ ਬਾਬਤ ਕੁਝ ਸਮਝ ਰਖਦੀ ਹੋਵੇ। ਮੁਲਕ ਦੇ ਵਖੋ ਵਖ ਕੋਨਿਆਂ ਵਿਚ ਤਾਲੀਮੀ ਕਾਨਫ਼ਰੰਸਾਂ ਹੁੰਦੀਆਂ ਹਨ, ਸਾਇੰਸ ਕਾਨਫ਼ੰਸ ਹੁੰਦੀ ਹੈ,ਪਰ ਇਨ੍ਹਾਂ ਕਾਨਫ਼ਰੰਸਾਂ ਤੇ ਜਾਣ ਵਾਲੇ ਜਾਂ ਬੋਲਣ ਵਾਲੇ ਉਹ ਲੋਕ ਹੁੰਦੇ ਹਨ,ਜੋ ਨਾ ਪਬਲਿਕ ਰਾਇ ਬਣਾ ਸਕਦੇ ਹਨ ਤੇ ਨਾ ਸਰਕਾਰ ਦੇ ਘਰ ਉਹਨਾਂ ਦੀ ਪਹੁੰਚ ਹੁੰਦੀ ਹੈ। ਪਬਲਿਕ ਰਾਇ ਨੂੰ ਪਾਲਿਟੀਸ਼ਨ ਬਣਾਂਦੇ ਹਨ,ਉਹਨਾਂ ਨੂੰ ਤਾਲੀਮੀ ਮੁਸ਼ਕਲਾਂ ਦੀ ਬਹੁਤੀ ਵਾਕਫ਼ੀ ਨਹੀਂ ਹੁੰਦੀ । ਬਾਵਜੂਦ ਕਾਨਫ਼ਰੰਸਾਂ ਦੇ ਵੀ ਸਾਡਾ ਤਾਲੀਮੀ ਮਰਕਜ਼ ਉਥੇ ਦਾ ਉਥੇ ਹੀ ਖੜਾ ਰਹਿੰਦਾ ਹੈ।

ਬੱਚਿਆਂ ਦੀ ਤਾਲੀਮ ਸਾਰੇ ਹਿੰਦੁਸਤਾਨ ਵਾਸਤੇ ਇਕ ਨਹੀਂ ਹੋ ਸਕਦੀ। ਇਕੱਲੇ ਪੰਜਾਬ ਵਾਸਤੇ ਵੀ ਜ਼ਰੂਰਤਾਂ ਅਲਹਿਦਾ ਅਲਹਿਦਾ ਹਨ, ਦੇਹਾਤ ਦੇ ਬੱਚਿਆਂ ਦੀ ਤਾਲੀਮ ਦਾ ਆਦੁਸ਼ ਹੋਰ ਹੋਣਾ ਚਾਹੀਦਾ ਹੈ ਤੇ ਸ਼ਹਿਰੀ ਬੱਚਿਆਂ ਦਾ ਹੋਰ। ਦੇਹਾਤੀ ਬੱਚਿਆਂ ਦੀਆਂ ਲੋੜਾਂ ਸ਼ਹਿਰੀ ਬੱਚਿਆਂ ਦੀਆਂ ਲੋੜਾਂ ਤੋਂ ਬਿਲਕੁਲ ਅੱਡ ਹਨ। ਦੇਹਾਤੀ ਮਾਪੇ ਜੇਕਰ ਆਪਣੇ ਬੱਚਿਆਂ ਨੂੰ ਤਾਲੀਮ ਦੇਂਦੇ ਹਨ ਤਾਂ ਕਿਸੇ ਹੋਰ ਖ਼ਿਆਲ ਤੋਂ,ਸ਼ਹਿਰੀ ਮਾਪਿਆਂ ਦਾ ਉਦੇਸ਼ ਹੋਰ ਹੀ ਹੁੰਦਾ ਹੈ। ਦੇਹਾਤ ਦਾ ਆਲਾ ਦੁਆਲਾ ਸ਼ਹਿਰ ਨਾਲੋਂ ਬਿਲਕੁਲ ਅਨੋਖਾ ਹੁੰਦਾ ਹੈ। ਨਾ ਦੇਹਾਤ ਨੇ ਸ਼ਹਿਰ ਬਣ ਜਾਣਾ ਹੈ ਤੇ ਨਾ ਸ਼ਹਿਰ ਹੀ ਦੇਹਾਤ ਬਣ ਸਕਦੇ ਹਨ। ਦੋਵੇਂ ਮੁਲਕ ਦੀ ਤਰੱਕੀ ਵਾਸਤੇ ਜ਼ਰੂਰੀ ਹਨ। ਦੋਹਾਂ ਦੇ ਫ਼ਰਕਾਂ ਨੂੰ ਪਛਾਨਣਾ ਤੇ ਦੋਹਾਂ ਦੀਆਂ ਲੋੜਾਂ ਨੂੰ ਸਮਝਣਾ ਜ਼ਰੂਰੀ ਹੈ।

ਅਮਰੀਕਾ ਵਿਚ ਦੇਹਾਤ ਵਾਸਤੇ ਕਾਇਦੇ ਅਲਹਿਦਾ ਹਨ, ਕਿਤਾਬਾਂ ਅਲਹਿਦਾ ਹਨ, ਸਬਕ ਅਲਹਿਦਾ ਹਨ, ਉਨ੍ਹਾਂ ਕਿਤਾਬਾਂ ਵਿਚ ਸਭ ਗੱਲਾਂ ਦੇਹਾਤ ਨਾਲ ਤਅੱਲਕ ਰਖਦੀਆਂ ਹਨ। ਉਨ੍ਹਾਂ ਦਾ ਹਿਸਾਬ

ਵੀ ਤੂੜੀ ਦੀਆਂ ਪੰਡਾਂ ਨਾਲ ਤੇ ਫ਼ਸਲ ਦੀਆਂ ਭਰੀਆਂ ਨਾਲ ਸਿਖਾਇਆ ਜਾਂਦਾ ਹੈ। ਦੇਹਾਤੀ ਰੀਡਰਾਂ ਵਿਚ ਤਸਵੀਰਾਂ ਵੀ ਦੇਹਾਤੀ ਜ਼ਿੰਦਗੀ ਦੀਆਂ ਹੁੰਦੀਆਂ ਹਨ। ਕਾਇਦੇ ਤੋਂ ਲੈ ਕੇ ਵੱਡੀਆਂ ਵੱਡੀਆਂ ਕਿਤਾਬਾਂ ਤਕ ਸਭ ਉਨ੍ਹਾਂ ਦੀ ਜ਼ਿੰਦਗੀ ਨਾਲ ਪੂਰਾ ਪੂਰਾ ਪੂਰਾ ਤਅੱਲਕ ਰਖਦੀਆਂ ਹਨ। ਵੱਡੀਆਂ ਕਿਤਾਬਾਂ ਵਿਚ ਫ਼ਸਲਾਂ ਬਾਰੇ, ਘਰੇਲੂ ਇੰਡਸਟਰੀ ਬਾਰੇ, ਫਲ ਸਬਜ਼ੀਆਂ ਬਾਰੇ, ਕੁਕੜੀ ਤੇ ਅੰਡਿਆਂ ਬਾਰੇ ਪੂਰੀ ਸਾਇੰਟਿਫਿਕ ਵਾਕਫੀ ਦਿੱਤੀ ਹੋਈ ਹੁੰਦੀ ਹੈ। ਛੋਟੀਆਂ ਕਿਤਾਬਾਂ ਵਿਚ ਹਿਸਾਬ ਦੀਆਂ ਮਸਾਲਾਂ ਉਹ ਹੀ ਹੁੰਦੀਆਂ ਹਨ ਜੋ ਦੇਹਾਤੀਆਂ ਦੀ ਜ਼ਿੰਦਗੀ ਨਾਲ ਰੋਜ਼ ਵਾਪਰਦੀਆਂ ਹਨ – ਇਤਨੀ ਜ਼ਮੀਨ ਵਿਚੋਂ ਆਲੂਆਂ ਦਾ ਫ਼ਸਲ ਇਤਨਾ ਹੋਇਆ ਤੇ ਇਤਨੀ ਵਿਚੋਂ ਕਿਤਨਾ, ਐਨੇ ਦੁਧ ਵਿਚੋਂ ਇਤਨੀ ਕਰੀਮ ਤੇ ਇੰਨਾ ਮਖਣ ਇਤਨੇ ਵਿਚੋਂ ਕਿਤਨੀ ਆਦਿ।

ਦੇਹਾਤ ਦੇ ਮਾਪਿਆਂ ਦੀ ਰੋਜ਼ਾਨਾ ਜ਼ਿੰਦਗੀ ਆਪਣੀ ਹੀ ਕਿਸਮ ਦੀ ਹੁੰਦੀ ਹੈ, ਉਨ੍ਹਾਂ ਦੇ ਟੱਬਰ ਦੇ ਇਕ ਇਕ ਜੀ ਦਾ ਘਰ ਦੀ ਪੈਦਾਵਾਰ ਵਿਚ ਹਿੱਸਾ ਹੁੰਦਾ ਹੈ। ਜਿਹੜੀ ਤਾਲੀਮ ਬਚਿਆਂ ਨੂੰ ਇਸ ਤੰਦ ਤਾਣੀ ਤੋਂ ਨਿਖੇੜ ਦਿੰਦੀ ਹੈ, ਉਹ ਗ਼ਰੀਬ ਦੇਹਾਤੀਆਂ ਨਾਲ ਇਨਸਾਫ਼ ਨਹੀਂ ਕਰ ਸਕਦੀ। ਦੇਹਾਤੀ ਤਾਲੀਮ ਦਾ ਆਦਰਸ਼ ਹੋਣਾ ਚਾਹੀਦਾ ਹੈ – ਦੇਹਾਤੀ ਇੰਡਸਟਰੀ ਤੇ ਜ਼ਰਾਇਤ ਰਾਹੀਂ ਤਾਲੀਮ। ਐਸੀ ਤਾਲੀਮ ਦੀ ਮਦਦ ਨਾਲ ਹੀ ਦੇਹਾਤ ਦਾ ਮਿਆਰ ਉਚਾ ਕੀਤਾ ਜਾ ਸਕਦਾ ਹੈ।

ਸ਼ਹਿਰੀ ਬੱਚਿਆਂ ਦਾ ਆਲਾ ਦੁਆਲਾ ਬਿਲਕੁਲ ਹੀ ਹੋਰ ਹੁੰਦਾ ਹੈ, ਉਹ ਹੋਰਨਾਂ ਹਾਲਤਾਂ ਵਿਚ ਜੰਮੇ ਪਲੇ ਹੁੰਦੇ ਹਨ, ਉਨ੍ਹਾਂ ਦੇ ਮਾਪਿਆਂ ਦਾ ਨੁਕਤਾ ਨਿਗਾਹ ਦੇਹਾਤੀ ਮਾਪਿਆਂ ਨਾਲੋਂ ਵਖਰਾ ਹੁੰਦਾ ਹੈ। ਦੇਹਾਤ ਦੇ ਮਾਪੇ ਆਪਣੇ ਬੱਚਿਆਂ ਨੂੰ ਇਸਲਈ ਸਕੂਲ ਨਹੀਂ ਭੇਜ ਸਕਦੇ,

ਕਿਉਂਕਿ ਇਸਤ੍ਰਾਂ ਉਹਨਾਂ ਦੇ ਕੰਮ ਵਿਚ ਹਰਜ ਹੁੰਦਾ ਹੈ। ਇਕ ਦੇਹਾਤੀ ਦਾ ਪੁਤਰ ਆਪਣੇ ਪਿਓ ਦੀ ਆਰਥਕ ਤੌਰ ਤੇ ਮਦਦ ਕਰਦਾ ਹੈ, ਦੇਹਾਤ ਦੀ ਧੀ ਆਪਣੀ ਮਾਂ ਦੇ ਕੰਮਾਂ ਵਿਚ ਹੱਥ ਵਟਾਂਦੀ ਹੈ। ਦੇਹਾਤ ਦੇ ਧੀਆਂ ਪੁਤਰ ਇਕ ਆਰਥਕ ਲੋੜ ਨੂੰ ਪੂਰਾ ਕਰਦੇ ਹਨ। ਇਸ ਦੇ ਉਲਟ ਸ਼ਹਿਰਾਂ ਦੇ ਮਾਪੇ ਆਪਣੇ ਬੱਚੇ ਨੂੰ ਮਗਰੋਂ ਲਾਹਣ ਵਾਸਤੇ ਸਕੂਲ ਟੋਰ ਦੇਂਦੇ ਹਨ। ਸ਼ਹਿਰੀਆਂ ਦਾ ਪੁਤਰ ਘਰ ਬੈਠਾ ਕਿਸੇ ਕੰਮ ਨਹੀਂ, ਧੀ ਭਾਵੇਂ ਥੋੜੀ ਬਹੁਤੀ ਮਾਂ ਦੀ ਮਦਦ ਕਰ ਦੇਂਦੀ ਹੋਵੇ।

ਸ਼ਹਿਰ ਦੇ ਮਾਪਿਆਂ ਦਾ ਤਾਲੀਮ ਦੇਣ ਦਾ ਮਤਲਬ ਵੀ ਹੋਰ ਹੁੰਦਾ ਹੈ। ਉਹ ਉਸ ਨੂੰ ਕਿਸੇ ਨੌਕਰੀ ਦੀ ਖ਼ਾਤਰ ਜਾਂ ਰੋਜ਼ੀ ਕਮਾਣ ਜੋਗਾ ਬਨਾਣ ਦੀ ਖ਼ਾਤਰ ਪੜ੍ਹਾਂਦੇ ਹਨ। ਪਿੰਡ ਵਾਲਿਆਂ ਦਾ ਪੁਤਰ ਜੇ ਪੜ੍ਹ ਕੇ ਨੌਕਰ ਹੋ ਜਾਏਗਾ ਤਾਂ ਮਾਪਿਆਂ ਨੂੰ ਸਗੋਂ ਨੁਕਸਾਨ ਹੀ ਹੁੰਦਾ ਹੈ।

ਦੇਹਾਤ ਤੇ ਸ਼ਹਿਰ ਦੇ ਬਚਿਆਂ ਦੀ ਤਾਲੀਮ ਹਰ ਪਹਿਲੂ ਤੋਂ ਵਖਰੀ ਹੋਣੀ ਚਾਹੀਦੀ ਹੈ। ਦੇਹਾਤ ਦੇ ਬੱਚੇ ਦੀ ਤਾਲੀਮ ਨਾਲ ਉਸ ਨੂੰ ਆਪਣੀ ਪੈਦਾਵਾਰ ਤੇ ਆਪਣੀ ਇੰਡਸਟਰੀ ਤੋਂ ਫ਼ਾਇਦਾ ਉਠਾਣ ਜੋਗਾ ਹੋ ਜਾਣਾ ਚਾਹੀਦਾ ਹੈ। ਦੇਹਾਤੀਆਂ ਵਿਚ ਤਾਲੀਮ ਦਾ ਸ਼ੌਕ ਤੇ ਉਤਸ਼ਾਹ ਤਾਂ ਹੀ ਪੈਦਾ ਹੋ ਸਕਦਾ ਹੈ ਜੇ ਤਾਲੀਮ ਉਨ੍ਹਾਂ ਨੂੰ ਕੁਝ ਨਿਗਰ ਫ਼ਾਇਦਾ ਪੁਚਾ ਸਕੇ।

ਸ਼ਹਿਰ ਦੀ ਤਾਲੀਮ ਦਾ ਸਵਾਲ ਬੜਾ ਵਸੀਹ ਤੇ ਮੁਸ਼ਕਲ ਹੈ, ਸ਼ਹਿਰ ਵਿਚ ਮਾਪੇ ਵਖੋ ਵਖ ਨੁਕਤਾ ਨਿਗਾਹ ਵਾਲੇ ਹੁੰਦੇ ਹਨ। ਕਈ ਮਾਪੇ ਆਪਣੇ ਪੁਤਰਾਂ ਨੂੰ ਆਈ. ਏ. ਐਸ. ਤੇ ਈ. ਏ. ਸੀ. ਬਨਾਣ ਵਾਸਤੇ ਤਿਆਰ ਕਰਦੇ ਹਨ, ਬਹੁਤੇ ਕਲਰਕ ਭਰਤੀ ਕਰਾਣ ਦੇ ਖ਼ਿਆਲ ਨਾਲ ਹੀ ਦਸ ਬਾਰਾਂ ਜਮਾਤਾਂ ਪੜ੍ਹਾ ਦੇਂਦੇ ਹਨ। ਕੋਈ ਤਾਂ ਬਗ਼ੈਰ ਖ਼ਾਸ ਮਤਲਬ ਤੋਂ ਥੋੜ੍ਹਾ ਬਹੁਤਾ ਪੜ੍ਹਾ ਕੇ ਉਠਾ ਕੇ ਕਿਸੇ ਦੁਕਾਨ ਤੇ ਬਿਠਾ

ਦੇਂਦੇ ਹਨ ਜਾਂ ਕਿਸੇ ਆਹਰੇ ਲਗਾ ਦੇਂਦੇ ਹਨ। ਪਰ ਹਰ ਹਾਲਤ ਵਿਚ ਤਾਲੀਮ ਦਾ ਮਕਸਦ ਐਸਾ ਹੁੰਦਾ ਹੈਕਿ ਬੱਚਾ ਆਪਣੇ ਭਵਿੱਖਤ ਦੀ ਆਪ ਚੋਣ ਨਹੀਂ ਕਰਦਾ, ਬੱਚੇ ਦੇ ਮਾਪੇ ਉਸ ਲਈ ਲੀਹਾਂ ਬਣਾ ਦੇਂਦੇ ਹਨ ਜਿਨ੍ਹਾਂ ਲੀਹਾਂ ਤੇ ਬੱਚੇ ਨੂੰ ਸ਼ੁਰੂ ਤੋਂ ਅਖੀਰ ਤਕ ਟੋਰੀ ਜਾਂਦੇ ਹਨ। ਪੜ੍ਹਿਆ ਹੋਇਆ ਨੌਜਵਾਨ ਆਪਣਾ ਭਵਿੱਖਤ ਨਾ ਆਪ ਸੋਚ ਸਕਦਾ ਹੈ ਤੇ ਨਾ ਬਣਾ ਸਕਦਾ ਹੈ। ਉਸ ਦੀ ਸ਼ਖਸੀਅਤ ਸ਼ੁਰੂ ਤੋਂ ਅਖੀਰ ਤਕ ਮਾਪਿਆਂ ਦੇ ਬਣਾਏ ਹੋਏ ਸੰਚੇ ਵਿਚ ਢਾਲੀ ਗਈ ਹੁੰਦੀ ਹੈ, ਬੰਦਾ ਆਪਣੀ ਸ਼ਖਸੀਅਤ ਆਪ ਨਹੀਂ ਬਣਾਂਦਾ, ਨਾ ਆਪਣੀ ਸ਼ਖਸੀਅਤ ਅਨੁਸਾਰ ਵਧਦਾ ਫੁਲਦਾ ਹੈ। ਉਸ ਦੇ ਭਵਿੱਖਤ ਦੀ ਚੋਣ ਉਸ ਦੀ ਸ਼ਖਸੀਅਤ ਦੇ ਨੁਕਤੇ ਤੋਂ ਨਹੀਂ ਕੀਤੀ ਜਾਂਦੀ ਨਾ ਘਰ ਵਿਚ ਉਸ ਦੀ ਸ਼ਖਸੀਅਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਨਾ ਸਕੂਲ ਵਿਚ ਇਸ ਗੱਲ ਦੀ ਪ੍ਰਵਾਹ ਕੀਤੀ ਜਾਂਦੀ ਹੈ। ਆਮ ਤੌਰ ਤੇ ਮਾਪੇ ਅਤੇ ਦਾਦੇ ਬਚਿਆਂ ਵਾਸਤੇ ਤੇ ਅਧਿਆਪਕ ਅਤੇ ਹੋਰ ਬਚਿਆਂ ਵਾਸਤੇ ਤਾਲੀਮ ਇਕੋ ਹੀ ਹੁੰਦੀ ਹੈ। ਜਿਸ ਦੇ ਅਸਲ ਮਾਨੀ ਹਨ ਬੀਜਾ ਖਿਲਾਰੀ ਜਾਣਾ ਹੈ, ਉਸ ਨੂੰ ਵੀ ਉਨ੍ਹਾਂ ਪੁੰਜਣ ਵਿਚੋਂ ਗੁਜ਼ਰਨਾ ਪੈਂਦਾ ਹੈ ਜੋ ਭਲਕੇ ਸੌਦਾਗਰ ਬਣੇਗਾ, ਉਸ ਲਈ ਵੀ ਉਹੋ ਤਾਲੀਮੀ ਢੰਗ ਰਟਣੇ ਲਾਜ਼ਮੀ ਹਨ। ਅੰਤਿਮ ਦੇ ਸਾਬਿਤ, ਚਿਤੇਰਾ ਤੇ ਪੁਜਾਰੀ ਦੇ ਮਾਨੀਦ ਲਈ ਮੁਢਲੀ ਤਾਲੀਮ ਵੀ ਨਹੀਂ, ਬਲਕਿ ਚਾਹੀ ਖੜ੍ਹਾ ਤੇ ਕਾਲਜ ਦੀ ਤਾਲੀਮ ਵੀ ਪੂਰੇ ਤੀ ਮੁਕੀ ਹੈ, ਫੇਰ ਜਿਹੜੇ ਇਸ ਤਾਲੀ ਦੇ ਦਾਵੇਦਾਰ ਵੀ ਆਪਣੀ ਨਸੀ ਅਨੁਸਾਰ ਕੁਝ ਥਰ ਇਕੱਠੇ ਹੋ ਤਾਂ ਇਸ ਤਾਲੀਮ ਦੀ ਮਦਦ ਨਾਲ ਨਹੀਂ, ਸਗੋਂ ਇਨ੍ਹਾਂ ਪਾਸਾਂ ਦੇ ਪਹਿਲਾਂ ਹੀਣਿਆਂ ਦੀ ਸਕੂਲਾਂ ਦੀ ਤਾਲੀਮ ਹਰ ਇਕ ਪੰਜਾਬੀ ਨੌਜਵਾਨ ਨੂੰ ਛੱਡ ਇਕ ਦੇ ਇਸੇ ਸੰਚੇ ਤੇ ਚਲਣਾ ਚਾਹੀਦਾ ਹੈ ਜਾਂ

ਵਾਸਤੇ ਖੱਟੇ ਤੇ ਗੁਲਾਬ ਦੇ ਬੂਟੇ ਇਕੋ ਜਹੇ ਹਨ, ਨਰਗਸ ਤੇ ਕੇਲੇ ਦੀਆਂ ਜੜ੍ਹਾਂ ਦੀ ਕੀਮਤ ਇਕੋ ਹੈ। ਸਕੂਲ ਦੇ ਮਾਸਟਰ ਨੂੰ ਹੈਰਾਨੀ ਹੁੰਦੀ ਹੈ ਕਿ ਅਗਰ ਕੁਲਬੀਰ ਸਕੂਲ ਦਾ ਕੰਮ ਕਰਦਾ ਹੈ ਤਾਂ ਬਲਜੀਤ ਕਿਉਂ ਨਹੀਂ ਕਰਦਾ। ਇਕ ਸਿਆਣਾ ਉਸਤਾਦ ਵੀ ਇਹ ਕਹਿਣੋਂ ਕਦੇ ਨਾ ਝਿਜਕੇਗਾ ਕਿ ਹਰਮੋਹਨ ਹਾਕੀ ਦਾ ਭਾਵੇਂ ਚੰਗਾ ਖਿਲਾੜੀ ਹੈ, ਪਰ ਪੜ੍ਹਾਈ ਵਿਚ ਬਿਲਕੁਲ ਨਿਕੰਮਾ ਹੈ। ਹਰਿੰਦਰ ਦੇ ਐਕਟਿੰਗ ਦੀ ਤਾਰੀਫ਼ ਕਰਨ ਦੇ ਬਾਵਜੂਦ ਵੀ ਉਸ ਦੀਆਂ ਸ਼ਰਾਰਤਾਂ ਨੂੰ ਸਮਝਣ ਦੀ ਕੋਈ ਉਸਤਾਦ ਕੋਸ਼ਿਸ਼ ਨਹੀਂ ਕਰਦਾ । ਕਿਉਂ ਬਲਜੀਤ ਸ਼ੌਕ ਨਾਲ ਨਹੀਂ ਕਰਦਾ ? ਕੀ ਹਰਮੋਹਨ ਲਈ ਉਹ ਤਾਲੀਮ ਲਾਜ਼ਮੀ ਹੈ ? ਕਿਉਂ ਹਰਿੰਦਰ ਹਰ ਵੇਲੇ ਬਿਲਾਸੀ ਬਣਿਆ ਰਹਿੰਦਾ ਹੈ ? ਇਹ ਸਵਾਲ ਉਹਨਾਂ ਦੀ ਸ਼ਖ਼ਸੀਅਤ ਨਾਲ ਡੂੰਘਾ ਸੰਬੰਧ ਰਖਦੇ ਹਨ। ਹਰ ਇਕ ਬੱਚੇ ਦੀਆਂ ਜ਼ਾਹਿਰਾ ਕਾਰਵਾਈਆਂ ਉਸਦੀ ਸ਼ਖਸੀਅਤ ਨਾਲ ਰੰਗੀਆਂ ਹੋਈਆਂ ਹੁੰਦੀਆਂ ਹਨ। ਘਰਾਂ ਵਿਚ ਤੇ ਸਕੂਲਾਂ ਵਿਚ ਅਸੀਂ ਬੱਚੇ ਦੀਆਂ ਜ਼ਾਹਿਰਾ ਕਾਰਵਾਈਆਂ ਵਲ ਗਹੁ ਕਰਦੇ ਹਾਂ, ਉਹਨਾਂ ਦੇ ਚਸ਼ਮੇ ਵਲ ਕਦੇ ਨਹੀਂ ਦੇਖਿਆ। ਅਸੀਂ ਪਾਣੀ ਦੀ ਧਾਰ ਅੱਗੇ ਹੱਥ ਰਖ ਕੇ ਠਲ੍ਹਣ ਦੀ ਕਰਦੇ ਹਾਂ, ਉਸ ਨੂੰ ਸਿੱਧੇ ਰਸਤੇ ਪਾ ਕੇ ਪਾਣੀ ਕੋਲੋਂ ਮੁਨਾਸਬ ਫ਼ਾਇਦਾ ਨਹੀਂ ਉਠਾਂਦੇ।

ਸ਼ਖਸੀਅਤ ਦੀ ਪਰਫੁਲਤਾ ਤਾਲੀਮ ਦਾ ਆਦਰਸ਼ ਹੋਣਾ ਚਾਹੀਦਾ ਹੈ। ਪ੍ਰ ਪੂਰੀ ਪਰਫੁਲਤਾ ਤਾਂ ਹੀ ਹੋ ਸਕਦੀ ਹੈ ਜੇ ਸ਼ਖ਼ਸੀਅਤ ਦੇ ਹਰ ਪਹਿਲੂ ਵਲ ਧਿਆਨ ਦਿੱਤਾ ਜਾਏ, ਕਿਸੇ ਗੁਣ ਔਗੁਣ ਨੂੰ ਵੀ ਅੱਖੋਂ ਓਹਲੇ ਨਾ ਕੀਤਾ ਜਾਏ। ਇਸ ਲਈ ਬੱਚੇ ਦੀ ਸ਼ਖ਼ਸੀਅਤ ਦੀ ਪਛਾਣ ਜ਼ਰੂਰੀ ਹੈ। ਬੱਚੇ ਨੂੰ ਹਮਦਰਦੀ ਨਾਲ ਸਮਝਾ ਸਕਣਾ ਇਕ ਗੁਣ ਹੈ, ਜੋ ਨਾ ਸਾਧਾਰਨ ਮਾਪਿਆਂ ਵਿਚ ਹੁੰਦਾ ਹੈ ਤੇ ਨਾ ਸਾਧਾਰਨ ਉਸਤਾਦਾਂ

ਵਿਚ। ਅਨੇਕਾਂ ਮਾਪੇ ਤੇ ਉਸਤਾਦ ਜੋ ਆਪਣੇ ਆਪ ਨੂੰ ਕਾਮਯਾਬ ਸਮਝਦੇ ਹਨ ਬੱਚੇ ਦੀ ਸ਼ਖ਼ਸੀਅਤ ਤੋਂ ਬਿਲਕੁਲ ਅਨਜਾਣ ਹੁੰਦੇ ਹਨ। ਉਨ੍ਹਾਂ ਦੀ ਕਾਮਯਾਬੀ ਏਸੇ ਗੱਲ ਵਿਚ ਹੁੰਦੀ ਹੈ ਕਿ ਉਹ ਬੱਚੇ ਨੂੰ ਆਪਣੀ ਮਰਜ਼ੀ ਅਨੁਸਾਰ ਬਣਾਨ ਵਿਚ ਸਫਲ ਹੋ ਗਏ ਹਨ ਤੇ ਬੱਚਾ ਹਰ ਗਲ ਵਿਚ ਉਨ੍ਹਾਂ ਦਾ ਆਖਾ ਮੰਨਦਾ ਹੈ। ਉਨ੍ਹਾਂ ਦੀ ਕਾਮਯਾਬੀ ਦਾ ਮਿਆਰ ਇਹ ਹੀ ਹੁੰਦਾ ਹੈ।

ਮਾਪੇ ਤੇ ਉਸਤਾਦ ਦੋਵੇਂ ਬੱਚੇ ਨੂੰ ਆਪਣੀ ਮਰਜ਼ੀ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦੇ ਹਨ, ਪਰ ਬੱਚਾ ਜਦ ਪੰਜ ਛੇ ਸਾਲ ਦਾ ਹੋ ਕੇ ਸਕੂਲ ਆਉਂਦਾ ਹੈ ਤਾਂ ਉਸ ਦੀ ਘਰ ਦੀ ਜ਼ਿੰਦਗੀ ਨੇ ਉਸ ਦੀ ਸ਼ਖ਼ਸੀਅਤ ਖਾਸ ਤਰ੍ਹਾਂ ਦੀ ਬਣਾ ਦਿਤੀ ਹੁੰਦੀ ਹੈ, ਜਿਸ ਦੇ ਸਮਝਣ ਦੀ ਨਾ ਉਸਤਾਦ ਨੇ ਕਦੇ ਕੋਸ਼ਿਸ਼ ਕੀਤੀ ਹੁੰਦੀ ਹੈ ਤੇ ਨਾ ਮਾਪੇ ਦੱਸਣ ਦੀ ਜਾਂ ਸਮਝਣ ਦੀ ਪਰਵਾਹ ਕਰਦੇ ਹਨ। ਉਸਤਾਦ ਪੰਜ ਛੇ ਸਾਲ ਦੇ ਬੱਚੇ ਮਨ ਨੂੰ ਇਕ ਸਾਫ਼ ਸਲੇਟ ਵਾਂਗਣ ਹੀ ਸਮਝਦਾ ਹੈ ਕਿ ਉਸ ਤੇ ਜੋ ਚਾਹਿਆ ਲਿਖ ਲਿਆ, ਪਰ ਅਸਲ ਵਿਚ ਬੱਚੇ ਦੀ ਤਾਲੀਮ ਉਸ ਦੀ ਪੈਦਾਇਸ਼ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਲਿਖਣਾ ਪੜ੍ਹਨਾ ਤਾਲੀਮ ਨਹੀਂ, ਇਹ ਸਿਰਫ਼ ਤਾਲੀਮ ਦਾ ਜ਼ਰੀਆ ਹੈ। ਅਸਲ ਤਾਲੀਮ ਬੱਚੇ ਦੀ ਸ਼ਖ਼ਸੀਅਤ ਦੀ ਪ੍ਰਫੁਲਤਾ ਹੈ ਜੋ ਉਸ ਦੇ ਜਨਮ ਤੋਂ ਸ਼ੁਰੂ ਹੁੰਦੀ ਹੈ, ਪਰ ਨਾ ਹੀ ਮਾਪਿਆਂ ਦਾ ਆਦਰਸ਼ ਇਹ ਹੈ ਤੇ ਨਾ ਹੀ ਉਸਤਾਦਾਂ ਦਾ। ਮਾਪਿਆਂ ਕੋਲ ਬੱਚਾ ਪੰਜ ਛੇ ਸਾਲ ਗੁਜ਼ਾਰ ਕੇ ਖਾਸ ਕਿਸਮ ਦੀਆਂ ਰੁਚੀਆਂ, ਸੁਭਾ ਤੇ ਆਦਤਾਂ ਬਣਾ ਚੁਕਾ ਹੁੰਦਾ ਹੈ ਜੋ ਉਸ ਦੀ ਸ਼ਖ਼ਸੀਅਤ ਦਾ ਜ਼ਰੂਰੀ ਅੰਗ ਬਣ ਜਾਂਦੀਆਂ ਹਨ। ਜਦ ਬੱਚਾ ਉਸਤਾਦ ਦੇ ਹਵਾਲੇ ਕੀਤਾ ਜਾਂਦਾ ਹੈ ਤਾਂ ਉਸਤਾਦ ਇਸ ਪਹਿਲੂ ਨੂੰ ਦੇਖਦਾ ਨਹੀਂ। ਕਦੇ ਕਦੇ ਉਸ ਦੀ ਜ਼ਿੰਦਗੀ ਦਾ ਇਹ ਪਹਿਲੂ ਕਈ ਤਰੀਕਿਆਂ ਨਾਲ ਜ਼ਾਹਿਰ ਹੋ ਜਾਂਦਾ

ਹੈ–ਜੇ ਸਕੂਲ ਦੇ ਨੇਮਾਂ ਨਾਲ ਬੱਚੇ ਦੀ ਕੋਈ ਆਦਤ ਜਾਂ ਰੁਚੀ ਟੱਕਰ ਖਾ ਜਾਏ ਤਾਂ ਹਰੇਕ ਨੂੰ ਰੜਕਣ ਲਗ ਪੈਂਦੀ ਹੈ, ਉਸ ਦਾ ਸੁਭਾ ਜੇ ਬੜਾ ਅਨੋਖਾ ਨਿਕਲ ਆਏ ਤਾਂ ਵੀ ਜ਼ਾਹਿਰ ਹੋ ਜਾਂਦਾ ਹੈ। ਐਸੀ ਹਾਲਤ ਵਿਚ ਉਸਤਾਦ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦੀਆਂ ਕਮਜ਼ੋਰੀਆਂ ਦੂਰ ਕਰ ਕੇ ਉਸ ਨੂੰ ਸਕੂਲ ਦੇ ਹੋਰ ਬਚਿਆਂ ਵਾਂਗ ਕਰ ਦਿੱਤਾ ਜਾਏ। ਇਸ ਤਰ੍ਹਾਂ ਬੱਚੇ ਦੀ ਸ਼ਖ਼ਸੀਅਤ ਦੇ ਕੁਝ ਪਹਿਲੂ ਜ਼ੋਰੀ ਦਬਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਤਾਂ ਉਸਤਾਦ ਕਾਮਯਾਬ ਹੋ ਗਿਆ ਤਾਂ ਕਿਸੇ ਨੂੰ ਪਤਾ ਹੀ ਨਹੀਂ ਲੱਗਦਾ। ਜੇ ਬੱਚੇ ਤੇ ਉਲਟਾ ਅਸਰ ਹੋ ਜਾਏ ਤਾਂ ਮਾਪਿਆਂ ਤਕ ਵੀ ਸ਼ਕਾਇਤ ਪਹੁੰਚ ਜਾਂਦੀ ਹੈ। ਮਾਪੇ ਤੇ ਉਸਤਾਦ ਹਮੇਸ਼ਾ ਵਖੋ ਵਖ ਪਾਸੇ ਖਿਚਣ ਦੀ ਕੋਸ਼ਿਸ਼ ਕਰਦੇ ਹਨ, ਦੋਵੇਂ ਰਲ ਕੇ ਬੱਚੇ ਦੀ ਸਖ਼ਸੀਅਤ ਨੂੰ ਪੂਰੀ ਤਰ੍ਹਾਂ ਪ੍ਰਫੁਲਤ ਕਰਨ ਦੀ ਬਜਾਏ ਸਗੋਂ ਅਧੂਰੀ ਬਣਾ ਦੇਂਦੇ ਹਨ ਜਾਂ ਉਸ ਦੀ ਸ਼ਖ਼ਸੀਅਤ ਦੱਬੀ ਰਹਿ ਜਾਂਦੀ ਹੈ।

ਬੱਚੇ ਦੀ ਪੂਰਨ ਪ੍ਰਫੁਲਤਾ ਵਾਸਤੇ ਉਸਤਾਦ ਤੇ ਮਾਪਿਆਂ ਦੋਹਾਂ ਦੀ ਸਾਂਝੀ ਮਦਦ ਦੀ ਲੋੜ ਹੈ। ਘਰ ਤੇ ਸਕੂਲ ਦੋਹਾਂ ਨੂੰ ਰਲ ਕੇ ਬੱਚੇ ਦੀ ਬੇਹਤਰੀ ਵਾਸਤੇ ਨਿੱਗਰ ਸਕੀਮ ਬਣਾਣੀ ਚਾਹੀਦੀ ਹੈ। ਪਰ ਜਿਸ ਤਰ੍ਹਾਂ ਦੇ ਘਰ ਤੇ ਸਕੂਲ ਸਾਡੇ ਮੁਲਕ ਵਿਚ ਹਨ, ਬੱਚੇ ਵਾਸਤੇ ਦੋਵੇਂ ਨਾਕਸ ਹਨ। ਉਸਤਾਦ ਦਾ ਮੰਤਵ ਪੜ੍ਹਾਣਾ ਲਿਖਾਣਾ ਹੁੰਦਾ ਹੈ ਤੇ ਮਾਪਿਆਂ ਦੀ 'ਮਾਪੇ' ਹੋਣੀ ਦੀ ਹੈਂਕੜ ਉਹਨਾਂ ਨੂੰ ਕੁਝ ਸਿਖਣ ਨਹੀਂ ਦੇਂਦੀ, ਉਹ ਸਮਝਦੇ ਹਨ ਕਿ ਬਚਿਆਂ ਦੀ ਸਿਖਿਆ ਤੇ ਸੰਭਾਲ ਬਾਬਤ ਨਾ ਕਿਸੇ ਫ਼ਿਕਰ ਦੀ ਲੋੜ ਹੈ ਤੇ ਨਾ ਮੁਤਾਲਿਆ ਦੀ। ਉਸਤਾਦ ਆਪਣੇ ਰਟ ਵਿਚੋਂ ਨਹੀਂ ਨਿਕਲ ਸਕਦਾ ਟੇਕਸਟ ਬੁਕਾਂ ਤੇ ਇਮਤਿਹਾਨ ਉਸ ਦੀਆਂ ਲੀਹਾਂ ਮੁਕੱਰਰ ਕਰੀ ਰਖਦੇ ਹਨ।

ਬੱਚੇ ਵਾਸਤੇ ਨਵੇਂ ਸਕੂਲਾਂ ਦੀ ਲੋੜ ਹੈ–ਐਸੇ ਸਕੂਲ ਜਿਨ੍ਹਾਂ ਦਾ

ਆਦਰਸ਼ ਹੋਵੇ ''ਬੱਚੇ ਦੀ ਸ਼ਖ਼ਸੀਅਤ ਦੀ ਪ੍ਰਫੁਲਤਾ'' ਬਚਿਆਂ ਦੇ ਮਾਪੇ ਤਾਂ ਬਦਲਦੇ ਹੀ ਬਦਲਣਗੇ, ਕਿਉਂ ਨਾ ਬਚਿਆਂ ਨੂੰ ਮਾਪਿਆਂ ਤੋਂ ਛੁਟਕਾਰਾ ਦੁਆ ਕੇ ਐਸੇ ਸਕੂਲਾਂ ਵਿਚ ਭੇਜ ਦਿਤਾ ਜਾਏ। ਜਿਤਨੀ ਜਲਦੀ ਬੱਚੇ ਮਾਪਿਆਂ ਦੇ ਅਸਰ ਹੇਠੋਂ ਨਿਕਲ ਸਕਣ, ਬੱਚੇ ਦੇ ਭਵਿੱਖਤ ਵਾਸਤੇ ਚੰਗਾ ਹੈ। ਬਚਿਆਂ ਵਾਸਤੇ ਨਰਸਰੀਆਂ ਹੋਣ, ਕਿੰਡਰਗਾਰਟਨ ਹੋਣ ਤੇ ਇਮਤਿਹਾਨਾਂ ਤੋਂ ਆਜ਼ਾਦ ਸਕੂਲ ਹੋਣ। ਜਿਨ੍ਹਾਂ ਬਚਿਆਂ ਨੇ ਵਡਿਆਂ ਹੋ ਕੇ ਸਾਂਝੀ ਜ਼ਿੰਦਗੀ ਗੁਜ਼ਾਰਨੀ ਹੈ, ਉਹ ਛੋਟੇ ਹੁੰਦਿਆਂ ਤੋਂ ਹੀ ਐਸੀ ਜ਼ਿੰਦਗੀ ਦੇ ਆਦੀ ਕਿਉਂ ਨਾ ਹੋ ਜਾਣ, ਬਜਾਏ ਏਸ ਦੇ ਕਿ ਪੰਜ ਛੇ ਸਾਲ ਤਕ ਘਰ ਦੀ ਇਕੱਲ-ਖੋਰੀ ਵਿਚ ਆਪਣੀਆਂ ਆਦਤਾਂ ਨੂੰ ਪੱਕਿਆਂ ਕਰ ਕੇ ਉਹ ਜਾ ਕੇ ਔਖੇ ਹੋ ਜਾਣ ਤੇ ਮੁਰਦਾ ਤਾਲੀਮ ਨਾਲ ਮੁਰਦਾ ਦਿਲ ਹੀ ਹੋ ਜਾਣ।

ਆਜ਼ਾਦ ਨਰਸਰੀਆਂ, ਆਜ਼ਾਦ ਕਿੰਡਰਗਾਰਟਨ ਤੇ ਆਜ਼ਾਦ ਸਕੂਲ-ਜਿਥੇ ਨਾ ਬੱਚੇ ਨੂੰ ਘੁਰਕਾਂ ਦੇਣ ਵਾਲਾ ਕੋਈ ਹੋਵੇ, ਨਾ ਮਾਰਨ ਵਾਲਾ ਹੋਵੇ ਤੇ ਨਾ ਲਾਡਾਂ ਨਾਲ ਵਿਗਾੜਨ ਵਾਲਾ ਹੋਵੇ। ਬੱਚੇ ਰਲ ਮਿਲ ਕੇ ਖੇਡਣ, ਗਾਣ, ਜੋ ਮਰਜ਼ੀ ਹੈ ਕਰਨ, ਪਰ ਮਾਪਿਆਂ ਦਾ ਦਖ਼ਲ ਬਿਲਕੁਲ ਨਾ ਹੋਵੇ। ਮਾਪੇ ਬੜੀ ਛੇਤੀ ਕਾਹਲੇ ਪੈ ਜਾਂਦੇ ਹਨ– ਬੱਚਿਆਂ ਦੇ ਹਥ ਰੰਦੇ ਵੇਖ ਕੇ, ਉਨ੍ਹਾਂ ਦੇ ਕਪੜਿਆਂ ਨੂੰ ਮਿੱਟੀ ਲਗੀ ਹੋਈ ਵੇਖ ਕੇ, ਉਨ੍ਹਾਂ ਨੂੰ ਖੇਡਦਿਆਂ ਦੇਖ ਕੇ, ਘਬਰਾ ਉਠਦੇ ਹਨ। ਪਰ ਬੱਚੇ ਏਸੇ ਤਰ੍ਹਾਂ ਆਪਣਾ ਆਪ ਸੰਭਲ ਸਕਣਗੇ, ਰੰਦੇ ਕਪੜੇ ਹੀ ਉਨ੍ਹਾਂ ਨੂੰ ਸਾਫ਼ ਕਪੜਿਆਂ ਦੀ ਕਦਰ ਸਿਖਾ ਸਦਕੇ ਹਨ, ਸਰੀਰ ਦੇ ਸਾਰੇ ਅੰਗਾਂ ਨੂੰ ਵਰਤ ਸਕਣਾ ਹੀ ਅਸਲੀ ਤਾਲੀਮ ਹੈ, ਕਿਤਾਬਾਂ ਦੇ ਕੀੜੇ ਬਣਨਾ ਤਾਲੀਮ ਨਹੀਂ। ਜਿਹੜਾ ਆਲਾ ਦੁਆਲਾ ਬੱਚੇ ਨੂੰ ਸਾਂਝੀ ਜ਼ਿੰਦਗੀ ਲਈ ਪੂਰਾ ਮੌਕਾ ਦਿੰਦਾ ਹੈ, ਜਿੱਥੇ ਉਹ ਪੂਰੀ ਖੁਲ੍ਹ ਨਾਲ ਹਸ, ਖੇਡ ਤੇ ਸਿਖ ਸਕਦਾ ਹੈ, ਉਹ ਹੀ ਬੱਚੇ ਦਾ ਅਸਲੀ ਸਕੂਲ ਹੈ।

ਸਕੂਲ ਤੇ ਉਸਤਾਦ

ਸਕੂਲ ਉਹੋ ਚੰਗਾ, ਜਿਸ ਦੇ ਨਤੀਜੇ ਸੌ ਵਿਚੋਂ ਸੌ ਫ਼ੀ ਸਦੀ ਜਾਂ ਨੇੜੇ ਤੇੜੇ, ਉਸਤਾਦ ਉਹੋ ਲਾਇਕ, ਜਿਸ ਦਾ ਸ਼ਾਗਿਰਦ ਅੱਵਲ ਰਹੇ–ਇਹ ਹਨ ਸਾਡੇ ਸਕੂਲਾਂ ਦੀਆਂ ਕਾਮਯਾਬੀਆਂ ਦੀਆਂ ਕਸੌਟੀਆਂ, ਇਨ੍ਹਾਂ ਗੱਲਾਂ ਤੇ ਹੀ ਸਾਡੇ ਸਕੂਲ ਮਸ਼ਹੂਰ ਹੋਇਆ ਕਰਦੇ ਹਨ ਤੇ ਇਨ੍ਹਾਂ ਦੇ ਅਧਾਰ ਤੇ ਹੀ ਵਿਦਿਆਰਥੀਆਂ ਦੀ ਗਿਣਤੀ ਵਧਦੀ ਘਟਦੀ ਹੈ। ਸਾਲਾਨਾ ਰਪੋਰਟਾਂ ਵਿਚ, ਇਨਾਮਾਂ ਦੀ ਵੰਡ ਵੇਲੇ ਤੇ ਪਬਲਿਕ ਜਲਸਿਆਂ ਵਿਚ ਇਨ੍ਹਾਂ ਗੱਲਾਂ ਦਾ ਹੀ ਢੰਡੋਰਾ ਦਿੱਤਾ ਜਾਂਦਾ ਹੈ।

ਪਰ ਇਕ ਸਾਧਾਰਨ ਸਕੂਲ ਦੀ ਜ਼ਿੰਦਗੀ ਦੇਖੋ–ਇਮਤਿਹਾਨਾਂ ਦਾ ਖਪਤ, ਇਨਸਪੈਕਟ੍ਰਾਂ ਦਾ ਡਰ, ਹੈਡ ਮਾਸਟਰ ਦਾ ਰੋਅਬ, ਉਸਤਾਦਾਂ ਦੀ ਆਪਸ ਵਿਚ ਦੀ ਈਰਖਾ, ਸ਼ਾਗਿਰਦਾਂ ਨਾਲ ਬੇਰਹਿਮੀ ਦਾ ਸਲੂਕ–ਇਹ ਹਰੇਕ ਸਕੂਲ ਦੇ ਜਰੂਰੀ ਭਾਗ ਹਨ। ਨਾ ਉਸਤਾਦ ਨੂੰ ਪੜ੍ਹਾਣ ਦਾ ਸ਼ੌਕ ਤੇ ਨਾ ਸ਼ਾਗਿਰਦਾਂ ਨੂੰ ਪੜ੍ਹਨ ਦਾ ਸ਼ੌਕ। ਉਸਤਾਦ ਵਿਚਾਰਾ ਪੇਟ ਦੀ ਖ਼ਾਤਰ ਮੇਹਨਤਾਂ ਕਰ ੨ ਕੇ ਚੰਗੇਨਤੀਜੇ ਦਿਖਾਂਦਾ ਹੈ, ਮਾਸੂਮ ਸ਼ਾਗਿਰਦ ਮਾਪਿਆਂ ਤੋਂ ਤੇ ਉਸਤਾਦਾਂ ਤੋਂ ਡਰਦੇ ਮੇਹਨਤਾਂ ਕਰ ਕਰਕੇ ਨੰਬਰ ਲੈਂਦੇ

ਹਨ। ਕੋਰਸ ਚੁਣਨ ਵਿਚ ਜਾਂ ਬਨਾਣ ਵਿਚ ਉਸਤਾਦਾਂ ਦਾ ਕੋਈ ਹਥ ਨਹੀਂ, ਉਹਨਾਂ ਨੂੰ ਚੰਗੇ ਲਗਣ ਜਾਂ ਨਾ, ਉਹੋ ਹੀ ਕਿਤਾਬਾਂ ਪੜ੍ਹਾਣੀਆਂ ਪੈਂਦੀਆਂ ਹਨ ਜੋ ਮੁਕੱਰਰ ਹੋਣ। ਸ਼ਾਗਿਰਦਾਂ ਨੂੰ ਕਿਸੇ ਕਿਤਾਬ ਦੀ ਸਮਝ ਆਵੇ ਜਾਂ ਨਾ ਆਵੇ ਉਸ ਨੂੰ ਘੋਟਾ ਲਾਣਾ ਪੈਂਦਾ ਹੈ ਜੋ ਮੁਕੱਰਰ ਹੋਵੇ। ਵਿਦਿਅਕ ਮਹਿਕਮਾ ਤੇ ਯੂਨੀਵਰਸਿਟੀ ਇਮਤਿਹਾਨਾਂ ਨੂੰ ਆਰਥਕ ਨੁਕਤੇ ਤੋਂ ਹੀ ਦੇਖ ਸਕਦੇ ਹਨ। ਬਸ ਇਹ ਚੱਕਰ ਏਸੇ ਤਰ੍ਹਾਂ ਹੀ ਚਲਾ ਜਾਂਦਾ ਹੈ—ਨਾ ਉਸਤਾਦਾਂ ਵਿਚ ਇਹ ਸਾਰਾ ਕੁਝ ਬਦਲਣ ਦੀ ਖ਼ਾਹਿਸ਼ ਹੈ, ਨਾ ਮਾਪੇ ਹੀ ਕਿਸੇ ਹੋਰ ਕਿਸਮ ਦੇ ਸਕੂਲ ਦਾ ਖ਼ਿਆਲ ਕਰ ਸਕਦੇ ਹਨ। ਵਿਦਿਅਕ ਮਹਿਕਮੇ ਦਾ ਕੰਮ ਹੁੰਦਾ ਹੈ ਨੌਕਰੀਆਂ ਦੀਆਂ ਨਿਸਬਤਾਂ ਵਿਚ ਅਦਲਾ ਬਦਲੀ ਕਰਦਿਆਂ ਰਹਿਣਾ। ਆਖ਼ਰ ਇਹ ਤਾਣੀ ਏਸੇ ਤਰ੍ਹਾਂ ਹੀ ਚਲੀ ਜਾਂਦੀ ਹੈ, ਕਈ ਨਵੀਂ ਤੰਦ ਪਾਨ ਦੀ ਦਲੇਰੀ ਨਹੀਂ ਕਰਦਾ।

ਸਕੂਲਾਂ ਵਿਚੋਂ ਪੜ੍ਹ ਕੇ ਆਏ ਮੁੰਡੇ ਕੁੜੀਆਂ ਉਥੋਂ ਛੁਟਕਾਰਾ ਪਾ ਕੇ ਤਾਂ ਖ਼ੁਸ਼ ਹੁੰਦੇ ਹਨ ਪਰ ਫੇਰ ਵੇਂਤਲ ਜਹੇ ਜਾਂਦੇ ਹਨ। ਨਾ ਮੁੜ ਸਕੂਲ ਜਾਣ ਜੋਗੇ ਤੇ ਨਾ ਕੁਝ ਕਰਨ ਜੋਗੇ। ਹਥ ਪੈਰ ਹਿਲੌਣੇ ਉਹਨਾਂ ਸਿਖੇ ਨਹੀਂ ਹੁੰਦੇ, ਜੀਵਨ ਦੀ ਸਿਖਿਆ ਉਹਨਾਂ ਨੂੰ ਕੋਈ ਮਿਲੀ ਨਹੀਂ ਹੁੰਦੀ, ਰਲ ਬਹਿਣਾ ਉਨ੍ਹਾਂ ਨੂੰ ਆਉਂਦਾ ਨਹੀਂ, ਆਪਣੀਆਂ ਲੱਤਾਂ ਤੇ ਆਪ ਖਲੋ ਨਹੀਂ ਸਕਦੇ, ਸੋ ਘਬਰਾ ਜਾਂਦੇ ਹਨ। ਸਕੂਲ ਵਿਚ ਮੁਕਾਬਲੇ ਹੋਰ ਹੁੰਦੇ ਹਨ, ਦੁਨੀਆਂ ਵਿਚ ਹੋਰ ਹੀ ਗੱਲਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਸਕੂਲ ਦੇ ਇਮਤਿਹਾਨ ਵਿਚੋਂ ਪਾਸ ਹੋਣਾ ਸੌਖਾ ਹੈ, ਜ਼ਿੰਦਗੀ ਦੇ ਇਮਤਿਹਾਨਾਂ ਵਿਚੋਂ ਕੋਈ ਕੋਈ ਹੀ ਪਾਸ ਹੋ ਨਿਕਲਦਾ ਹੈ। ਸਕੂਲ ਦੀ ਦੁਨੀਆਂ ਬਾਹਰਲੀ ਦੁਨੀਆਂ ਤੋਂ ਨਿਰਾਲੀ ਹੀ ਹੁੰਦੀ ਹੈ—ਏਥੇ ਮਾਪਿਆਂ ਦੀ ਛਤਰ ਛਾਇਆ ਹੇਠ ਤੇ ਉਸਤਾਦਾਂ ਦੀ ਆੜ ਵਿਚ ਦਿਨ

ਕਟੀਂਦੇ ਹਨ ਪਰ ਬਾਹਰਲੀ ਦੁਨੀਆਂ ਵਿਚ ਨਾ ਕਿਸੇ ਦਾ ਸਹਾਰਾ, ਨਾ ਕਿਸੇ ਦੀ ਮਦਦ।

ਸਕੂਲਾਂ ਦੇ ਉਸਤਾਦ–ਨਾ ਕੰਮ ਦਾ ਸ਼ੌਕ, ਨਾ ਬਚਿਆਂ ਨਾਲ ਪਿਆਰ ਨਾ ਕੁਝ ਸਿਖਾਣ ਦਾ ਚਾਅ ਤੇ ਨਾ ਕੁਝ ਸਿਖਣ ਦੀ ਰੀਝ– ਬਸ ਉਹੀ ਪੁਰਾਣੀਆਂ ਲੀਹਾਂ ਤੇ ਟੁਰੀ ਜਾਣਾ ਉਹਨਾਂ ਦੇ ਜੀਵਨ ਦਾ ਆਦਰਸ਼ ਹੁੰਦਾ ਹੈ। ਇਕ ਮਜ਼ਮੂਨ ਇਕ ਦੋ ਸਾਲ ਪੜ੍ਹਾ ਕੇ ਉਸਤਾਦ ਉਸ ਵਿਚ ਪਰਪਕ ਹੋ ਜਾਂਦਾ ਹੈ ਤੇ ਫੇਰ ਉਸ ਨੂੰ ਉਸ ਮਜ਼ਮੂਨ ਵਿਚੋਂ ਬਹੁਤੇ ਮੁੰਡੇ ਪਾਸ ਕਰਾਣ ਦੇ ਗੁਰ ਆ ਜਾਂਦੇ ਹਨ। ਆਪਣੀ ਪੜ੍ਹਾਈ ਤੇ ਸਿਖਲਾਈ ਦਾ ਖ਼ਾਤਮਾ ਉਸ ਦੇ ਬੀ. ਟੀ. ਪਾਸ ਕਰਨ ਨਾਲ ਹੋ ਜਾਂਦਾ ਹੈ, ਉਸ ਤੋਂ ਬਾਅਦ ਉਹ ਆਪਣੀ ਵਾਕਫ਼ੀ ਵਿਚ ਵਾਧਾ ਕਰਨ ਦੀ ਲੋੜ ਨਹੀਂ ਸਮਝਦਾ।

ਆਪਣੇ ਸ਼ਾਗਿਰਦਾਂ ਨੂੰ ਉਸਤਾਦ ਜਾਂ ਤਾਂ ਮਿੱਟੀ ਦੇ ਮਾਧੋ ਸਮਝਦਾ ਹੈ ਤੇ ਜਾਂ ਸ਼ੈਤਾਨ ਦੇ ਬੱਚੇ। ਉਹ ਕੋਸ਼ਿਸ਼ ਕਰੇਗਾ ਕਿ ਸਾਰੇ ਸ਼ਾਗਿਰਦਾਂ ਨੂੰ ਇਕੋ ਸੱਚੇ ਵਿਚ ਢਾਲਿਆ ਜਾਏ, ਸਾਰੇ ਆਗਿਆਕਾਰ ਸ਼ਾਗਿਰਦ ਹੋਣ ਤੇ ਉਸਤਾਦ ਦੀ ਮਰਜ਼ੀ ਅਨੁਸਾਰ ਕੰਮ ਕਰਨ। ਜੇ ਵਿਚੋਂ ਕੋਈ ਜ਼ਰਾ ਸ਼ੈਤਾਨ ਹੋਵੇ, ਪੜ੍ਹਾਈ ਵਿਚ ਉਸ ਦਾ ਦਿਲ ਨਾ ਲਗਦਾ ਹੋਵੇ ਤੇ ਉਸਤਾਦ ਦੇ ਆਖੇ ਨਾ ਲਗਦਾ ਹੋਵੇ ਤਾਂ ਉਸਤਾਦ ਉਸ ਦੀ ਸ਼ਾਮਤ ਲੈ ਆਉਂਦਾ ਹੈ, ਉਸ ਨੂੰ ਖ਼ੂਬ ਫੰਡ ਚਾੜ੍ਹਦਾ ਹੈ ਤਾਂ ਜੋ ਸਿਧਾ ਹੋ ਜਾਏ। ਪਰ ਕਈਆਂ ਉਸਤਾਦਾਂ ਨੂੰ ਮਾਰਨ ਵਿਚ ਵੀ ਇਕ ਸੁਆਦ ਆਉਂਦਾ ਹੈ, ਉਹਨਾਂ ਨੂੰ ਕੋਈ ਝਸ ਜਿਹਾ ਪੈ ਜਾਂਦਾ ਤੇ ਮਾਰੇ ਬਗ਼ੈਰ ਰਹਿ ਨਹੀਂ ਸਕਦੇ–ਕੁਰੱਖ਼ਤ ਜ਼ਬਾਨ, ਗਾਲੀ ਗਲੋਚ, ਝਿੜਕਾਂ ਤੇ ਸ਼ਕਾਇਤਾਂ ਤਾਂ ਉਸਤਾਦ ਵਾਸਤੇ ਇਕ ਮਾਮੂਲੀ ਜਹੀ ਗਲ ਹਨ।

ਉਸਤਾਦ ਬਣਦੇ ਕੌਣ ਹਨ ? ਜੋ ਹੋਰ ਨੌਕਰੀ ਦੇ ਯੋਗ ਨਾ ਹੋਣ,

ਜਿਨ੍ਹਾਂ ਨੂੰ ਮਾਸੂਮ ਜ਼ਿੰਦਗੀਆਂ ਤੇ ਹਕੂਮਤ ਕਰਨ ਦਾ ਚਾਅ ਹੋਵੇ, ਜੋ ਕਿਸੇ ਮਜ਼ਮੂਨ ਵਿਚੋਂ ਆਪਣੇ ਆਪ ਨੂੰ ਲਾਇਕ ਸਮਝਦੇ ਹੋਣ। ਉਸਤਾਨੀਆਂ ਬਣਦੀਆਂ ਹਨ–ਵਿਚਾਰੀਆਂ ਕਿਸਮਤ ਦੀਆਂ ਮਾਰੀਆਂ ਵਿਧਵਾ ਇਸਤ੍ਰੀਆਂ ਤੇ ਵਿਆਹ ਤੋਂ ਘਿਰਣਾ ਕਰਨ ਵਾਲੀਆਂ ਅਜ ਕਲ੍ਹ ਦੀਆਂ ਕੁੜੀਆਂ। ਉਸਤਾਦ ਤੇ ਉਸਤਾਨੀਆਂ ਬਹੁਤੇ ਐਸੇ ਹੁੰਦੇ ਹਨ ਜੋ ਜ਼ਿੰਦਗੀ ਵਿਚ ਹੋਰ ਕਿਸੇ ਤਰ੍ਹਾਂ ਕਾਮਯਾਬ ਨਹੀਂ ਹੋ ਸਕਦੇ ਤੇ ਉਹ ਇਹ ਕਸਬ ਅਖ਼ਤਿਆਰ ਕਰ ਲੈਂਦੇ ਹਨ। ਉਹ ਆਪਣੇ ਬਚਿਆਂ ਨੂੰ ਪਿਆਰ ਨਹੀਂ ਕਰ ਸਕਦੇ, ਉਨ੍ਹਾਂ ਨੂੰ ਮੁਨਾਸਬ ਤਰੀਕੇ ਨਾਲ ਸਿਖਾ ਨਹੀਂ ਸਕਦੇ ਤੇ ਉਨ੍ਹਾਂ ਦੇ ਸਪੁਰਦ ਏਨੇ ਸ਼ਾਗਿਰਦ ਕਰ ਦਿਤੇ ਜਾਂਦੇ ਹਨ।

ਸਕੂਲਾਂ ਦੀ ਜ਼ਿੰਦਗੀ ਏਨੀ ਰੁਖੀ ਤੇ ਉਤਸ਼ਾਹ-ਹੀਨ ਹੁੰਦੀ ਹੈ ਕਿ ਕੀ ਉਸਤਾਦ ਤੇ ਕੀ ਸ਼ਾਗਿਰਦ, ਹਰੇਕ ਦੀ ਨਜ਼ਰ ਕੈਲੰਡਰ ਤੇ ਰਹਿੰਦੀ ਹੈ ਕਿ ਛੁਟੀਆਂ ਕਦ ਹੋਣੀਆਂ ਹਨ, ਜਿਸ ਹਫ਼ਤੇ ਕੋਈ ਛੁਟੀ ਆ ਜਾਏ, ਉਸ ਹਫ਼ਤੇ ਬੜੇ ਖ਼ੁਸ਼ ਹੁੰਦੇ ਹਨ। ਇਮਤਿਹਾਨ ਵਿਦਿਆਰਥੀਆਂ ਦਾ ਸਾਹ ਸੁਕਾਈ ਰਖਦੇ ਹਨ, ਇਮਤਿਹਾਨਾਂ ਦੇ ਨੇੜੇ ਮੁੰਡੇ ਕੁੜੀਆਂ ਉਨ੍ਹੀਂ ਦਰਾ ਝਾਗ ਝਾਗ ਕੇ ਤੇ ਜਗਰਾਤੇ ਕਟ ਕਟ ਕੇ ਮਸਾਂ ਕਿਧਰੇ ਤਿਆਰੀ ਕਰਦੇ ਹਨ। ਜੇ ਇਮਤਿਹਾਨ ਨੇੜੇ ਨਾ ਹੋਵੇ ਤਾਂ ਘਰ ਦਾ ਕੰਮ ਮਾਸਟਰ ਏਨਾ ਦੇਂਦੇ ਹਨ ਕਿ ਸਕੂਲੋਂ ਆਉਂਦਿਆਂ ਬੱਚੇ ਵਿਚਾਰੇ ਕੰਮ ਲਗ ਪੈਂਦੇ ਹਨ, ਸਵੇਰੇ ਜਾਣ ਤਕ ਕਿਧਰੋਂ ਨਕਲ ਮਾਰ, ਕਿਸੇ ਕੋਲੋਂ ਸਮਝ, ਕਿਸੇ ਨਾ ਕਿਸੇ ਤਰ੍ਹਾਂ ਕੰਮ ਮੁਕਾਣਾ ਹੀ ਹੁੰਦਾ ਹੈ। ਮਾਸਟਰ ਨੂੰ ਕੀ, ਉਸ ਦਾ ਤਾਂ ਮਤਲਬ ਹੈ ਨਤੀਜੇ ਚੰਗੇ ਦਿਖਾਣ ਦਾ। ਘਰ ਉਹ ਆਰਾਮ ਕਰ ਸਕਣ, ਖੇਡ ਸਕਣ, ਖਾ ਪੀ ਸਕਣ ਭਾਵੇਂ ਨਾ, ਉਸ ਨੇ ਤਾਂ ਨੇਮ ਨਾਲ ਆਪਣਾ ਕੰਮ ਦੇਖਣਾ ਹੁੰਦਾ ਹੈ।

ਬਹੁਤੇ ਵਿਦਿਆਰਥੀਆਂ ਨਾਲ ਉਸਤਾਦ ਦਾ ਤੇ ਉਸਤਾਨੀਆਂ ਦਾ

ਜ਼ਾਤੀ ਮੇਲ ਜੋਲ ਹੁੰਦਾ ਹੀ ਨਹੀਂ। ਜਿਹੜੇ ਪੜ੍ਹਾਈ ਵਿਚ ਜ਼ਰਾ ਤੇਜ਼ ਹੋਣ, ਉਸਤਾਦ ਉਹਨਾਂ ਤੇ ਖ਼ੁਸ਼ ਹੁੰਦਾ ਹੈ ਤੇ ਉਹਨਾਂ ਨੂੰ ਹੀ ਚੰਗਾ ਸਮਝਦਾ ਹੈ, ਮਾਪੇ ਵੀ ਉਸ ਨੂੰ ਚੰਗਿਆਂ ਕਹਿਣਗੇ ਜੋ ਚੰਗੇ ਨੰਬਰ ਲੈ ਕੇ ਪਾਸ ਹੋਵੇਗਾ ਤੇ ਜਿਹਦੀ ਬਾਬਤ ਉਸਤਾਦ ਚੰਗਾ ਕਹੇਗਾ। ਜੇ ਉਸਤਾਦ ਕਿਧਰੇ ਸ਼ਕਾਇਤ ਲਗਾ ਦਏ ਤਾਂ ਘਰ ਵੀ ਓਸ ਦੀ ਸ਼ਾਮਤ ਆ ਜਾਂਦੀ ਹੈ। ਉਸਤਾਦ ਦੀ ਤੇ ਮਾਪਿਆਂ ਦੀ ਪਰਖ ਦੀ ਕਸੌਟੀ ਸਿਰਫ਼ ਇਮਤਿਹਾਨ ਹੀ ਹਨ, ਹੋਰ ਕਿਸੇ ਤਰ੍ਹਾਂ ਨਾ ਹੀ ਉਸਤਾਦ ਤੇ ਨਾ ਹੀ ਮਾਪੇ ਬੱਚੇ ਨੂੰ ਦੇਖ ਸਕਦੇ ਹਨ। ਹਾਂ, ਜੋ ਬੱਚਾ 'ਸ਼ਰਾਰਤੀ' ਹੋਵੇਗਾ ਤਾਂ ਉਸਤਾਦ ਤੇ ਮਾਪਿਆਂ ਦੋਹਾਂ ਦੀਆਂ ਨਜ਼ਰਾਂ ਵਿਚ ਰੜਕੇਗਾ। ਅਸਲ ਵਿਚ ਮਾਪੇ ਬੱਚੇ ਨੂੰ ਸਕੂਲ ਭੇਜਦੇ 'ਸਿੱਧਿਆਂ' ਕਰਾਣ ਲਈ ਹੀ ਹਨ ਉਹ ਘਰ ਤੰਗ ਕਰਦਾ ਹੈ, ਏਸ ਲਈ ਉਸ ਨੂੰ ਸਕੂਲ ਡੱਕ ਦਿਤਾ ਜਾਂਦਾ ਹੈ। ਇਸ ਤਰ੍ਹਾਂ ਦੇ ਆਲੇ ਦੁਆਲੇ ਵਿਚ, ਜਿਥੇ ਬੱਚੇ ਨੂੰ ਹਰ ਕੋਈ ਸ਼ੱਕੀ ਨਜ਼ਰ ਨਾਲ ਵੇਖਦਾ ਹੈ, ਤੇ ਹਰ ਕੋਈ ਉਸ ਨੂੰ ਸਿਧਿਆਂ ਕਰਨ ਤੇ ਤੁਲਿਆ ਹੋਇਆ ਹੁੰਦਾ ਹੈ ਬੱਚਾ ਪੜ੍ਹ ਕੀ ਸਕਦਾ ਹੈ ? ਉਸ ਵਾਸਤੇ ਉਸ ਦੇ ਮਾਪੇ ਤੇ ਉਸਤਾਦ ਵੀ ਉਸ ਦੇ ਵੈਰੀ ਹਨ।

ਪੜ੍ਹਾਈ ਤੇ ਇਮਤਿਹਾਨਾਂ ਦੇ ਬਿਨਾਂ ਸਕੂਲ ਦੀ ਜ਼ਿੰਦਗੀ ਵਿਚ ਹੋਰ ਹੈ ਈ ਕੀ ? ਖੇਡਾਂ, ਡਰਾਮੇ, ਸੈਰਾਂ ਆਦਿ ਉਨ੍ਹਾਂ ਵਾਸਤੇ ਹਨ ਜੋ ਪੜ੍ਹਾਈ ਵਿਚੋਂ ਚੰਗੇ ਨਹੀਂ। ਜੇ ਮੈਚਾਂ, ਟੂਰਨਾਮੈਂਟ ਆਦਿ ਵਿਚ ਖਿਲਾੜੀਆਂ ਦੀ ਕਦਰ ਕੀਤੀ ਵੀ ਜਾਏ ਤਾਂ ਵੀ ਆਖ਼ਰ 'ਕਿਆਮਤ' ਵਾਲੇ ਦਿਨ ਉਨ੍ਹਾਂ ਦੀ ਪਰਖ ਉਸ ਇਮਤਿਹਾਨ ਦੀ ਕਸੌਟੀ ਤੇ ਹੀ ਹੁੰਦੀ ਹੈ। ਜੇ ਪਾਸ ਹੋ ਗਏ ਤੇ ਚੰਗੇ, ਨਹੀਂ ਤੇ ਕੋਈ ਪੁਛਦਾ ਈ ਨਹੀਂ।

ਸਾਂਝੀ ਜ਼ਿੰਦਗੀ ਸਕੂਲਾਂ ਵਿਚ ਕੀ ਹੋਣੀ ਹੈ, ਜਿਥੇ ਨੀਹਾਂ ਹੀ ਐਸੀਆਂ ਰਖੀਆਂ ਜਾਂਦੀਆਂ ਹਨ ਕਿ 'ਨਲਾਇਕਾਂ' ਦੀ ਹਰ ਵੇਲੇ 'ਨਾਲਾਇਕਾਂ'

ਨਾਲ ਖਾਰ ਰਹੇ; ਖਿਡਾਰੀਆਂ ਦਾ ਮੇਲ ਜੋਲ ਪੜ੍ਹਾਕੂਆਂ ਨਾਲ ਪਸੰਦ ਨਹੀਂ ਕੀਤਾ ਜਾਂਦਾ, ਪੜ੍ਹਾਕੂਆਂ ਦੀ ਆਪਸ ਵਿਚ ਸਦਾ ਅਗੇ ਵਧਣ ਦੀ ਦੌੜ ਹੀ ਲਗੀ ਰਹਿੰਦੀ ਹੈ। ਉਥੇ ਸਾਂਝੀ ਜ਼ਿੰਦਗੀ ਕੀ ਹੋਣੀ ਹੈ, ਜਿਥੇ ਪਹਿਲੋਂ ਹੀ ਵਿੱਥਾਂ ਪੈਦਾ ਕੀਤੀਆਂ ਜਾਂਦੀਆਂ ਹਨ। ਉਥੇ ਰਲ ਬਹਿਣ ਦਾ ਜਾਚ ਕਿਸ ਤਰ੍ਹਾਂ ਆਵੇ ?

ਫੇਰ ਸਕੂਲ ਵਿਚੋਂ ਕਿਸ ਕਿਸਮ ਦੇ ਇਨਸਾਨ ਤਿਆਰ ਹੋ ਕੇ ਨਿਕਲਦੇ ਹਨ—ਹੜਬਾਂ ਵਿਚ ਵੜੀਆਂ ਹੋਈਆਂ ਵਾਲੇ ਕਿਤਾਬਾਂ ਦੇ ਕੀੜੇ, ਜਿਨ੍ਹਾਂ ਨੂੰ ਦੁਨੀਆਂ ਦਾ ਕਖ ਪਤਾ ਨਹੀਂ ਹੁੰਦਾ, ਆਪਣੀਆਂ ਕਿਤਾਬਾਂ ਦੀ ਵਾਕਫ਼ੀ ਨੂੰ ਰੋਜ਼ ਦੀ ਜ਼ਿੰਦਗੀ ਵਿਚ ਵਰਤ ਨਹੀਂ ਸਕਦੇ, ਆਪਣੀਆਂ ਚੀਜ਼ਾਂ ਆਪ ਸੰਭਾਲ ਚੁਕ ਨਹੀਂ ਸਕਦੇ, ਆਪਣੇ ਕਮਰੇ ਨੂੰ ਸੋਹਣਾ ਬਣਾ ਨਹੀਂ ਸਕਦੇ, ਹਰ ਕੰਮ ਵਿਚ ਕਿਸੇ ਦਾ ਸਹਾਰਾ ਢੂੰਡਦੇ ਹਨ, ਕੁਝ ਕਰਨ ਦਾ ਉਹਨਾਂ ਵਿਚ ਉਤਸ਼ਾਹ ਨਹੀਂ ਹੁੰਦਾ, ਬਸ ਨੌਕਰੀਆਂ ਕਰਨ ਦੀ ਹੀ ਖ਼ਾਹਿਸ਼ ਹੁੰਦੀ ਹੈ। ਹਥੀਂ ਕੰਮ ਕਰਨਾ ਉਹਨਾਂ ਸਿਖਿਆ ਨਹੀਂ ਹੁੰਦਾ, ਸੋ ਕੁਝ ਕਰਨ ਜੋਗੇ ਨਹੀਂ ਹੁੰਦੇ। ਉਹਨਾਂ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਪ੍ਰਫੁਲਤ ਨਹੀਂ ਹੋਣ ਦਿੱਤਾ ਜਾਂਦਾ, ਤੇ ਉਹ ਅਧੂਰੇ ਦੇ ਅਧੂਰੇ ਦੁਨੀਆਂ ਵਿਚ ਆ ਪੈਰ ਧਰਦੇ ਹਨ। ਜਿਨ੍ਹਾਂ ਗੱਲਾਂ ਨਾਲ ਉਹਨਾਂ ਦਾ ਦੁਨੀਆਂ ਵਿਚ ਵਾਹ ਪੈਣਾ ਹੁੰਦਾ ਹੈ, ਉਹਨਾਂ ਬਾਬਤ ਉਹ ਬਿਲਕੁਲ ਕੋਰੇ ਹੁੰਦੇ ਹਨ। ਉਹਨਾਂ ਨੂੰ ਚੰਗੇ 'ਸ਼ਹਿਰੀ' ਬਣਨ ਦੀ, ਚੰਗੇ ਭੈਣ ਭਰਾ ਬਣਨ ਦੀ, ਚੰਗੇ ਪੁਤਰ ਧੀ ਬਣਨ ਦੀ, ਚੰਗੇ ਪਤੀ ਪਤਨੀ ਬਣਨ ਦੀ, ਚੰਗੇ ਮਾਤਾ ਪਿਤਾ ਬਣਨ ਦੀ ਕੋਈ ਸਿਖਿਆ ਨਹੀਂ ਦਿੱਤੀ ਜਾਂਦੀ। ਉਹਨਾਂ ਕੋਈ ਹੁਨਰ ਨਹੀਂ ਸਿਖਿਆ ਹੁੰਦਾ, ਰੋਜ਼ੀ ਕਮਾਣ ਦਾ ਖ਼ਾਸ ਢੰਗ ਉਹਨਾਂ ਨੂੰ ਕੋਈ ਨਹੀਂ ਆਉਂਦਾ, ਬਸ ਇਕ ਨੌਕਰੀਆਂ ਦੀ ਖ਼ਾਹਿਸ਼ ਲੈ ਕੇ ਨਿਕਲ ਆਉਂਦੇ ਹਨ।

ਜ਼ਿੰਦਗੀ ਉਹਨਾਂ ਨੂੰ ਸ਼ੁਰੂ ਤੋਂ ਹੀ ਇਕ ਗ਼ਲਤ ਨੁਕਤੇ ਤੋਂ ਵਿਖਾਈ ਜਾਂਦੀ ਹੈ—ਘਰੋਂ ਪੜ੍ਹਨ ਵਾਸਤੇ ਇਸ ਲਈ ਭੇਜਿਆ ਜਾਂਦਾ ਹੈ ਕਿ ਕਿਸੇ ਕੰਮ ਜੋਗਾ ਹੋਵੇ, ਵਰਨਾ ਪੜ੍ਹਾਈ ਉਸ ਦੀ ਸ਼ਖ਼ਸੀਅਤ ਵਾਸਤੇ ਹੋਰ ਕੋਈ ਜ਼ਰੂਰਤ ਨਹੀਂ ਸਮਝੀ ਜਾਂਦੀ; ਸਕੂਲ ਉਹ ਏਸ ਲਈ ਪੜ੍ਹਦਾ ਤੇ ਮਿਹਨਤ ਕਰਦਾ ਹੈ ਕਿ ਇਮਤਿਹਾਨ ਪਾਸ ਕਰ ਲਵੇ, ਵਰਨਾ ਪੜ੍ਹਾਈ ਦੀ ਆਪਣੀ ਕੋਈ ਕੀਮਤ ਨਹੀਂ; ਉਸਤਾਦਾਂ ਨਾਲ ਉਸ ਦਾ ਇਸ ਲਈ ਵਾਹ ਪੈਂਦਾ ਹੈ, ਕਿਉਂਕਿ ਉਹ ਉਸ ਨੂੰ ਪੜ੍ਹਾ ਕੇ ਇਮਤਿਹਾਨ ਪਾਸ ਕਰਾਂਦੇ ਹਨ, ਉਨ੍ਹਾਂ ਕੋਲੋਂ ਕੋਈ ਚੰਗਾ ਉਤਸ਼ਾਹ ਜਾਂ ਪਰੇਰਨਾ ਲੈਣ ਵਾਸਤੇ ਨਹੀਂ, ਸਕੂਲ ਦੇ ਜਮਾਤੀ ਉਸ ਦੇ ਵਾਕਫ਼ ਇਸ ਲਈ ਬਣਦੇ ਹਨ, ਕਿਉਂਕਿ ਉਹ ਉਸ ਦੇ ਜਮਾਤੀ ਹਨ, ਏਸ ਲਈ ਨਹੀਂ ਕਿ ਉਨ੍ਹਾਂ ਵਿਚ ਵੀ ਉਹ ਜੀਵਨ ਰੋਂ ਹੈ ਤੇ ਉਨ੍ਹਾਂ ਵਿਚੋਂ ਕੋਈ ਜੀਵਨ-ਸਾਥੀ ਬਣ ਸਕਦੇ ਹਨ। ਸਕੂਲ ਇਕ ਇਮਤਿਹਾਨ ਪਾਸ ਕਰਨ ਦਾ ਵਸੀਲਾ ਹਨ, ਨਾ ਕਿ ਜੀਵਨ ਜਾਚ ਦਾ ਮੈਦਾਨ ! ਬਸ, ਇਨ੍ਹਾਂ ਗ਼ਲਤ ਨੁਕਤਿਆਂ ਤੋਂ ਵੇਖਣਾ ਹੀ ਅਸੀਂ ਸਿੱਖੇ ਹਾਂ ਤੇ ਇਨ੍ਹਾਂ ਗ਼ਲਤ ਨੁਕਤਿਆਂ ਤੋਂ ਹੀ ਦੂਸਰੇ ਨੂੰ ਕੁਝ ਵਿਖਾ ਸਕਦੇ ਹਾਂ।

ਅਜ ਕਲ ਮੰਗ ਕੀਤੀ ਜਾ ਰਹੀ ਹੈ ਨਵੀਂ ਕਿਸਮ ਦੇ ਸਕੂਲਾਂ ਦੀ। ਹੋਰ ਉੱਨਤ ਦੇਸ਼ਾਂ ਵਿਚ ਤਾਂ ਬੜੇ ਚਿਰ ਤੋਂ ਪੁਰਾਣੀ ਕਿਸਮ ਦੇ ਸਕੂਲਾਂ ਦਾ ਸਫ਼ਾਇਆ ਕਰ ਦਿੱਤਾ ਗਿਆ ਹੈ। ਸ਼ਾਇਦ ਕਿਧਰੇ ਟਾਵਾਂ ਟਾਵਾਂ ਕੋਈ ਪੁਰਾਣੀ ਕਿਸਮ ਦਾ ਸਕੂਲ ਨਜ਼ਰੀਂ ਪੈ ਜਾਵੇ, ਪਰ ਸਾਡੇ ਮੁਲਕ ਵਿਚ ਅਜੇ ਨਵੇਂ ਸਕੂਲਾਂ ਦੀ ਮੰਗ ਹੀ ਬਹੁਤ ਘਟ ਹੈ, ਕਿਉਂਕਿ ਨਵੇਂ ਸਕੂਲ ਚਲਾਣ ਵਾਸਤੇ ਨਵੀਂ ਕਿਸਮ ਦੇ ਉਸਤਾਦ ਚਾਹੀਦੇ ਹਨ ਜੋ ਮਿਲਦੇ ਨਹੀਂ, ਨਵੀਂ ਕਿਸਮ ਦੇ ਮਾਪੇ ਚਾਹੀਦੇ ਹਨ ਜੋ ਅਜੇ ਥੋੜੇ ਹਨ ਤੇ ਇਕ ਨਵੀਂ ਰੋਂ ਚਾਹੀਦੀ ਹੈ ਜੋ ਅਜੇ ਹਿਲ ਰਹੀ ਹੈ।

ਐਸੇ ਸਕੂਲਾਂ ਦੀ ਲੋੜ ਹੈ, ਜਿਸ ਦਾ ਕੇਂਦਰ ਬੱਚਾ ਹੋਵੇ, ਜਿੱਥੇ ਦਾ ਸਾਰਾ ਪ੍ਰੋਗਰਾਮ ਬੱਚੇ ਦੀ ਬੇਹਤਰੀ ਤੇ ਉਸ ਦੀ ਪ੍ਰਫੁਲਤਾ ਵਾਸਤੇ ਬਣਾਇਆ ਜਾਏ; ਟਾਈਮ ਟੇਬਲ ਦੀਆਂ ਕਰੜੀਆਂ ਜ਼ੰਜੀਰਾਂ ਵਿਚ ਬਚਿਆਂ ਨੂੰ ਕੈਦ ਨਾ ਕੀਤਾ ਜਾਏ, ਬੱਚੇ ਆਪਣਾ ਰੋਜ਼ ਦਾ ਟਾਈਮ ਟੇਬਲ ਆਪ ਬਣਾਨ, ਕਲਾਸ ਦੀਆਂ ਜੇਹਲ-ਕੋਠੜੀਆਂ ਵਿਚ ਬੱਚੇ ਬੰਦ ਨਾ ਰਹਿਣ, ਸਕੂਲ ਦੀ ਆਜ਼ਾਦ ਫ਼ਿਜ਼ਾ ਵਿਚ ਫਿਰਨਾ ਉਨ੍ਹਾਂ ਦਾ ਨੇਮ ਹੋਵੇ, ਉਸਤਾਦ ਆਪਣੇ ਸ਼ਾਗਿਰਦਾਂ ਦੇ ਹਾਕਮ ਨਾ ਬਣਨ, ਉਨ੍ਹਾਂ ਦੇ ਦੋਸਤ ਤੇ ਸਲਾਹਕਾਰ ਹੋਣ। ਸਕੂਲ ਦੀ ਜ਼ਿੰਦਗੀ ਬਚਿਆਂ ਵਾਸਤੇ ਰੁੱਖੇ ਤੇ ਉਤਸ਼ਾਹਹੀਨ ਸਬਕਾਂ ਤੇ ਸਵਾਲਾਂ ਨੂੰ ਰਟਨ ਲਈ ਨਾ ਹੋਵੇ, ਉਹ ਆਪਣੇ ਸ਼ੌਕ ਤੇ ਆਪਣੀਆਂ ਰੁਚੀਆਂ ਅਨੁਸਾਰ ਪੜ੍ਹਦੇ ਲਿਖਦੇ ਜਾਣ। ਬਚਿਆਂ ਦੀ ਪੜ੍ਹਨ ਤੇ ਖੇਡਣ ਦੀ ਜ਼ਿੰਦਗੀ ਦੋ ਵਖੋ ਵਖ ਜ਼ਿੰਦਗੀਆਂ ਨਾ ਹੋਣ, ਉਹ ਪੜ੍ਹਦਿਆਂ ਪੜ੍ਹਦਿਆਂ ਵੀ ਖੇਡਦੇ ਮਲੂਮ ਹੋਣ ਤੇ ਖੇਡਦਿਆਂ ਖੇਡਦਿਆਂ ਵੀ ਪੜ੍ਹਦੇ ਮਲੂਮ ਹੋਣ। ਖੇਡ ਤੇ ਪੜ੍ਹਾਈ ਉਨ੍ਹਾਂ ਦੀ ਜ਼ਿੰਦਗੀ ਦੇ ਦੋ ਐਸੇ ਪਹਿਲੂ ਹਨ ਜੋ ਨਿਖੇੜੇ ਨਹੀਂ ਜਾ ਸਕਦੇ; ਉਹ ਖੇਡਾਂ ਰਾਹੀਂ ਹੀ ਪੜ੍ਹਦੇ ਲਿਖਦੇ ਹਨ। ਸਕੂਲ ਉਨ੍ਹਾਂ ਨੂੰ ਸਿਰਫ਼ ਪੜ੍ਹਨਾ ਲਿਖਨਾ ਸਿਖਾਣ ਵਾਸਤੇ ਨਾ ਹੋਣ, ਸਕੂਲ ਦਾ ਆਦਰਸ਼ ਹੋਵੇ—ਬੱਚਿਆਂ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਪ੍ਰਫੁਲਤ ਹੋਣ ਵਿਚ ਮਦਦ ਕਰਨੀ, ਉਨ੍ਹਾਂ ਨੂੰ ਜ਼ਿੰਦਗੀ ਦੇ ਹਰੇਕ ਪਹਿਲੂ ਤੇ ਵਾਕਫ਼ੀਅਤ ਤੇ ਤਜਰਬਾ ਹਾਸਲ ਕਰਨ ਦਾ ਮੌਕਾ ਦੇਣ, ਉਨ੍ਹਾਂ ਨੂੰ ਸਕੂਲ ਦੀ ਸਾਂਝੀ ਜ਼ਿੰਦਗੀ ਵਿਚ ਜੀਵਨ-ਜਾਚ ਸਿਖਣ ਦਾ ਅਵਸਰ ਦੇਣਾ।

ਪਰ ਐਸੀ ਕਿਸਮ ਦੇ ਸਕੂਲ ਤਾਂ ਹੀ ਚਲ ਸਕਦੇ ਤਨ ਜੇ ਬੱਚੇ ਦੀ ਘਰ ਦੀ ਜ਼ਿੰਦਗੀ ਤੇ ਸਕੂਲ ਦੀ ਜ਼ਿੰਦਗੀ ਇਕੋ ਨਦੀ ਦੇ ਦੋ ਕੰਢਿਆਂ ਵਾਂਗਣ ਹੋਵੇ, ਇਹ ਨਾ ਹੋਵੇ ਕਿ ਬੱਚਾ ਸਕੂਲ ਜਾ ਕੇ ਘਰ ਦਾ ਮੈਂਬਰ

ਹੀ ਨਾ ਰਹੇ–ਬਸ ਦਿਨ ਚੜ੍ਹਿਆ ਤੇ ਭਾਜੜ ਨਾਲ ਤੇ ਹਫੜਾ ਦਫੜੀ ਨਾਲ ਅੱਧ ਪਚੱਧਾ ਖਾ ਪੀ ਕੇ ਦੌੜੇ ਸਕੂਲ, ਸਕੂਲੋਂ ਵਾਪਸ ਆਏ ਤੇ ਮਾਰੋ ਮਾਰ ਸਕੂਲ ਦਾ ਕੰਮ ਮੁਕਾਣ ਦੀ ਕੀਤੀ।ਘਰ ਤੇ ਸਕੂਲ ਦੀ ਜੀਵਨ ਸਿਖਿਆ ਇਕਸਾਰੀ ਹੋਵੇ, ਬੱਚੇ ਦੀ ਜ਼ਿੰਦਗੀ ਵਿਚ ਘਰ ਤੇ ਸਕੂਲ ਦੋਵੇਂ ਇਕੋ ਜਿਹੇ ਸ਼ਖ਼ਸੀਅਤ ਦੇ ਕੇਂਦਰ ਹੋਣ। ਇਹ ਨਾ ਹੋਵੇ ਕਿ ਘਰ ਬੈਠਿਆਂ ਸਕੂਲ ਦਾ ਸਹਿਮ ਜਾਨ ਸੁਕਾਈ ਰੱਖੇ ਤੇ ਸਕੂਲ ਸਿਰਫ਼ ਮਾਪਿਆਂ ਦਾ ਡਰ ਹੀ ਬੈਨ੍ਹ ਕੇ ਬਿਠਾਈ ਰੱਖੇ, ਜੋ ਘਰ ਸਿਖਿਆ ਦਿਤੀ ਜਾਏ। ਉਹ ਸਕੂਲ ਵਾਲੇ ਰਦ ਕਰਨ ਦੀ ਕੋਸ਼ਿਸ਼ ਕਰਨ ਤੇ ਜੋ ਸਕੂਲ ਸਿਖਿਆ ਜਾਏ ਉਸ ਦੇ ਘਰ ਵਾਲੇ ਵੈਰੀ ਬਣ ਜਾਣ। ਬੱਚੇ ਦੀ ਇਕੋ ਸ਼ਖ਼ਸੀਅਤ ਬਨਾਣ ਵਿਚ ਮਦਦ ਕੀਤੀ ਜਾਏ, ਨਾ ਸਕੂਲ ਦੀ ਵਖਰੀ ਸ਼ਖ਼ਸੀਅਤ ਤੇ ਨਾ ਘਰ ਦੀ ਵਖਰੀ ਹੋਵੇ। ਐਸੇ ਮਾਪਿਆਂ ਦੀ ਤੇ ਐਸੀ ਸਕੂਲਾਂ ਦੀ ਬੜੀ ਜ਼ਰੂਰਤ ਹੈ ਜਿਥੇ ਸਕੂਲ ਦੇ ਉਸਤਾਦ ਮਾਪਿਆਂ ਨਾਲ ਸੰਬੰਧ ਪੈਦਾ ਕਰਨ ਤੇ ਰਲ ਕੇ ਬੱਚੇ ਦੀ ਸ਼ਖ਼ਸੀਅਤ ਦੀ ਪ੍ਰਫੁਲਤਾ ਲਈ ਸਾਂਝਾ ਉਪਰਾਲਾ ਕਰਨ।

ਖ਼ੁਦ-ਮੁਖ਼ਤਾਰੀ ਦੀਆਂ ਨੀਹਾਂ

ਬੱਚਾ ਸਾਰੀ ਸ੍ਰਿਸ਼ਟੀ ਦਾ ਮੁਢ ਹੈ। ਬੱਚਾ ਮਨੁਖਤਾ ਦੀ ਨੀਂਹ ਹੈ। ਬੱਚਾ ਘਰ ਵਿਚ ਆਈ ਇਕ ਬੜੀ ਵਡੀ ਸ਼ਖ਼ਸੀਅਤ ਹੈ। ਇਸ ਨੂੰ ਹਰ ਪਹਿਲੂ ਤੋਂ ਪੂਰੀ ਇਜ਼ਤ ਦੇਣੀ ਸਾਡਾ ਫ਼ਰਜ਼ ਹੈ। ਏਸ ਨੂੰ ਛੋਟੀ ਜਹੀ ਚੀਜ਼ ਸਮਝ ਕੇ ਅਣ-ਗਹਿਲੀ ਨਹੀਂ ਕਰਨੀ ਚਾਹੀਦੀ। ਬੱਚੇ ਦੀ ਵੀ ਆਤਮਾ ਹੈ ਤੇ ਉਹ ਆਤਮਾ ਜਿਸ ਤੇ ਸਾਰੀ ਦੁਨੀਆਂ ਦੀ ਉਸਾਰੀ ਹੁੰਦੀ ਹੈ। ਇਹ ਆਤਮਾ ਹੀ ਟੈਗੋਰ ਤੇ ਗਾਂਧੀ ਵਰਗੀਆਂ ਸ਼ਖ਼ਸੀਅਤਾਂ ਪੈਦਾ ਕਰਦੀ ਹੈ। ਏਸ ਛੋਟੇ ਜਹੇ ਬੱਚੇ ਦੀ ਆਤਮਾ ਨੂੰ ਕਿਸੇ ਗੱਲੇ ਠੁਕਰਾ ਦੇਣਾ ਜਾਂ ਝਿੜਕ ਦੇਣਾ ਉਸ ਦੀ ਵਧਣ ਫੁਲਣ ਵਾਲੀ ਰੂਹ ਨੂੰ ਕਤਲ ਕਰਨਾ ਹੈ। ਬੱਚੇ ਦਾ ਪਹਿਲੇ ਤਿੰਨ ਚਾਰ ਸਾਲ ਦਾ ਸਮਾਂ ਮਾਪਿਆਂ ਲਈ ਆਫਤ ਦਾ ਸਮਾਂ ਹੈ, ਪਰ ਜੇ ਠੰਡੇ ਦਿਲ ਨਾਲ ਸੋਚਿਆ ਜਾਏ ਤਾਂ ਇਹ ਸਮਾਂ ਬੱਚੇ ਦੀ ਜ਼ਿੰਦਗੀ ਦਾ ਸਭ ਤੋਂ ਜ਼ਰੂਰੀ ਹਿੱਸਾ ਹੈ। ਜ਼ਿੰਦਗੀ ਦੇ ਪਹਿਲੇ ਚਾਰ ਸਾਲਾਂ ਵਿਚ ਬੱਚਾ ਜੋ ਜੋ ਕੁਝ ਸਿਖਦਾ ਹੈ, ਉਹ ਅਗਲੇ ਪੰਜਾਹ ਸਾਲਾਂ ਵਿਚ ਭੀ ਨਹੀਂ ਸਿਖਦਾ।

ਪਹਿਲੇ ਦਿਨ ਮਾਸ ਦਾ ਲੋਥੜਾ, ਜੋਹੜਾ ਟੁਰ ਫਿਰ ਨਹੀਂ ਸਕਦਾ, ਲੱਤਾਂ ਬਾਹਾਂ ਹਿਲਾ ਨਹੀਂ ਸਕਦਾ, ਬੋਲ ਨਹੀਂ ਸਕਦਾ, ਹਸ ਨਹੀਂ ਸਕਦਾ, ਆਪਣੀਆਂ ਜ਼ਰੂਰਤਾਂ ਦਸ ਨਹੀਂ ਸਕਦਾ, ਸਿਵਾਏ ਰੋਣ ਤੋਂ ਉਸ ਵਿਚ ਕੋਈ ਸਮਰਥਾ ਨਹੀਂ—ਲਤਾਂ ਬਾਹਾਂ ਦੇ ਬਲ ਨਾਲ ਕਿਧਰੇ ਦਾ ਕਿਧਰੇ ਪਹੁੰਚ ਜਾਣ ਵਾਲਾ, ਇਸ਼ਾਰਿਆਂ ਤੇ ਕੁਝ ਆਪਣੀਆਂ ਗੱਲਾਂ ਨਾਲ ਸਾਰਾ ਕੁਝ ਸਮਝਾ ਸਕਣ ਵਾਲਾ, ਹਸਣ ਖੇਡਣ ਤੇ ਸਾਰਿਆਂ ਦਾ ਜੀ ਪਰਚਾਣ ਵਾਲਾ, ਮੂੰਹ ਵਿਚ ਸੋਹਣੀਆਂ ਸੋਹਣੀਆਂ ਚੀਜ਼ਾਂ ਦੇਂਦੀਆਂ, ਲੱਤਾਂ ਬਾਹਾਂ ਵਿਚ ਹਿਲਣ ਜੁਲਣ ਲਈ ਚੁਸਤੀ, ਖਾਣ ਪੀਣ ਲਈ ਦੂਰ ਪਈ ਚੀਜ਼ ਨੂੰ ਫੜ ਲੈਣ ਦਾ ਉਦਮ, ਮਾਂ ਪਿਓ ਨੂੰ ਵਾਜਾਂ ਮਾਰਨ ਤੇ ਹੋਰ ਨਿਕੀਆਂ ਨਿਕੀਆਂ ਗਲਾਂ ਕਰ ਲੈਣ ਲਈ ਜ਼ਬਾਨ।

ਦੋ ਸਾਲਾਂ ਤਕ ਬੱਚਾ ਮਾਪਿਆਂ ਦੇ ਬੰਧਨਾਂ ਤੋਂ ਆਜ਼ਾਦ। ਆਪਣੇ ਆਪ ਭਜ ਦੌੜ ਕੇ ਕਿਧਰੇ ਦਾ ਕਿਧਰੇ ਪਹੁੰਚ ਜਾਂਦਾ ਹੈ, ਦੋ ਤਿੰਨ ਸੌ ਦੇ ਕਰੀਬ ਲਫ਼ਜ਼ ਉਸ ਨੂੰ ਮੋੜ ਤੋੜ ਕੇ ਬੋਲਣੇ ਆਉਂਦੇ ਹਨ, ਲੰਮੇ ਲੰਮੇ ਫ਼ਿਕਰੇ ਬੜੀ ਸਫ਼ਾਈ ਨਾਲ ਤੇ ਵਿਆਕਰਣ ਦੇ ਲਿਹਾਜ਼ ਨਾਲ ਠੀਕ ਬੋਲ ਸਕਦਾ ਹੈ, ਹਸ ਸਕਦਾ ਹੈ, ਮਖ਼ੌਲ ਕਰ ਸਕਦਾ ਹੈ, ਚਲਾਕੀਆਂ ਕਰ ਸਕਦਾ ਹੈ, ਸ਼ਰਾਰਤਾਂ ਕਰ ਕੇ ਖ਼ੁਸ਼ ਹੁੰਦਾ ਹੈ, ਛੋਟੀਆਂ ਛੋਟੀਆਂ ਕਹਾਣੀਆਂ ਬਣਾ ਕੇ ਸੁਣਾ ਸਕਦਾ ਹੈ, ਹਰ ਇਕ ਕੰਮ ਆਪੇ ਕਰ ਲੈਣ ਦੀ ਉਸ ਵਿਚ ਬੜੀ ਜ਼ਬਰਦਸਤ ਤੜਪ ਹੈ, ਹਰ ਇਕ ਗਲ ਨੂੰ ਨਕਲ ਕਰਨ ਦੀ ਉਸ ਵਿਚ ਸਮਰਥਾ ਹੈ, ਬੜੇ ਔਖੇ ਔਖੇ ਕੰਮਾਂ ਨੂੰ ਭੀ ਬੜੀ ਰਫ਼ਤਾਰ ਨਾਲ ਸਿਖਦਾ ਹੈ, ਖਾਣ ਪੀਣ ਵਾਲੀਆਂ ਚੀਜ਼ਾਂ ਵਿਚੋਂ ਪਸੰਦ ਨਾ ਪਸੰਦ ਚੀਜ਼ ਦਸ ਦੇਂਦਾ ਹੈ, ਹਰ ਇਕ ਨਿਕੀ ਨਿਕੀ ਚੀਜ਼ ਬਾਰੇ ਸਵਾਲ ਪੁਛਣ ਲਈ ਉਤਾਵਲਾ ਹੁੰਦਾ ਹੈ। ਨਿਕੇ

ਜਹੇ ਦਿਮਾਗ਼ ਵਿਚ ਬੜੀਆਂ ਪੁਛਾਂ ਨੇ ਜਿਨ੍ਹਾਂ ਦੇ ਜਵਾਬ ਲੈ ਕੇ ਉਹ ਤਜਰਬਾ ਹਾਸਲ ਕਰਨਾ ਚਾਹੁੰਦਾ ਹੈ, ਹਰ ਇਕ ਗਲ ਦੀ ਤਹਿ ਤਕ ਪਹੁੰਚ ਜਾਂਦਾ ਹੈ। ਗ਼ੁੱਸੇ, ਗਿਲੇ, ਝਿੜਕਾਂ, ਨਿਰਾਦਰ, ਠੋਕਰਾਂ, ਪਿਆਰ, ਲਾਡ, ਸਤਿਕਾਰ ਸਭ ਕੁਝ ਸਮਝਦਾ ਹੈ। ਆਪਣੇ ਆਲੇ ਦੁਆਲੇ ਨੂੰ ਇਕ ਬੜੇ ਵਡੇ ਫ਼ਿਲਾਸਫ਼ਰ ਵਾਂਗ ਗਹੁ ਨਾਲ ਦੇਖਦਾ ਹੈ, ਆਪਣੀਆਂ ਪੁਛਾਂ ਰਾਹੀਂ ਹਰ ਇਕ ਚੀਜ਼ ਦਾ ਗਿਆਨ ਹਾਸਲ ਕਰਨਾ ਚਾਹੁੰਦਾ ਹੈ।

ਤਿੰਨਾਂ ਵਰ੍ਹਿਆਂ ਦਾ ਹੋ ਕੇ ਬਿਨਾਂ ਮਾਪਿਆਂ ਦੇ ਸਾਥ ਦੇ ਆਪਣੇ ਸਾਥੀਆਂ ਨਾਲ ਖੇਡ ਆਉਂਦਾ ਹੈ, ਵਡਿਆਂ ਦੇ ਸਾਥ ਨਾਲੋਂ ਬਚਿਆਂ ਦਾ ਸਾਥ ਉਸ ਨੂੰ ਜ਼ਿਆਦਾ ਭਾਉਂਦਾ ਹੈ, ਹਜ਼ਾਰ ਕੁ ਲਫ਼ਜ਼ ਹੇਰਾ ਫੇਰੀ ਨਾਲ ਵਰਤ ਸਕਦਾ ਹੈ, ਕਈ ਗੁੰਝਲਦਾਰ ਤੇ ਔਖੀਆਂ ਖੇਡਾਂ ਖੇਡ ਸਕਦਾ ਹੈ, ਆਪੇ ਖਾ ਪੀ ਸਕਦਾ ਹੈ, ਨਹੌਣ ਧੌਣ ਵਿਚ ਕਾਫ਼ੀ ਮਦਦ ਕਰ ਸਕਦਾ ਹੈ, ਕਪੜੇ ਲਾਹੁਣ ਪਾਣ ਦਾ ਆਪ ਸ਼ੌਕੀਨ ਹੈ, ਬਟਣ ਆਪ ਬੰਦ ਕਰਦਾ ਹੈ, ਤਸਮੇ ਆਪ ਬੰਨ੍ਹਦਾ ਹੈ, ਫੁਲਾਂ ਨੂੰ ਪਾਣੀ ਪਾਂਦਾ ਹੈ, ਸੁਨੇਹੇ ਲੈ ਜਾਂਦਾ ਹੈ ਤੇ ਕੰਮ ਕਰ ਆਉਂਦਾ ਹੈ, ਆਪਣਾ ਤੌਲੀਆ ਰੁਮਾਲ ਆਪ ਧੋ ਸਕਦਾ ਹੈ, ਆਪਣੇ ਕਪੜੇ ਆਪਣੀਆਂ ਕਿਲੀਆਂ ਤੇ ਆਪ ਟੰਗਦਾ ਹੈ, ਆਪਣੀਆਂ ਚੀਜ਼ਾਂ ਆਪ ਸੰਭਾਲਦਾ ਤੇ ਥਾਉਂ ਥਾਈਂ ਰਖਦਾ ਹੈ, ਕਹਾਣੀਆਂ ਲੰਮੀਆਂ ਕਰ ਕੇ ਸੁਣਾਉਂਦਾ ਹੈ।

ਚਾਰ ਸਾਲਾਂ ਦਾ ਬੱਚਾ ਸੋਹਣੀ ਸ਼ਖ਼ਸ਼ੀਅਤ ਵਾਲਾ, ਸੋਹਣੀ ਸੇਹਤ ਵਾਲਾ, ਚਮਕਦਾ ਚੇਹਰਾ, ਸਮਝਦਾਰ ਤਕਣੀ, ਸੁਚੱਜੀਆਂ ਗੱਲਾਂ, ਫੁਟ ਫੁਟ ਪੈਂਦਾ ਫੁਰਤੀਲਾ-ਪਨ, ਉਹ ਹੁਣ ਆਪਣੀ ਬੋਲੀ ਨੂੰ ਚੰਗੀ ਤਰ੍ਹਾਂ ਬੋਲ ਸਕਦਾ ਹੈ, ਆਪਣੀ ਮਾਦਰੀ ਭਾਸ਼ਾ ਦੀ ਗਰਾਮਰ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਚੁਕਾ ਹੈ, ਉਸ ਨੂੰ ਇਸ ਵਕਤ ਤਕ ਤਿੰਨ ਚਾਰ ਹਜ਼ਾਰ ਬਲਕਿ ਜ਼ਿਆਦਾ ਲਫ਼ਜ਼ ਆਉਂਦੇ ਹਨ। ਉਹ ਆਲੇ ਦੁਆਲੇ ਵਿਚ,

ਜਿਥੇ ਜਿਥੇ ਫਿਰਿਆ ਹੈ, ਉਥੋਂ ਦਾ ਸਾਰਾ ਗਿਆਨ ਹਾਸਲ ਕਰ ਚੁਕਾ ਹੈ। ਮਾਪਿਆਂ ਦਾ ਮੁਥਾਜ ਨਹੀਂ ਰਿਹਾ, ਟੱਟੀ ਪਿਸ਼ਾਬ ਬਾਰੇ ਖ਼ੁਦ-ਮੁਖ਼ਤਾਰ ਹੋ ਚੁਕਾ ਹੈ, ਆਪੇ ਨਹਾ ਲੈਂਦਾ ਹੈ; ਆਪੇ ਕਪੜੇ ਬਦਲ ਕੇ ਆਪਣੀ ਮੰਜੀ ਤੇ ਸੌਂ ਜਾਂਦਾ ਹੈ, ਫੁਲਾਂ ਨੂੰ ਪਾਣੀ ਪਾ ਤੇ ਫੁਲਾਂ ਨੂੰ ਫੂਲਦਾਨਾਂ ਵਿਚ ਸਜਾ ਸਕਦਾ ਹੈ, ਆਪਣੀਆਂ ਚੀਜ਼ਾਂ ਦੀ ਆਪ ਸੰਭਾਲ ਕਰ ਸਕਦਾ ਹੈ।

ਕੀ ਅਸਾਂ ਕਦੀ ਸੋਚਿਆ ਹੈ ਕਿ ਇਹ ਸਾਰਾ ਕੁਝ ਬੱਚਾ ਕਿਵੇਂ ਸਿਖ ਗਿਆ ? ਟੁਰਨ, ਫਿਰਨ ਤੇ ਦੌੜਨ ਭਜਣ ਸਿਖਾਣ ਲਈ ਕੀ ਅਸਾਂ ਉਸ ਨੂੰ ਕੋਈ ਮਾਸਟਰ ਲਾ ਦਿਤਾ ਸੀ ? ਏਨੇ ਥੋੜੇ ਚਿਰ ਵਿਚ ਆਪਣੀ ਬੋਲੀ ਤੇ ਕਾਬੂ ਉਸ ਨੇ ਕਿਵੇਂ ਪਾ ਲਿਆ ਹੈ ? ਕੀ ਤੁਸਾਂ ਜਾਂ ਕਿਸੇ ਉਸਤਾਦ ਨੇ ਉਸ ਨੂੰ ਇਹ ਸਾਰੀ ਬੋਲੀ ਸਿਖਾਈ ਹੈ ? ਕੋਈ ਮੁਸ਼ਕਲ ਤੋਂ ਮੁਸ਼ਕਲ ਬੋਲੀ ਹੋਵੇ, ਬੱਚਾ ਓਸੇ ਰਫਤਾਰ ਨਾਲ, ਓਸੇ ਅਸਾਨੀ ਨਾਲ ਸਿਖ ਜਾਂਦਾ ਹੈ। ਇਕ ਓਪਰੀ ਬੋਲੀ ਸਿਖਣ ਲਈ ਅਸੀ ਪੰਦਰਾਂ ਵਰ੍ਹੇ ਵੀ ਉਸਤਾਦਾਂ ਕੋਲੋਂ ਪੜ੍ਹ ਸਿਖ ਲਈਏ ਤਾਂ ਵੀ ਉਸ ਬੋਲੀ ਵਿਚ ਪਲੇ ਚਾਰ ਸਾਲ ਦੇ ਬੱਚੇ ਜਿੰਨਾ ਵਹਿਣ ਸਾਡੀ ਬੋਲੀ ਵਿਚ ਨਹੀਂ ਆ ਸਕਦਾ, ਅਸੀ ਉਸ ਸਾਹਮਣੇ ਬੋਲਣੋਂ ਝਿਜਕਦੇ ਹਾਂ।

ਬੱਚੇ ਦੀ ਜ਼ਿੰਦਗੀ ਦੇ ਪਹਿਲੇ ਛੇ ਸਾਲ ਬੜੇ ਕੀਮਤੀ ਤੇ ਜ਼ਰੂਰੀ ਹਨ। ਮੈਡਮ ਮਾਂਟੇਸੋਰੀ ਨੇ ਇਨ੍ਹਾਂ ਸਾਲਾਂ ਨੂੰ ਬੜੀ ਮਹਾਨਤਾ ਦਿਤੀ ਹੈ। ਉਸ ਨੇ ਇਨ੍ਹਾਂ ਸਾਲਾਂ ਨੂੰ ਦੋਹ ਹਿਸਿਆਂ ਵਿਚ ਵੰਡਿਆ ਹੈ; ੦-੩ ਤੇ ੩-੬। ਪਹਿਲੇ ਤਿੰਨਾਂ ਸਾਲਾਂ ਵਿਚ ਬੱਚਾ ਹਰ ਚੀਜ਼ ਬਾਰੇ ਗਿਆਨ ਹਾਸਲ ਕਰਨਾ ਚਾਹੁੰਦਾ ਹੈ। ਇਕ ਇਕ ਚੀਜ਼ ਬਾਰੇ ਪੰਜਾਹ ਪੰਜਾਹ ਸਵਾਲ ਪੁਛੇਗਾ, ਨਿਕੀ ਨਿਕੀ ਚੀਜ਼ ਨੂੰ ਬੜੇ ਗਹੁ ਨਾਲ ਦੇਖੇਗਾ, ਨਿਤ ਨਵੀਆਂ ਗੱਲਾਂ ਸਿਖੇਗਾ। ਅਸੀ ਸ਼ੁਰੂ ਤੋਂ ਵੇਖਦੇ ਹਾਂ ਬੱਚਾ ਕਿਸ ਤਰ੍ਹਾਂ

ਤਿੰਨਾਂ ਚਹੁੰ ਮਹੀਨਿਆਂ ਦਾ ਹੀ ਹੁੰਦਾ ਹੈ, ਜਦੋਂ ਸਾਡੀਆਂ ਗੱਲਾਂ ਵਿਚ ਬੜੀ ਦਿਲਚਸਪੀ ਲੈਂਦਾ ਹੈ, ਅਸੀ ਗੱਲਾਂ ਕਰਦੇ ਹਾਂ ਤਾਂ ਉਹ ਹਸੇਗਾ, ਟਪੇਗਾ, ਮੂੰਹ ਉਸ ਤਰ੍ਹਾਂ ਬਣਾਏਗਾ, ਅਗੋਂ 'ਉਗੂੰ' ਕਹੇਗਾ। ਅਠਾਂ ਮਹੀਨਿਆਂ ਦਾ ਹੁੰਦਾ ਹੈ ਤਾਂ ਸੌਖੇ ਸੌਖੇ ਦੋ ਅਖਰਾਂ ਦੇ ਸ਼ਬਦ ਕਹਿ ਸਕੇਗਾ – "ਭਾਪਾ, ਬਾਬਾ" ਆਦਿ। ਸਾਲ ਦਾ ਹੋ ਕੇ ਹੋਰ ਜ਼ਿਆਦਾ ਸਿਖ ਜਾਏਗਾ। ਇਕ ਸਾਲ ਤੋਂ ਦੂਜੇ ਸਾਲ ਤਕ ਬਚਾ ਬੋਲੀ ਨੂੰ ਗ੍ਰਹਿਣ ਕਰੀ ਜਾਂਦਾ ਹੈ, ਹਰ ਇਕ ਚੀਜ਼ ਬਾਰੇ ਵਾਕਫ਼ੀਅਤ ਚਾਹੁੰਦਾ ਹੈ। ਹਰ ਇਕ ਚੀਜ਼ ਬਾਰੇ ਪੁਛੇਗਾ। ਤੁਹਾਡਾ ਇਹ ਆਖਣਾ ਕੋਈ ਮਹਿਣੇ ਨਹੀਂ ਰਖਦਾ ਕਿ ਸਾਨੂੰ ਬੱਚੇ ਨੂੰ ਵਕਤ ਦੇਣ ਦੀ ਫ਼ੁਰਸਤ ਨਹੀਂ। ਜੇ ਤੁਹਾਡੇ ਪਾਸ ਫ਼ੁਰਸਤ ਨਹੀਂ ਤਾਂ ਬੱਚਾ ਪੈਦਾ ਕਰਨ ਲਈ ਤੁਸੀ ਐਖੇ ਕਿਉਂ ਹੋਏ ਹੋ ? ਬੱਚੇ ਨੂੰ ਮਾਂ ਤੇ ਪਿਓ ਵਲੋਂ ਕਾਫ਼ੀ ਸਮਾਂ ਮਿਲਣਾ ਚਾਹੀਦਾ ਹੈ, ਜਦੋਂ ਬੱਚੇ ਦੀ ਹਰ ਪੁਛ ਦਾ ਜਵਾਬ ਦਿਤਾ ਜਾਏ। ਬੱਚਾ ਇਕ ਗਲ ਨੂੰ ਚਾਲੀ ਵਾਰੀ ਦੁਹਰਾਏ ਤਾਂ ਭੀ ਘਬਰਾਓ ਨਾ, ਬੜੇ ਹੌਸਲੇ ਤੇ ਠਰੰਮੇ ਨਾਲ ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦਿਓ। ਬਿਨਾਂ ਪੁਛਿਆਂ ਹਰ ਇਕ ਨਿਕੀ ਨਿਕੀ ਗਲ ਬਾਰੇ ਬੱਚੇ ਨੂੰ ਸੌਖੀ ਬੋਲੀ ਵਿਚ ਵਾਕਫ਼ੀਅਤ ਦਿਓ। ਬੱਚੇ ਨੂੰ ਬੇਸਮਝ ਨਾ ਸਮਝੋ। ਜੇ ਅਜੇ ਉਸ ਦੀ ਜ਼ਬਾਨ ਨਹੀਂ ਤਾਂ ਦਿਮਾਗ਼ ਤਾਂ ਹੈ। ਐਸੇ ਸਮੇਂ ਬੱਚੇ ਦੇ ਅੰਦਰ ਏਨੀ ਜ਼ਬਰਦਸਤ ਭੁਖ ਹੈ ਕਿ ਜੋ ਪਾਓ ਪਾਈ ਜਾਏਗਾ। ਦੋ ਸਾਲਾਂ ਬਾਅਦ ਬੱਚੇ ਦੀ ਬੋਲੀ ਵਿਚ ਹੜ੍ਹ ਆ ਜਾਏਗਾ, ਤੁਸੀਂ ਹੈਰਾਨ ਹੋਵੋਗੇ ਕਿ ਬੱਚੇ ਨੇ ਸੁਤੇ ਸਿਧੇ ਇਹ ਸਾਰਾ ਕੁਝ ਕਿਵੇਂ ਸਿਖ ਲਿਆ। ਤੀਸਰੇ ਸਾਲ ਵਿਚ ਬੱਚਾ ਤੁਹਾਨੂੰ ਹੋਰ ਗੁੰਝਲਦਾਰ ਸਵਾਲ ਪੁਛੇਗਾ। ਅਗੇ ਤੁਸੀਂ ਆਪ ਦਸਦੇ ਸੋ, ਹੁਣ ਬੱਚਾ ਵਾਜਾਂ ਮਾਰ ਮਾਰ ਕੇ ਤੁਹਾਡਾ ਧਿਆਨ ਆਪਣੇ ਵਲ ਖਿਚੇਗਾ। ਜੇ ਤੁਸੀਂ ਉਸ ਦੀਆਂ ਪੁਛਾਂ ਦਾ ਜਵਾਬ

ਨਾ ਦਿਓਗੇ ਉਹ ਖਿਝ ਪਵੇਗਾ, ਨਿਰਾਸ ਹੋ ਕੇ ਰੋਣ ਲਗ ਪਵੇਗਾ। ਏਹੋ ਜਹੇ ਮੌਕੇ ਬੱਚੇ ਦੀ ਜ਼ਿੰਦਗੀ ਵਿਚ ਬੜੇ ਘਟ ਆਉਣ ਦਿਓ। ਕਈ ਪੁਛਾਂ ਦਾ ਜਵਾਬ ਤੁਹਾਨੂੰ ਨਹੀਂ ਆਵੇਗਾ, ਬੱਚੇ ਨੂੰ ਟਾਲ ਨਾ ਛਡੋ, ਆਪਣੀ ਵਾਕਫ਼ੀਅਤ ਵਧਾ ਕੇ ਉਸ ਨੂੰ ਦਸੋ। ਉਸ ਦੀ ਇਸ ਅੰਦਰਲੀ ਭੁਖ ਨੂੰ ਬਿਨਾਂ ਖੁਰਾਕੋਂ ਹੀ ਨਾ ਮਰ ਜਾਣ ਦਿਓ। ਦੇਖਣਾ, ਕਿਧਰੇ ਤੁਹਾਡੇ ਤੰਗ ਆ ਜਾਣ ਨਾਲ ਇਸ ਲਹਿਰਾਂ ਦੇ ਬੂਟੇ ਦੇ ਪੱਤਰ ਪੀਲੇ ਨਾ ਪੈ ਜਾਣ,ਇਸ ਵਿਚ ਪੂਰੇ ਯਤਨ ਨਾਲ ਭਲ ਪਾਓ, ਰੂੜੀ ਪਾਓ, ਗੋਡੀ ਕਰੋ, ਬਾਕਾਇਦਾ ਪਾਣੀ ਦਿਓ। ਇਨ੍ਹਾਂ ਤਿੰਨਾਂ ਸਾਲਾਂ ਵਿਚ ਸਿਖੀ ਬੋਲੀ ਨੂੰ ਬੱਚਾ ਅਗਲੇ ਤਿੰਨਾਂ ਸਾਲਾਂ ਵਿਚ ਮੁਕੰਮਲ ਕਰੇਗਾ, ਪਾਲਿਸ਼ ਕਰੇਗਾ, ਇਸ ਵਿਚ ਵਾਧਾ ਕਰੇਗਾ।

ਇਸੇ ਤਰ੍ਹਾਂ ਟੁਰਨ ਫਿਰਨ ਬਾਰੇ ਦੇਖੋ ਬੱਚਾ ਅਜੇ ਤਿੰਨਾਂ ਕੁ ਮਹੀਨਿਆਂ ਦਾ ਹੀ ਹੁੰਦਾ ਹੈ, ਜਦੋਂ ਲੱਤਾਂ ਬਾਹਾਂ ਮਾਰਦਾ ਹੈ। ਕੋਈ ਚੀਜ਼ ਸਾਹਮਣੇ ਕਰੋ ਬਾਹਾਂ ਲਤਾਂ ਮਾਰੇਗਾ, ਉਸ ਨੂੰ ਫੜਨ ਦੀ ਕੋਸ਼ਸ਼ ਕਰੇਗਾ, ਆਪਣੇ ਪਠਿਆਂ ਤੇ ਕਾਬੂ ਨਾ ਹੋਣ ਕਰਕੇ ਉਸ ਦਾ ਨਿਸ਼ਾਨਾ ਠੀਕ ਨਹੀਂ ਬੈਠੇਗਾ। ਛੇ ਕੁ ਮਹੀਨਿਆਂ ਦਾ ਹੁੰਦਾ ਹੈ ਤਾਂ ਕਿਸੇ ਦਿਲਖਿਚਵੀਂ ਚੀਜ਼ ਲਈ ਲੰਮਾ ਪਿਆ ਹੀ ਘਸੀਟ ਘਸੀਟ ਕੇ ਉਥੇ ਜਾ ਪਹੁੰਚੇਗਾ। ਇਹ ਗਲਾਂ ਬੱਚੇ ਨੂੰ ਕੋਈ ਸਿਖਾਂਦਾ ਨਹੀਂ, ਇਹ ਉਸ ਦੇ ਅੰਦਰਲੇ ਦੀ ਤੜਪ ਹੈ ਜੋ ਸਭ ਕੁਝ ਕਰਾਂਦੀ ਹੈ। ਤੁਸੀਂ ਉਸ ਦੇ ਰਸਤੇ ਵਿਚ ਰੁਕਾਵਟ ਨਾ ਸਾਬਤ ਹੋਵੋ, ਉਸ ਲਈ ਵਸੀਲੇ ਪੈਦਾ ਕਰੋ। ਜ਼ਮੀਨ ਤੇ ਗਦੇ ਵਿਛਾ ਕੇ ਲੰਮੀ ਚੌੜੀ ਥਾਂ ਬਣਾ ਦਿਓ, ਕਈ ਤਰ੍ਹਾਂ ਦੇ ਰੰਗਾਂ ਰੰਗਾਂ ਦੇ ਸੈਲੋਲਾਈਡ ਦੇ ਖਿਡੌਣੇ ਖਲੇਰ ਦਿਓ, ਉਸਦੇ ਕਮਰੇ ਵਿਚ ਤੇ ਉਸ ਦੀ ਮੰਜੀ ਦੇ ਦਵਾਲੇ ਰੰਗ ਬਰੰਗੇ ਰਿਬਨ ਟੰਗ ਦਿਓ, ਸੋਹਣੇ ਸੋਹਣੇ ਫੁਲਾਂ ਦੇ ਗੁਲਦਸਤੇ ਰਖ ਦਿਓ। ਉਸਦੇ ਕਮਰੇ ਦਾ ਫ਼ਰਨੀਚਰ ਸੋਹਣੇ ਰੰਗਾਂ ਦਾ

ਤੇ ਚਮਕਦਾਰ ਹੋਵੇ, ਰਾਤ ਵੇਲੇ ਉਸ ਦੇ ਕਮਰੇ ਵਿਚ ਸਾਵੀ ਜਾਂ ਨੀਲ ਰੋਸ਼ਨੀ ਹੋਵੇ, ਬੱਚੇ ਦੀਆਂ ਅਖਾਂ ਨਾ ਖ਼ਰਾਬ ਕਰ ਸਕੇ। ਇਹ ਹਨ ਛੋਟੇ ਬੱਚੇ ਦੇ ਆਹਰ, ਜਿਨ੍ਹਾਂ ਨਾਲ ਬੱਚੇ ਦੀ ਪਰਫੁਲਤਾ ਵਿਚ ਵਾਧਾ ਹੁੰਦਾ ਹੈ। ਬੱਚੇ ਤੇ ਕੰਨ ਬੜੇ ਤੇਜ਼ ਹੁੰਦੇ ਹਨ, ਜ਼ਰਾ ਜਿੰਨੀ ਆਵਾਜ਼ ਆਉਣ ਨਾਲ ਝਟ ਪਾਸਾ ਪਰਤ ਲਏਗਾ। ਉਸ ਨੂੰ ਛਣਕਣ ਵਾਲੇ, ਰੰਗ ਬਰੰਗੇ ਛਣਕਣੇ ਤੇ ਹੋਰ ਖਿਡੌਣੇ ਦਿਓ। ਦੰਦੀਆਂ ਕਢਣ ਸਮੇਂ ਬਚੇ ਨੂੰ ਦੰਦ ਖੰਡ ਦੀ ਮਾਲਾ, ਛਲ ਤੇ ਰਬੜ ਦੇ ਖਿਡੌਣੇ ਦੀ ਜ਼ਰੂਰਤ ਹੈ। ਇਹ ਸਾਰਾ ਕੁਝ ਮੁਹੱਈਆ ਕਰਨਾ ਤੁਹਾਡਾ ਫ਼ਰਜ਼ ਹੈ, ਇਹਨਾਂ ਦੇ ਤੋੜਨ, ਭੰਨਣ, ਖ਼ਰਾਬ ਕਰਨ ਨਾਲ ਬਚੇ ਨੂੰ ਗੁਸੇ ਹੋਣ ਦਾ ਜਾਂ ਝਿੜਕ ਦੇਣ ਦਾ ਤੁਹਾਡਾ ਕੋਈ ਹੱਕ ਨਹੀਂ। ਛੋਟਾ ਬੱਚਾ ਬੜੀਆਂ ਖੇਡਾਂ ਖੇਡਦਾ ਹੈ, ਉਸ ਵਿਚ ਦਿਲਚਸਪੀ ਲਓ, ਉਸਨੂੰ ਖਿਡਾਓ। ਇਕੋ ਖੇਡ ਨੂੰ ਬਾਰ ਬਾਰ ਖੇਡਨਾ, ਇਕੋ ਸਵਾਲ ਬਾਰ ਬਾਰ ਪੁਛਣਾ ਬੱਚੇ ਦੀ ਜ਼ਿੰਦਗੀ ਦਾ ਜ਼ਰੂਰੀ ਅੰਗ ਹੈ, ਇਸ ਤੋਂ ਅੱਕੋ ਨਾ, ਕਾਹਲੇ ਨਾ ਪਵੋ। ਚਾਲੀ ਵਾਰੀ ਬੱਚਾ ਖਿਡੌਣਾ ਸੁਟੇਗਾ, ਤੁਸੀਂ ਫੜਾਈ ਜਾਓ। ਜੇ ਐਨੀ ਵਾਰੀ ਫੜਾ ਕੇ ਤੁਸਾਂ ਇਕ ਵਾਰੀ ਵੀ ਨਾਂਹ ਕਰ ਦਿਤੀ ਤਾਂ ਉਸ ਦਾ ਖਿੜਿਆ ਚੇਹਰਾ ਮੁਰਝਾ ਜਾਏਗਾ, ਉਸ ਦੇ ਛੋਟੇ ਜਹੇ ਦਿਲ ਦੀ ਖ਼ੁਸ਼ੀ ਟੁਟੇ ਗਜਰੇ ਵਾਂਗ ਚੂਰਾ ਚੂਰਾ ਹੋ ਜਾਏਗੀ, ਜਿਸ ਨੂੰ ਮੁੜ ਸੁਰਜੀਤ ਕਰਨਾ ਨਾਮੁਮਕਿਨ ਹੈ।

ਬੱਚਾ ਰਿੜ੍ਹਨਾ ਸਿਖੇਗਾ, ਘਰ ਦੇ ਕੋਨੇ ਕੋਨੇ ਵਿਚ ਪਹੁੰਚੇਗਾ, ਮਾਂ ਆਵਾਜ਼ ਮਾਰੇਗੀ ਤਾਂ ਆਵਾਜ਼ ਦੀ ਸੇਧੇ ਜਾ ਕੇ ਮਾਂ ਨੂੰ ਲਭ ਕੇ ਖ਼ੁਸ਼ ਹੋਏਗਾ। ਉਸ ਨੂੰ ਖੁਲ੍ਹਾ ਫਿਰਨ ਦੀ ਛੁਟੀ ਦਿਓ, ਉਸ ਦਾ ਰਸਤਾ ਸਾਫ਼ ਰਖੋ ਤਾਂ ਕਿ ਰਸਤੇ ਵਿਚ ਪਈਆਂ ਚੀਜ਼ਾਂ ਨਾਲ ਅੜ ਕੇ ਮੂੰਹ ਮੱਥਾ ਨਾ ਫਟ ਲਵੇ। ਗੰਦੀਆਂ ਮੰਦੀਆਂ ਚੀਜ਼ਾਂ ਉਸ ਦੇ ਰਸਤੇ ਵਿਚ ਨਾ ਹੋਣ,

ਜਿਨ੍ਹਾਂ ਨੂੰ ਉਹ ਮੂੰਹ ਵਿਚ ਪਾ ਲਵੇ। ਟੁਟਣ ਭੱਜਣ ਵਾਲੀਆਂ ਚੀਜ਼ਾਂ ਉਸ ਦੀ ਪਹੁੰਚ ਵਿਚ ਨਾ ਰਖੋ,ਜਿਨ੍ਹਾਂ ਬਦਲੇ ਤੁਹਾਨੂੰ ਬੱਚੇ ਨੂੰ ਝਿੜਕਣਾ ਪਵੇ। ਇਸ ਉਮਰ ਤੇ ਬੱਚੇ ਦਾ ਰਿੜ੍ਹਨਾ ਹੀ ਆਹਰ ਹੈ, ਇਹ ਹੀ ਉਸ ਦੀ ਖੇਡ ਹੈ, ਇਹ ਉਸ ਦੀ ਵਰਜ਼ਿਸ਼ ਹੈ।

ਬੱਚਾ ਕਦਮ ਪੁਟਦਾ ਹੈ, ਟੁਰਨਾ ਸਿਖਦਾ ਹੈ, ਉਸ ਦੀ ਹਰ ਵਕਤ ਟੁਰਨ ਦੀ ਖ਼ਾਹਿਸ਼ ਹੈ, ਕਦਮ ਕਦਮ ਤੇ ਡਿਗੇਗਾ। ਹਜ਼ਾਰ ਵਾਰੀ ਡਿਗਣ ਨਾਲ ਵੀ ਉਸਦੀ ਰੀਝ ਨੂੰ ਕੋਈ ਠੇਸ ਨਹੀਂ ਪਹੁੰਚਦੀ। ਉਹ ਓਸੇ ਰੀਝ ਤੇ ਤੜਪ ਨਾਲ ਫੇਰ ਉਠਕੇ ਟੁਰੇਗਾ, ਇਸ ਵਕਤ ਟੁਰਨਾ ਹੀ ਉਸਦਾ ਆਹਰ ਹੈ। ਜਿੰਨਾ ਹੋ ਸਕੇ ਟੁਰਨ ਲਈ ਥਾਂ ਤੇ ਸਾਥ ਮੁਹੱਈਆ ਕਰੋ, ਉਸ ਨੂੰ ਜਕੜ ਕੇ ਗੋਡੇ ਮੁਢ ਨਾ ਬਿਠਾ ਛਡੋ, ਛਣਕਣੇ ਨਾਲ ਖੇਡਣਾ ਉਸ ਲਈ ਕੋਈ ਦਿਲਚਸਪੀ ਨਹੀਂ ਰਖਦਾ, ਕਮਰੇ ਵਿਚ ਡਕ ਕੇ ਉਸਨੂੰ ਕੈਦ ਨਾ ਕਰੋ, ਉਸ ਨੂੰ ਖੁਲ੍ਹੀਆਂ ਉਡਾਰੀਆਂ ਲਾਣ ਦਿਓ। ਸਰਦੀ ਗਰਮੀ ਤੋਂ ਹਿਫ਼ਾਜ਼ਤ ਰਖਣੀ ਤੁਹਾਡਾ ਫ਼ਰਜ਼ ਹੈ, ਆਪਣੇ ਸੁਖ ਆਰਾਮ ਦੀ ਖ਼ਾਤਰ ਉਸ ਦੀਆਂ ਰੀਝਾਂ ਨੂੰ ਕੁਚਲਣਾ ਤੁਹਾਡਾ ਹਕ ਨਹੀਂ।

ਡੇਢ ਦੋ ਸਾਲ ਦੇ ਬੱਚੇ ਦੀ ਲੰਮੀ ਸੈਰ ਕਰਨ ਦੀ ਖ਼ਾਹਿਸ਼ ਹੈ। ਬੱਚੇ ਨੂੰ ਸੈਰ ਕਰਾਣ ਲਗਿਆਂ ਤੁਹਾਡਾ ਇਹ ਮੁਖ ਮੰਤਵ ਹੋਣਾ ਚਾਹੀਦਾ ਹੈ, ਤੁਸੀਂ ਬੱਚੇ ਨੂੰ ਆਪਣੇ ਨਾਲ ਸੈਰ ਕਰਨ ਨਾ ਲਿਜਾਓ, ਬਲਕਿ ਤੁਸੀਂ ਬੱਚੇ ਦੇ ਨਾਲ ਸੈਰ ਕਰਨ ਜਾਓ। ਤੁਸਾਂ ਸੈਰ ਕਰਨੀ ਹੈ ਤਾਂ ਇਕੱਲੇ ਕਰ ਆਓ, ਬੱਚੇ ਨੂੰ ਨਾਲ ਲਿਜਾਣ ਦੀ ਜ਼ਰੂਰਤ ਨਹੀਂ। ਬੱਚਾ ਇਕ ਦੋ ਮੀਲ ਭੀ ਸੈਰ ਕਰ ਸਕਦਾ ਹੈ, ਪਰ ਬੱਚੇ ਦੀ ਸੈਰ ਕਿਸ ਤਰ੍ਹਾਂ ਦੀ ਹੋਵੇਗੀ। ਅਸੀ ਚਾਹੁੰਦੇ ਹਾਂ ਕਿ ਜਿੰਨੀ ਜਲਦੀ ਹੋ ਸਕੇ ਅਸੀਂ ਆਪਣੀ ਮੰਜ਼ਲੇ-ਮਕਸੂਦ ਤੇ ਪਹੁੰਚ ਜਾਈਏ, ਅਸੀਂ ਚਾਹੁੰਦੇ ਹਾਂ ਬੱਚਾ ਵੀ ਸਾਡੇ

ਨਾਲ ਤੇਜ਼ ਟੁਰੇ। ਨਿਕੀਆਂ ਨਿਕੀਆਂ ਲੱਤਾਂ ਤੇ ਛੋਟੇ ਛੋਟੇ ਕਦਮਾਂ ਤੋਂ ਅਸੀਂ ਅਸੰਭਵ ਗੱਲਾਂ ਦੀ ਆਸ ਰਖਦੇ ਹਾਂ। ਬੱਚੇ ਨੇ ਆਪਣੇ ਆਪ ਦੀ ਪਰਫੁਲਤਾ ਲਈ ਆਪ ਹੀ ਕਾਨੂੰਨ ਬਣਾਏ ਹੋਏ ਨੇ, ਤੁਹਾਡੇ ਘੜੇ ਕਾਨੂੰਨਾਂ ਤੇ ਉਹ ਨਹੀਂ ਚਲ ਸਕਦਾ, ਬੱਚਾ ਆਪਣੀਆਂ ਅੱਖਾਂ ਤੇ ਲੱਤਾਂ ਦੋਹਾਂ ਨਾਲ ਸੈਰ ਕਰਦਾ ਹੈ, ਆਪਣੇ ਆਲੇ ਦੁਆਲੇ ਦੇ ਨਜ਼ਾਰੇ ਤੇ ਪੁਛਾਂ ਹੀ ਉਸ ਨੂੰ ਅਗੇ ਲਈ ਜਾਂਦੀਆਂ ਹਨ। ਸੈਰ ਕਰਨ ਟੁਰਦਾ ਹੈ, ਖੁਡਾਂ ਦਿਸ ਪੈਂਦੀਆਂ ਹਨ, ਪੁਛੇਗਾ ਇਹ ਕੀ ਹੈ, ਬੜੇ ਆਰਾਮ ਨਾਲ ਦਸੋ। ਅਗੇ ਜਾਏਗਾ, ਦੋ ਕੁਤੇ ਖੇਡਦੇ ਦਿਸ ਪੈਣਗੇ, ਓਥੇ ਖਲੋਕੇ ਵੇਖਣ ਲਗ ਪਏਗਾ ਤੇ ਉਨ੍ਹਾਂ ਬਾਰੇ ਕਈ ਸਵਾਲ ਪੁਛੇਗਾ, ਪੂਰੀ ਤਸੱਲੀ ਹੋ ਜਾਣ ਤੇ ਅਗੇ ਟੁਰੇਗਾ। ਥੋਹੜੇ ਕਦਮਾਂ ਤੇ ਚਾਰ ਪੰਜ ਬੱਚੇ ਖੇਡਦੇ ਦਿਸ ਪੈਂਦੇ ਹਨ, ਉਥੇ ਹੀ ਕਿੰਨਾ ਚਿਰ ਲਗਾ ਰਹੇਗਾ। ਅਗੇ ਕੋਈ ਦਰਖ਼ਤ ਦਿਸ ਪਵੇਗਾ, ਓਸੇ ਤੇ ਚੜ੍ਹਨ ਲਗ ਪਵੇਗਾ, ਰਸਤੇ ਵਿਚ ਆਏ ਫੁਲ ਬੂਟਿਆਂ ਬਾਰੇ ਪੁਛ ਪੁਛ ਕੇ ਵਾਕ-ਫ਼ੀਅਤ ਹਾਸਲ ਕਰੇਗਾ। ਅੱਗੇ ਪਾਣੀ ਆ ਜਾਂਦਾ ਹੈ, ਖ਼ੁਸ਼ੀ ਨਾਲ ਉਛਲ ਪਵੇਗਾ, ''ਬੀ ਜੀ ਪਾਣੀ'', ਵਿਚ ਰੋੜੇ ਸੁਟਣ ਲਗ ਪਵੇਗਾ। ਇਸ ਤਰ੍ਹਾਂ ਘੰਟੇ ਡੇਢ ਘੰਟੇ ਵਿਚ ਦੋ ਤਿੰਨ ਫ਼ਰਲਾਂਗ ਸੈਰ ਕਰ ਆਵੇਗਾ। ਏਸ ਸਮੇਂ ਨੂੰ ਵਿਅਰਥ ਗਿਆ ਨਾ ਸਮਝੋ, ਇਹ ਬੱਚੇ ਦੀ ਤਾਲੀਮ ਦਾ ਇਕ ਜ਼ਰੂਰੀ ਅੰਗ ਹੈ। ਬੱਚੇ ਦਾ ਕੋਈ ਕੰਮ ਕਰਨ ਲਗਿਆਂ ਕਾਹਲਾਪਣ ਨਾ ਵਿਖਾਓ, ਸ਼ਾਂਤੀ ਤੇ ਠਰ੍ਹੰਮੇ ਤੋਂ ਕੰਮ ਲਓ, ਸਾਲ ਦੋ ਸਾਲ ਬਾਅਦ ਬੱਚਾ ਖ਼ੁਦ ਮੁਖ਼ਤਾਰ ਹੋ ਜਾਏਗਾ, ਤੁਹਾਨੂੰ ਸੈਰ ਕਰਾਣ ਦੀ ਲੋੜ ਨਹੀਂ ਰਹਿਣ ਲਗੀ, ਉਹ ਆਪਣੇ ਆਪ ਸਭ ਕੁਝ ਕਰ ਲਵੇਗਾ। ਅਸੀਂ ਆਪਣੇ ਸੁਖ ਆਰਾਮ ਦੀ ਖ਼ਾਤਰ ਬੱਚੇ ਗੋਡੀ (ਪਰੈਮ) ਵਿਚ ਬਿਠਾ ਲੈਂਦੇ ਹਾਂ ਜਾਂ ਚੁਕ ਲੈਂਦੇ ਹਾਂ, ਪਰ ਬੱਚੇ ਦੀਆਂ

ਰੀਝਾਂ ਦੇ ਟੋਟੇ ਕਰਕੇ।

ਪਹਿਲੇ ਕੁਝ ਸਾਲ ਬੱਚੇ ਦੀਆਂ ਸਭ ਖ਼ਾਹਿਸ਼ਾਂ ਅਚੇਤ ਮਨ ਵਿਚੋਂ ਨਿਕਲਦੀਆਂ ਹਨ। ਸਭ ਤਜਰਬੇ, ਵੇਖੇ ਨਜ਼ਾਰੇ, ਆਲੇ ਦੁਆਲੇ ਦਾ ਤਜਰਬਾ, ਦੁਖਦਾਇਕ ਤੇ ਖ਼ੁਸ਼ੀ ਭਰੇ ਮੌਕੇ ਸਭ ਉਸ ਦੇ ਅਚੇਤ ਮਨ ਤੇ ਸਮਾਏ ਰਹਿੰਦੇ ਹਨ ਤੇ ਬੱਚਾ ਕੁਝ ਅਚੇਤ ਮਨ ਰਾਹੀਂ ਕਰਨਾ ਸ਼ੁਰੂ ਕਰਦਾ ਹੈ।

ਜਦੋਂ ਬੱਚਾ ਤਿੰਨ ਸਾਲਾਂ ਦਾ ਹੋ ਜਾਂਦਾ ਹੈ ਤਾਂ ਇਸਤਰ੍ਹਾਂ ਲਗਦਾ ਹੈ, ਜਿਵੇਂ ਉਸ ਨੇ ਨਵੀਂ ਜ਼ਿੰਦਗੀ ਵਿਚ ਕਦਮ ਰਖਿਆ ਹੈ, ਸਭ ਕੁਝ ਸੁਚੇਤ ਮਨ ਦੁਆਰਾ ਤੇ ਯਾਦਾਸ਼ਤ ਨਾਲ ਸ਼ੁਰੂ ਕਰਦਾ ਹੈ।

ਆਓ ਜ਼ਰਾ ਬੱਚੇ ਦੇ ਮਨ ਨੂੰ ਸਮਝਣ ਦੀ ਕੋਸ਼ਿਸ਼ ਕਰੀਏ – ਜਨਮ ਤੋਂ ਲੈ ਕੇ ਤੁਹਾਡਾ ਬੱਚਾ ਪਰ ਅਧੀਨ ਹੈ, ਉਹ ਹਰ ਤਰ੍ਹਾਂ ਤੁਹਾਡੇ ਵਸ ਹੈ। ਸ਼ੁਰੂ ਵਿਚ ਉਹ ਪਾਸਾ ਵੀ ਨਹੀਂ ਸੀ ਆਪ ਪਰਤ ਸਕਦਾ, ਉਠ ਕੇ ਆਪਣੀ ਮੰਜੀ ਤੇ ਬੈਠ ਨਹੀਂ ਸੀ ਸਕਦਾ,ਤੁਸਾਂ ਦੇਖਿਆ ਹੋਵੇਗਾ ਕਿ ਜਦੋਂ ਉਹ ਆਪ ਬੈਠਣ ਜੋਗਾ ਹੋਇਆ ਜਾਂ ਮੰਜੀ ਨੂੰ ਫੜ ਕੇ ਖਲੋਣ ਜੋਗਾ ਹੋਇਆ ਤਾਂ ਉਹ ਕਿਤਨੇ ਚਾਅ ਨਾਲ ਮੁੜ ਮੁੜ ਕੇ ਬੈਠਦਾ ਜਾਂ ਮੰਜੀ ਫੜ ਕੇ ਖਲੋਂਦਾ ਹੈ। ਬੱਚੇ ਨੂੰ ਨੀਂਦ ਵੀ ਆਈ ਹੋਵੇ, ਥਕ ਟੁਟ ਕੇ ਹਫ਼ ਵੀ ਗਿਆ ਹੋਵੇ ਤਾਂ ਵੀ ਜਦੋਂ ਉਸ ਨੇ ਕੋਈ ਨਵੀਂ ਜਾਚ ਸਿਖ ਲਈ ਹੈ ਤਾਂ ਮੁੜ ਮੁੜ ਕੇ ਉਸ ਵਿਚ ਖ਼ੁਸ਼ ਹੁੰਦਾ ਹੈ, ਤੁਸੀਂ ਪਹਿਲੋਂ ਦੇਖ ਕੇ ਖ਼ੁਸ਼ ਹੁੰਦੇ ਹੋ, ਫੇਰ ਕਾਹਲੇ ਪੈ ਜਾਂਦੇ ਹੋ, ਖਿਝਦੇ ਹੋ ਤੇ ਮਹਿਸੂਸ ਕਰਦੇ ਹੋ ਕਿ ਤੁਹਾਡਾ ਬੱਚਾ ਹੁਣ ਬੜਾ ਥਕ ਗਿਆ ਹੈ, ਹੁਣ ਉਸ ਨੇ ਆਪਣਾ ਚਾਅ ਪੂਰਾ ਕਰ ਲਿਆ ਹੈ, ਹੁਣ ਉਸ ਨੂੰ ਬਸ ਕਰਨਾ ਚਾਹੀਦਾ ਹੈ। ਤੁਸੀਂ ਉਸ ਨੂੰ ਪਿਆਰ ਨਾਲ ਮਨ੍ਹਾਂ ਕਰਦੇ ਹੋ, ਰੋਕਦੇ ਹੋ, ਜ਼ੋਰੀ ਫੜ ਕੇ ਲਿਟਾਂਦੇ ਹੋ, ਉਹ ਕੁਰਲਾ ਉਠਦਾ ਹੈ। ਤੁਸੀਂ ਉਸ ਨੂੰ

ਛਡ ਦੇਂਦੇ ਹੋ ਤੇ ਉਹ ਫੇਰ ਆਪਣੇ ਆਹਰ ਲਗ ਪੈਂਦਾ ਹੈ।

ਤੁਸਾਂ ਆਪਣੀ ਦੁਨੀਆਂ ਨੂੰ ਦੇਖ ਭਾਲ ਲਿਆ ਹੈ, ਪਰ ਤੁਹਾਡੇ ਬੱਚੇ ਨੇ ਅਜੇ ਇਸ ਦੁਨੀਆਂ ਨੂੰ ਦੇਖਣਾ ਤੇ ਸਮਝਣਾ ਹੈ। ਜਨਮ ਤੋਂ ਉਹ ਆਪਣੇ ਆਲੇ ਦੁਆਲੇ ਨੂੰ ਦੇਖਣ ਲਗਦਾ ਹੈ, ਉਸ ਦੀ ਪਰਖ ਕਰਦਾ ਹੈ। ਉਸ ਦੀ ਖੋਜ ਦਾ ਦਾਇਰਾ ਹੌਲੀ ਹੌਲੀ ਵਧਦਾ ਜਾਂਦਾ ਹੈ। ਜਿਹੜੀ ਨਵੀਂ ਚੀਜ਼ ਦੀ ਖੋਜ ਕਰਦਾ ਹੈ, ਉਸ ਨੂੰ ਖ਼ੂਬ ਚੰਗੀ ਤਰ੍ਹਾਂ ਦੇਖਦਾ ਪਰਖਦਾ ਹੈ।

ਇਸ ਦੇ ਇਲਾਵਾ ਬੱਚੇ ਦੀ ਕੋਸ਼ਿਸ਼ ਹੁੰਦੀ ਹੈ ਕਿ ਜਿਹੜਾ ਕੰਮ ਉਹ ਆਪ ਕਰ ਸਕਦਾ ਹੈ, ਉਹ ਆਪ ਹੀ ਕਰੇ, ਉਸ ਦੀ ਆਤਮਾ ਪਰਾਧੀਨਤਾ ਦੀ ਕੈਦ ਤੋਂ ਛੁਟਕਾਰਾ ਪਾਣਾ ਚਾਹੁੰਦੀ ਹੈ। ਜੇ ਉਸ ਨੂੰ ਟੁਰਨ ਦੀ ਜਾਚ ਆਉਂਦੀ ਹੈ ਤਾਂ ਭਿਗਦਾ ਢਹਿੰਦਾ, ਗੋਡੇ ਗਿੱਟੇ ਮੂੰਹ ਮਥਾ ਫਟਦਾ ਵੀ ਆਪ ਹੀ ਟੁਰੇਗਾ, ਤੁਹਾਡੀ ਉਂਗਲੀ ਜਾਂ ਤੁਹਾਡਾ ਸਹਾਰਾ ਪਰਵਾਨ ਨਹੀਂ ਕਰੇਗਾ, ਜੇ ਉਹ ਕੌਲੀ ਵਿਚੋਂ ਹਥਾਂ ਨਾਲ ਆਪ ਚੌਲ ਖਾ ਸਕਦਾ ਹੈ,ਭਾਵੇਂ ਹਥ ਮੂੰਹ ਸਾਰਾ ਲਥੇੜ ਲਵੇ, ਅੱਧੇ ਚੌਲ ਥਲੇ ਭੁਲ੍ਹਣ, ਉਸਦੇ ਕਪੜਿਆਂ ਤੇ ਭਿਗਣ ਤੇ ਮੂੰਹ ਵਿਚ ਇਕ ਦੋ ਦਾਣੇ ਹੀ ਪਾ ਸਕੇ, ਪਰ ਉਸ ਦੀ ਤਸੱਲੀ ਆਪ ਆਪਣੇ ਹਥ ਨਾਲ ਮੂੰਹ ਵਿਚ ਪਾਣ ਨਾਲ ਹੀ ਹੋਵੇਗੀ, ਤੁਹਾਡੇ ਚੌਲਾਂ ਦੇ ਭਰੇ ਚਿਮਚੇ ਨੂੰ ਉਹ ਨਾਂਹ ਕਰ ਦਏਗਾ।

ਖੋਜ ਦੀ ਤੀਬਰ ਇਛਿਆ ਤੇ ਪਰਾਧੀਨਤਾ ਤੋਂ ਛੁਟਕਾਰਾ ਪਾਣ ਦੀ ਜ਼ਬਰਦਸਤ ਖ਼ਾਹਿਸ਼ – ਬੱਚੇ ਵਿਚ ਇਹ ਦੋ ਗੁਣ ਬੁਨਿਆਦੀ ਹਨ। ਇਹਨਾਂ ਖ਼ਾਹਿਸ਼ਾਂ ਨੂੰ ਕਦੇ ਦਬਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਇਹ ਉਸ ਦੀ ਵਧਦੀ ਮਾਨਸਕ ਪ੍ਰਫੁਲਤਾ ਦਾ ਮੁਢ ਹੈ।

ਘੱਟਾ ਮਿੱਟੀ ਛਾਣਦਾ, ਉਡਾਂਦਾ, ਸਿਰ ਵਿਚ ਪਾਂਦਾ, ਬੱਚਾ ਤੁਹਾਡੇ

ਲਈ ਇਕ ਮੁਸੀਬਤ ਹੈ, ਪਰ ਉਸ ਨੇ ਇਕ ਨਵੀਂ ਜਾਚ ਸਿਖੀ ਹੈ। ਤੁਸੀਂ ਕਿਉਂ ਰੋਕਦੇ ਹੋ? ਆਪਣੇ ਆਰਾਮ ਤੇ ਆਪਣੀ ਸਹੂਲਤ ਲਈ! ਆਪਣੀ ਮੁਸੀਬਤ ਘਟਾਣ ਲਈ! ਬੱਚੇ ਨੂੰ ਤੁਹਾਡੇ ਆਰਾਮ ਤੇ ਤੁਹਾਡੀ ਤਕਲੀਫ਼ ਦੀ ਕੋਈ ਸਮਝ ਨਹੀਂ, ਪਰ ਤੁਸੀਂ ਉਸ ਦੇ ਚਾਅ ਨੂੰ, ਉਸ ਦੀ ਖ਼ੁਸ਼ੀ ਨੂੰ ਸਮਝਦਿਆਂ ਹੋਇਆਂ ਕਿਉਂ ਉਸ ਦੇ ਮਾਸੂਮ ਦਿਲ ਤੇ ਚੋਟ ਲਗਾਂਦੇ ਹੋ।

ਰੋਕਿਆਂ ਉਸ ਨਹੀਂ ਰੁਕਣਾ, ਮਨ੍ਹਾਂ ਕਰਿਆਂ ਉਹ ਆਖੇ ਨਹੀਂ ਲਗੇਗਾ ਸਗੋਂ ਮੁੜ ਮੁੜ ਕਰੇਗਾ, ਰੋਜ਼ ਕਰੇਗਾ, ਦਿਹਾੜੀ ਵਿਚ ਕਿੰਨੀ ਵਾਰੀ ਕਰੇਗਾ, ਤੁਹਾਡੀ ਮੁਸੀਬਤ ਵਧਾਏਗਾ। ਕੁਝ ਦਿਨਾਂ ਬਾਅਦ ਉਸ ਦੀ ਦਿਲਚਸਪੀ ਆਪੇ ਘਟ ਜਾਇਗੀ, ਉਹ ਕੋਈ ਹੋਰ ਨਵਾਂ ਆਹਰ ਲਭ ਲਏਗਾ, ਕਿਸੇ ਨਵੇਂ ਤਜਰਬੇ ਦੇ ਪਿਛੇ ਲਗ ਪਏਗਾ। ਤੁਸੀਂ ਸਗੋਂ ਉਸ ਦੇ ਨਾਲ ਖੇਡੋ, ਉਸ ਨੂੰ ਖੇਡਣ ਲਈ ਸਾਫ਼ ਮੋਟੀ ਰੇਤ ਮੰਗਾ ਦਿਓ, ਜਿਸ ਨਾਲ ਕਪੜੇ ਵੀ ਘਟ ਲਿਬੜੇ ਜਾਣਗੇ ਤੇ ਗੰਦੀ ਮਿਟੀ ਦੇ ਕਿਰਮਾਂ ਤੋਂ ਵੀ ਬੱਚਾ ਬਚ ਜਾਇਗਾ।

ਮਿਟੀ ਨਾਲ ਖੇਡਦਾ ਤੁਹਾਡਾ ਬੱਚਾ ਕਦੇ ਮਿਟੀ ਮੂੰਹ ਵਿਚ ਵੀ ਪਾ ਲੈਂਦਾ ਹੈ। ਤੁਸੀਂ ਦੇਖਕੇ ਤ੍ਰਹਿ ਨਾ ਜਾਓ, ਨਾ ਬੱਚੇ ਨੂੰ 'ਖਾਣ' ਨੂੰ ਪਵੋ, ਝਿੜਕੋ ਮਾਰੋ ਵੀ ਨਾ। ਦੇਖ ਕੇ ਅਨ੍ਹਡਿਠ ਕਰ ਛਡੋ, ਪਿਛੋਂ ਮੂੰਹ ਸਾਫ਼ ਕਰ ਦਿਓ। ਬੱਚਾ ਹਰ ਇਕ ਚੀਜ਼ ਮੂੰਹ ਵਿਚ ਪਾ ਕੇ ਦੇਖਣਾ ਚਾਹੁੰਦਾ ਹੈ ਇਹ ਭੀ ਉਸ ਦੀ ਖੋਜ ਤੇ ਤਜਰਬੇ ਦੀ ਖ਼ਾਹਿਸ਼ ਹੈ। ਇਕ ਦੋ ਵਾਰੀ ਮਿੱਟੀ ਚਖ ਕੇ ਜਾਂ ਖਾ ਕੇ ਬੱਚਾ ਆਪੇ ਹੀ ਛਡ ਦਏਗਾ। ਜੇ ਨਹੀਂ ਛਡਦਾ, ਜਾਂ ਉਸ ਨੂੰ ਆਦਤ ਹੀ ਪੈ ਜਾਂਦੀ ਹੈ ਤਾਂ ਤੁਸੀਂ ਹੋਰ ਤਰ੍ਹਾਂ ਤਵੱਜੋ ਦਿਓ, ਖੋਜ ਕਰੋ ਕਿ ਤੁਹਾਡਾ ਬੱਚਾ ਕਿਉਂ ਮਿੱਟੀ ਖਾਂਦਾ ਹੈ. ਕੀ ਉਹ ਕੁਝ ਚੀਜ਼ ਮੂੰਹ ਵਿਚ ਪਾ ਕੇ ਚੂਸਣਾ ਚਾਹੁੰਦਾ ਹੈ? ਉਸ ਦੀ

ਇਹ ਖ਼ਾਹਿਸ਼ ਹੋਰ ਤਰ੍ਹਾਂ ਪੂਰੀ ਕਰੋ।

ਦੱਚਾ ਆਪ ਮੰਜੀ ਤੋਂ ਥਲੇ ਉਤਰਨਾ ਚਾਹੁੰਦਾ ਹੈ, ਜੇ ਅਸੀਂ ਉਸਨੂੰ ਝਿੜਕ ਕੇ ਰੋਕ ਦਿਆਂਗੇ ਤਾਂ ਉਹ ਕਿਸੇ ਵੇਲੇ ਸਾਡੀ ਗ਼ੈਰ ਹਾਜ਼ਰੀ ਵਿਚ ਉਤਰਨ ਦੀ ਕੋਸ਼ਿਸ਼ ਵਿਚ ਮੰਜੀ ਤੋਂ ਹੇਠਾਂ ਡਿਗ ਕੇ ਮੂੰਹ ਮਥਾ ਫਟ ਲਏਗਾ। ਬੱਚਾ ਕੁਰਸੀ ਤੇ ਆਪ ਚੜ੍ਹਨਾ ਚਾਹੁੰਦਾ ਹੈ, ਜੇ ਅਸੀਂ ਉਸ ਦੀ ਮਦਦ ਨਾ ਕਰਾਂਗੇ ਤਾਂ ਕਿਸੇ ਵੇਲੇ ਚੋਰੀ ਤਜਰਬਾ ਕਰਦਾ ਕੁਰਸੀ ਆਪਣੇ ਉਤੇ ਡੇਗ ਲਏਗਾ। ਬੱਚਾ ਪੌੜੀਆਂ ਤੋਂ ਆਪ ਹੇਠਾਂ ਉਤਰਨਾ ਚਾਹੁੰਦਾ ਹੈ, ਜੇ ਅਸੀਂ ਉਸ ਨੂੰ ਹਰ ਵਕਤ ਡਰਾਂਦੇ ਰਹਾਂਗੇ ਤਾਂ ਉਹ ਚੋਰੀ ਛੱਪੀ ਜ਼ਰੂਰ ਵਰਜੀ ਗੱਲ ਤੇ ਅਮਲ ਕਰੇਗਾ। ਵਰਜਨ ਨਾਲ ਉਸ ਦੀ ਆਜ਼ਾਦੀ ਦੀ ਉਮਲਦੀ ਖ਼ਾਹਿਸ਼ ਹੋਰ ਭੜਕੇਗੀ ਤੇ ਬਜਾਏ ਸਾਡੇ ਸਾਹਮਣੇ ਕੋਸ਼ਿਸ਼ ਕਰਨ ਦੇ ਉਹ ਸਾਡੀ ਗ਼ੈਰ ਹਾਜ਼ਰੀ ਵਿਚ ਤਜਰਬੇ ਕਰੇਗਾ, ਜਿਸ ਨਾਲ ਉਸ ਨੂੰ ਚੋਟ ਲਗਣ ਦਾ ਖ਼ਤਰਾ ਹੁੰਦਾ ਹੈ।

ਬੱਚੇ ਦੀ ਮੰਜੀ ਤੋਂ ਉਤਰਨ ਦੀ ਖ਼ਾਹਿਸ਼ ਨੂੰ ਪੂਰਾ ਕਰੋ, ਜਦ ਉਹ ਕੋਸ਼ਿਸ਼ ਕਰੇ, ਉਸ ਨੂੰ ਹਥ ਰਖ ਕੇ ਉਤਸ਼ਾਹ ਦਿਓ ਤੇ ਹੇਠਾਂ ਉਤਰਨ ਵਿਚ ਉਸ ਦੀ ਮਦਦ ਕਰੋ, ਉਸ ਨੂੰ ਸ਼ਾਬਾਸ਼ ਦਿਓ ਤੇ ਉਸ ਦੇ ਵਧਦੇ ਸ਼ੌਕ ਦੀ ਪ੍ਰਸੰਸਾ ਕਰੋ, ਉਸ ਨੂੰ ਡਿਗਣ ਢਹਿਣ ਤੋਂ ਬਚਾਣ ਲਈ ਉਸ ਨੂੰ ਉੱਚੀਆਂ ਮੰਜੀਆਂ ਤੇ ਨ, ਬਿਠਾਓ। ਬੱਚੇ ਲਈ ਐਸੀਆਂ ਮੰਜੀਆਂ ਰਖੋ, ਜਿਸ ਤੇ ਉਹ ਅਸਾਨੀ ਨਾਲ ਆਪ ਚੜ੍ਹ ਲਹਿ ਸਕੇ।

ਪੌੜੀਆਂ ਤੇ ਚੜ੍ਹਨ ਉਤਰਨ ਲਈ ਉਂਗਲੀ ਫੜ ਕੇ ਆਪ ਉਸ ਦੀ ਮਦਦ ਕਰੋ, ਉਸ ਨੂੰ ਹੌਸਲਾ ਦਿਓ, ਆਪਣੀ ਗ਼ੈਰ ਹਾਜ਼ਰੀ ਵਿਚ ਖ਼ਤਰੇ ਤੋਂ ਬਚਾਣ ਲਈ ਪੌੜੀਆਂ ਅਗੇ ਰੋਕ ਰਖ ਜਾਉ।

ਬੱਚਾ ਆਪਣੀ ਹਥੀਂ ਦਾਲ, ਚੌਲ, ਖਿਚੜੀ, ਸਬਜ਼ੀ ਖਾਣਾ ਚਾਹੁੰਦਾ ਹੈ, ਉਸ ਨੂੰ ਜਾਚ ਨਹੀਂ ਆਉਂਦੀ, ਕਪੜੇ ਲਿਬੇੜ ਲੈਂਦਾ ਹੈ, ਹਥ ਮੂੰਹ

ਭਰ ਲੈਂਦਾ ਹੈ, ਸਾਰਾ ਕੁਝ ਡੋਲ੍ਹ ਦੇਂਦਾ ਹੈ, ਮੰਜੀ ਕੁਰਸੀ, ਮੇਜ਼ ਖਰਾਬ ਕਰ ਦੇਂਦਾ ਹੈ, ਘਬਰਾਉ ਨਹੀਂ, ਬੱਚੇ ਨੂੰ ਝਿੜਕ ਕੇ ਨਾ ਬਿਠਾ ਦਿਓ, ਉਸ ਨੂੰ ਹਰ ਇਕ ਜਾਚ ਸਿਖਣ ਲਈ ਮੌਕੇ ਦਿਓ, ਮੁਨਾਸਬ ਸਾਮਾਨ ਮੁਹੱਈਆ ਕਰੋ, ਗੋਲ ਚਿਮਚਾ ਲੈ ਦਿਓ ਤਾਂ ਜੋ ਨੌਕਦਾਰ ਚਿਮਚਾ ਮੂੰਹ ਵਿਚ ਨਾ ਚੋਭ ਲਏ, ਮੰਜੀ ਤੇ ਨਾ ਬਿਠਾਓ, ਵਖਰਾ ਮੇਜ਼ ਕੁਰਸੀ ਰਖ ਦਿਓ ਤਾਂ ਜੁ ਤੁਹਾਡੀਆਂ ਚੀਜ਼ਾਂ ਖ਼ਰਾਬ ਨਾ ਕਰੇ। ਜੇ ਤੁਹਾਡੇ ਨਾਲ ਬੈਠ ਕੇ ਖਾਣ ਦੀ ਜ਼ਿੱਦ ਕਰਦਾ ਹੈ ਤਾਂ ਮੇਜ਼ ਤੇ ਉਸ ਦੇ ਸਾਹਮਣੇ ਵਖਰਾ ਕਪੜਾ ਵਿਛਾ ਦਿਓ, ਉਸ ਨੂੰ ਫ਼ਰਾਕ ਕਮੀਜ਼ ਦੇ ਉੱਪਰ ਹੋਰ ਕਪੜਾ (ਏਪਰਨ, ਪਿਨੇਫ਼ੋਰ) ਪਾ ਦਿਓ ਜੋ ਉਸ ਦੇ ਖਾਣ ਪੀਣ ਮਗਰੋਂ ਉਤਾਰ ਦਿਤਾ ਜਾਏ। ਜੇ ਉਹ ਆਪਣੇ ਸਾਰੇ ਹਥ, ਆਪਣਾ ਸਾਰਾ ਮੂੰਹ ਸਲੂਣੇ ਨਾਲ ਲਬੇੜ ਲੈਂਦਾ ਹੈ ਤਾ ਚਿੰਤਾ ਨਾ ਕਰੋ, ਉਸ ਨੂੰ ਤਰੀਕੇ ਨਾਲ ਖਾਣ ਦੀ ਜਾਚ ਸਿਖਾਓ, ਲੇਕਿਨ ਕਾਹਲੇ ਨਾ ਪਵੋ, ਬੱਚਾ ਹੌਲੀ ਹੌਲੀ ਸਿਖੇਗਾ। ਬੱਚੇ ਨੂੰ ਆਪਣੇ ਨਾਲ ਬੈਠ ਕੇ ਖਾਣ ਦਿਓ, ਤੁਹਾਨੂੰ ਖਾਂਦਿਆਂ ਦੇਖ ਕੇ ਉਹ ਭੀ ਜਾਚ ਸਿਖੇਗਾ। ਬੱਚੇ ਨੂੰ ਆਪਣੀ ਹੱਥੀਂ ਹੀ ਖਿਲਾਓ, ਪਰ ਜਿਨ੍ਹਾਂ ਬਰਤਨਾਂ ਵਿਚ ਚਾਹੁੰਦੇ ਹੋ ਕਿ ਬੱਚਾ ਆਪ ਖਾਏ ਤੁਸੀਂ ਭੀ ਉਸ ਨੂੰ ਉਨ੍ਹਾਂ ਵਿਚ ਹੀ ਖਿਲਾਓ। ਜੇ ਬੱਚਾ ਆਪ ਖਾਣ ਦੀ ਖ਼ਾਹਿਸ਼ ਜ਼ਾਹਿਰ ਕਰੇ ਤਾਂ ਉਸ ਨੂੰ ਆਪ ਹੀ ਖਾਣ ਦਿਓ, ਕੋਲ ਬੈਠ ਕੇ ਉਸ ਨੂੰ ਉਤਸ਼ਾਹ ਦਿਓ। ਤੁਹਾਡਾ ਵਕਤ ਲਗੇਗਾ, ਤੁਹਾਨੂੰ ਸਬਰ ਕਰਨਾ ਪਵੇਗਾ, ਆਪਣੀ ਅੱਖੀਂ ਆਪਣੇ ਹੱਥਾਂ ਦੇ ਦੱਤੇ ਕਪੜੇ ਗੰਦੇ ਹੁੰਦੇ ਦੇਖੋਗੇ, ਸਾਫ਼ ਸੁਥਰਾ ਮੂੰਹ ਲਿਬੜਦਾ ਸਹਾਰੋਗੇ, ਤੁਹਾਨੂੰ ਖਿਚ ਚੜ੍ਹੇਗੀ, ਗੁੱਸਾ ਆਵੇਗਾ—ਪਰ ਕਿਸ ਚੀਜ਼ ਦਾ ਮੁਲ ਜ਼ਿਆਦਾ ਹੈ? ਧੋਤੇ ਕਪੜਿਆਂ ਦਾ, ਸੁਥਰੇ ਮੂੰਹ ਦਾ ਕਿ ਤੁਹਾਡੇ ਬੱਚੇ ਦੇ ਕੋਮਲ ਮਨ ਦੀ ਨਿਕੀ ਰੀਝ ਦਾ ਤੇ ਉਸ ਦੀ ਹਿੱਕ ਵਿਚੋਂ ਨਿਕਲੀ

ਤੜਪ ਦਾ ?

ਬੱਚੇ ਦੇ ਕੋਮਲ ਮਨ ਦੀਆਂ ਰੀਝਾਂ ਦੀ ਕਦਰ ਕਰੋ, ਉਸ ਦੇ ਨਿਕੇ ਕੰਮਾਂ ਦੀ ਦਾਦ ਦਿਓ, ਉਸ ਦੀ ਪ੍ਰਫੁਲਤ ਹੁੰਦੀ ਸ਼ਖ਼ਸੀਅਤ ਦੀ ਸਹਾਇਤਾ ਕਰੋ, ਉਸ ਦੇ ਫੁਟਦੇ ਸੋਮੇ ਨੂੰ ਨਾ ਰੋਕੋ। ਬੱਚੇ ਨੂੰ ਆਪਣੇ ਪੈਰਾਂ ਤੇ ਖਲੋਣ ਦਿਓ, ਉਸ ਨੂੰ ਆਪਣੀ ਕੈਦ ਵਿਚ ਰੱਖਣ ਦੀ ਕੋਸ਼ਿਸ਼ ਨਾ ਕਰੋ, ਜੇ ਉਹ ਆਜ਼ਾਦੀ ਚਾਹੁੰਦਾ ਹੈ ਤਾਂ ਉਸ ਨੂੰ ਆਜ਼ਾਦ ਹੋਣ ਦਿਓ।

ਤੁਹਾਡਾ ਬੱਚਾ ਬੜੇ ਚਾਅ ਨਾਲ ਤੁਹਾਡੇ ਕੋਲ ਆਉਂਦਾ ਹੈ, ਤੁਸੀਂ ਉਸ ਦੇ ਬਕਸ ਜਾਂ ਸੂਟ-ਕੇਸ ਵਿਚੋਂ ਉਸ ਲਈ ਕਪੜੇ ਕਢ ਰਹੇ ਹੁੰਦੇ ਹੋ। ਬੱਚਾ ਆਪਣੇ ਕਪੜੇ ਦੇਖ ਕੇ ਖ਼ੁਸ਼ੀ ਨਾਲ ਉਛਲ ਪੈਂਦਾ ਹੈ, "ਬੀ ਜੀ ਮੇਲਾ ਫ਼ਲਾਕ", ਹਥ ਨਾਲ ਬਾਹਰ ਧਰੂਹ ਲਿਜਾਂਦਾ ਹੈ, ਬੱਲੇ ਫ਼ਰਸ਼ ਤੇ ਡਿੱਗ ਪੈਂਦਾ ਹੈ, ਤੁਸੀਂ ਗ਼ੁੱਸੇ ਨਾਲ ਉਬਲਦੇ ਇਕ ਚਪੇੜ ਜੜ ਦਿੰਦੇ ਹੋ, "ਇਹ ਕੀ ਕੀਤਾ ਈ ? ਸਾਰਾ ਗੰਦਾ ਕਰ ਦਿੱਤਾ ਈ, ਹਟ ਜਾ ਪਰੇ, ਖ਼ਬਰਦਾਰ ! ਹਥ ਲਾਇਆ ਈ ਤੇ।" ਬੱਚੇ ਦੀ ਉਛਲਦੀ ਖੁਸ਼ੀ ਦੇ ਹੜ੍ਹ ਨੂੰ ਤੁਸਾਂ ਰੋਕ ਦਿਤਾ, ਉਸ ਦੇ ਖਿੜੇ ਚਿਹਰੇ ਨੂੰ ਕੁਮਲਾ ਦਿਤਾ.....ਆਪਣੇ ਸੂਟਕੇਸ ਨੂੰ ਦੇਖ ਕੇ ਉਸ ਦੇ ਉਭਰੇ ਚਾਅ, ਆਪਣੇ ਫ਼ਰਾਕ ਨੂੰ ਪਕੜ ਕੇ ਉਸ ਦੀ ਉਮਲ ਉਮਲ ਕਰਦੀ ਪ੍ਰਸੰਨਤਾ ਨੂੰ ਤੁਸਾਂ ਇਕ ਸੈਕੰਡ ਵਿਚ ਕੁਚਲ ਦਿਤਾ।

ਗ਼ੁੱਸੇ ਵਿਚ ਆ ਜਾਣਾ, ਦੋ ਚੰਡਾਂ ਲਾ ਕੇ ਬੱਚੇ ਨੂੰ ਪਰੇ ਹਟਾ ਦੇਣਾ ਬੜਾ ਆਸਾਨ ਹੈ; ਆਪਣੇ ਗ਼ੁੱਸੇ ਤੇ ਕਾਬੂ ਪਾਣਾ ਤੇ ਬੱਚੇ ਨੂੰ ਪਿਆਰ ਨਾਲ ਸਮਝਾਣਾ ਬੜਾ ਔਖਾ ਹੈ, ਕੀਮਤੀ ਫ਼ਰਾਕ ਨੂੰ ਮਿਟੀ ਵਿਚ ਰੁਥੜੀਂਦਾ ਦੇਖ ਕੇ ਕਿਹੜੀ ਮਾਂ ਆਪਣੇ ਕਰੋਧ ਨੂੰ ਰੋਕ ਲੈਂਦੀ ਹੈ ਤੇ ਆਪਣੇ ਬੱਚੇ ਨੂੰ ਬੜੇ ਪਿਆਰ-ਭਰੇ ਲਹਿਜੇ ਵਿਚ ਕਹਿੰਦੀ ਹੈ, "ਹਾਂ ਲਾਲੀ ! ਇਹ ਸੋਹਣਾ ਫ਼ਰਾਕ ਤੁਹਾਡਾ ਹੀ ਹੈ, ਕਿਡਾ ਸੋਹਣਾ ! ਕਲ੍ਹ

ਟਾਂਗੇ ਤੇ ਚਲਾਂਗੀ ਤੇ ਪਾਵਾਂਗੀ। ਹੁਣ ਠੀਕ ਕਰ ਕੇ ਤਹਿ ਕਰ ਕ ਆਪਣੇ ਸੂਟ-ਕੇਸ ਵਿਚ ਰਖ ਦਿਓ। ਹੈਂ ਨਾ, ਚੰਨ ਜੀ!" ਕਿਤਨ, ਅਸਰ ਹੁੰਦਾ ਹੈ ਬੱਚੇ ਤੇ ਇਸ ਜਾਦੂ-ਭਰੇ ਲਹਿਜੇ ਦਾ, "ਟਾਂਨੇ ਤੇ ਕਲ੍ਹ, ਹੱਛਾ।"

ਤੁਹਾਡਾ ਬੱਚਾ ਆਪਣਾ ਫ਼ਰਾਕ ਆਪ ਪਾਣਾ ਚਾਹੁੰਦਾ ਹੈ, ਤੁਸੀਂ ਉਸ ਨੂੰ ਪਾਣ ਨਹੀਂ ਦੇਂਦੇ, "ਤੇਰੇ ਕੋਲੋਂ ਨਹੀਂ ਪੈਣਾ" ਉਸ ਨੂੰ ਕੋਸ਼ਿਸ਼ ਜ਼ਰੂਰ ਕਰਨ ਦਿਓ, ਉਸ ਨੂੰ ਜਾਚ ਦਸੋ, ਉਤਸ਼ਾਹ ਦਿਓ। ਉਸ ਕੋਲੋਂ ਨਹੀਂ ਪਏਗਾ ਤਾਂ ਉਹ ਆਪੇ ਹੀ ਛਡ ਦਏਗਾ ਤੇ ਆਪ ਨੂੰ ਪਾਣ ਲਈ ਕਹੇਗਾ। ਤੁਸੀਂ ਉਸ ਨੂੰ ਠਿਠ ਨਾ ਕਰੋ, "ਬਸ ਪਾ ਲਿਆ ਈ, ਮੈਂ ਕਿਹਾ ਨਹੀਂ ਸੀ ਤੇਰੇ ਕੋਲੋਂ ਨਹੀਂ ਪੈਣਾ।" ਉਸ ਨੂੰ ਸਗੋਂ ਹੌਸਲਾ ਦਿਓ, "ਨਹੀਂ ਪਿਆ; ਲਿਆ ਮੈਂ ਪਾ ਦੇਨੀ ਆਂ। ਤੈਨੂੰ ਜਾਚ ਆ ਜਾਵੇਗੀ।" ਬੱਚੇ ਦਾ ਦਿਲ ਵਧਾਓ, ਉਸ ਨੂੰ ਕਦੇ ਨਾ ਛੁਟਿਆਉ।

ਕਿਸੇ ਉਮਰ ਤੇ ਹਰੇਕ ਬੱਚਾ ਆਪਣੇ ਬੂਟ, ਆਪਣੇ ਕਪੜੇ ਆਪ ਪਾਣਾ ਲਾਹੁਣਾ ਚਾਹੁੰਦਾ ਹੈ, ਉਸ ਨੂੰ ਜਾਚ ਦਸੋ, ਪਰੇਰਨਾ ਦਿਓ, ਉਸ ਦੀ ਮਦਦ ਕਰੋ। ਨਿਕੈ ਨਿਕੇ ਕੰਮਾਂ ਵਿਚ ਤੁਹਾਡੇ ਵਲੋਂ ਮਿਲੀ ਪ੍ਰਸੰਸਾ ਤੇ ਉਤਸ਼ਾਹ ਉਸ ਨੂੰ ਅਗੇਰੇ ਜੀਵਨ ਵਿਚ ਵਡੇ ਕੰਮਾਂ ਨੂੰ ਹਥ ਪਾਣ ਲਈ ਤਿਆਰ ਕਰਨਗੇ।

ਬੱਚਾ ਆਪਣੇ ਜ਼ਾਤੀ ਕੰਮਾਂ ਨੂੰ ਆਪਣੀ ਹਥੀਂ ਕਰ ਕੇ ਬੜਾ ਖ਼ੁਸ਼ ਹੁੰਦਾ ਹੈ। ਕਿਸੇ ਉਮਰ ਤੇ ਉਹ ਤੁਹਾਡੇ ਕੰਮ ਕਰਨ ਦੀ ਵੀ ਜਾਚ ਸਿਖਣੀ ਚਾਹੁੰਦਾ ਹੈ। ਤੁਸੀਂ ਸਬਜ਼ੀ ਕਟ ਰਹੇ ਹੋ; ਤੁਹਾਡਾ ਬੱਚਾ ਆ ਕੇ ਚਾਕੂ ਛੁਰੀ ਫੜ ਲੈਂਦਾ ਤਾਂ ਤੁਸੀਂ ਘਬਰਾ ਜਾਂਦੇ ਹੋ ਕਿ ਤੇਜ਼ ਛੁਰੀ ਨਾਲ ਹਥ ਨਾ ਕਟ ਲਏ, ਤੁਹਾਡੀ ਸਬਜ਼ੀ ਖ਼ਰਾਬ ਨਾ ਕਰ ਦਏ, ਉਸ ਨੂੰ ਝਿੜਕ ਕੇ ਜਾਂ ਮਾਰ ਕੇ ਪਰੇ ਧਿਕ ਦੇਂਦੇ ਹੋ। ਆਪਣਾ ਮਤਲਬ ਤਾਂ

ਤੁਸਾਂ ਪੂਰਾ ਕਰ ਲਿਆ, ਪਰ ਬੱਚੇ ਦੀ ਦਿਲਚਸਪੀ ਲਈ ਆਪ ਨੇ ਕੋਈ ਉਪਰਾਲਾ ਨਾ ਕੀਤਾ, ਓਸ ਦਾ ਸ਼ੌਕ ਪੂਰਾ ਨਾ ਹੋਇਆ, ਉਸ ਨੂੰ ਜਾਚ ਸਿਖਣ ਦਾ ਤੁਸਾਂ ਮੌਕਾ ਨਾ ਦਿੱਤਾ।

ਆਪਣੇ ਬੱਚੇ ਦੀਆਂ ਵਧਦੀਆਂ ਦਿਲਚਸਪੀਆਂ ਦਾ ਨਿਤ ਮੁਤਾਲਿਆ ਕਰਦੇ ਰਹੋ ਤੇ ਓਸ ਦੇ ਨਿਤ ਨਵੇਂ ਸ਼ੌਕਾਂ ਨੂੰ ਪੂਰਨ ਕਰਨ ਦਾ ਮੁਨਾਸਬ ਇੰਤਜ਼ਾਮ ਕਰੋ। ਜੇ ਆਪ ਦਾ ਬੱਚਾ ਸਬਜ਼ੀ ਕਟਣ ਦੀ ਰੀਝ ਰਖਦਾ ਹੈ ਤਾਂ ਉਸ ਨੂੰ ਨਿਕੀ ਜਿਹੀ ਘਟ ਤੇਜ਼ ਛੁਰੀ ਲੈ ਦਿਓ, ਜਿਸ ਨਾਲ ਉਸ ਨੂੰ ਹਥ ਕਟਣ ਦਾ ਖ਼ਤਰਾ ਨਾ ਹੋਏ। ਉਸ ਨੂੰ ਪਹਿਲੋਂ ਐਸੀ ਚੀਜ਼ ਦਿਓ, ਜਿਹੜੀ ਅਸਾਨੀ ਨਾਲ ਕਟ ਸਕੇ। ਜੇ ਆਪ ਦਾ ਬੱਚਾ ਆਪ ਨੂੰ ਬਹਾਰੀ ਫੇਰਦਿਆਂ ਦੇਖ ਕੇ ਬਹਾਰੀ ਫੇਰਨੀ ਸ਼ੁਰੂ ਕਰ ਦੇਂਦਾ ਹੈ ਤਾਂ ਘੱਟੇ ਤੋਂ ਨਾ ਘਬਰਾਓ, ਉਸ ਨੂੰ ਆਪਣਾ ਸ਼ੌਕ ਪੂਰਾ ਕਰ ਲੈਣ ਦਿਓ। ਜੇ ਆਪ ਨੂੰ ਬਿਸਤਰਾ ਕਰਦਿਆਂ ਦੇਖ ਕੇ ਉਹ ਭੀ ਬਿਸਤਰਾ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਹੀ ਬਿਸਤਰਾ ਕਰ ਲੈਣ ਦਿਓ। ਪਰ ਉਸ ਦੇ ਕੀਤੇ ਕੰਮਾਂ ਤੇ ਹਸ ਨਾ ਛੱਡੋ, ਉਸ ਦੇ ਨਤੀਜੇ ਦੀ ਪਰਖ ਆਪਣੇ ਨੁਕਤੇ ਤੋਂ ਨਾ ਕਰੋ, ਉਸ ਦੀ ਦ੍ਰਿਸ਼ਟੀ-ਕੋਨ ਤੋਂ ਪਰਖੋ। ਕੰਮ ਕਰਦਿਆਂ ਉਸ ਦੇ ਕੰਮ ਵਿਚ ਦਖ਼ਲ ਨਾ ਦਿਓ, ਉਸ ਨੂੰ ਆਪਣੇ ਹਥੀਂ ਕਰਨ ਦੀ ਖੁਲ੍ਹ ਦਿਓ। ਜਿਤਨਾ ਕੁਝ ਉਹ ਆਪ ਕਰ ਸਕਦਾ ਹੈ, ਉਤਨਾ ਉਸ ਨੂੰ ਕਰਨ ਦਿਓ, ਜਿਥੇ ਉਹ ਆਪ ਦੀ ਸਲਾਹ ਜਾਂ ਮਦਦ ਮੰਗੇ, ਖ਼ੁਸ਼ੀ ਨਾਲ ਦਿਓ। ਜੇ ਉਹ ਹਾਰ ਕੇ ਛਡ ਦਏ ਤਾਂ ਉਸ ਨੂੰ ਫੇਰ ਭੀ ਥਾਪੀ ਦਿਓ ਤੇ ਆਪ ਕਰ ਕੇ ਉਸ ਨੂੰ ਜਾਚ ਦਸੋ। ਜਿਤਨਾ ਕੁ ਕੰਮ ਉਹ ਕਾਮਯਾਬੀ ਨਾਲ ਕਰ ਲਏ, ਉਸ ਦੀ ਦਾਦ ਦਿਓ। ਤੁਹਾਡੀ 'ਸ਼ਾਬਾਸ਼' ਉਸ ਦਾ ਹੌਸਲਾ ਵਧਾਂਦੀ ਹੈ। ਬੱਚੇ ਨੂੰ ਆਪਣੀ ਹਥੀਂ ਕੋਈ ਕੰਮ ਕਰ ਕੇ ਜਿਤਨੀ ਖ਼ੁਸ਼ੀ ਹੁੰਦੀ ਹੈ, ਉਤਨੀ

ਕਿਸੇ ਕੋਲੋਂ ਕਰਵਾ ਕੇ ਨਹੀਂ ਹੁੰਦੀ। ਜਿਸ ਵਕਤ ਬੱਚਾ ਕਿਸੇ ਕੰਮ ਵਿਚ ਮਹਵ ਹੋ ਕੇ ਉਸ ਨੂੰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ਤਾਂ ਤੁਸੀਂ ਉਸ ਨੂੰ ਨੇਪਰੇ ਚਾੜ੍ਹਨ ਦਿਓ, ਉਸ ਦੀ ਹੌਲੀ ਰਫਤਾਰ ਜਾਂ ਗ਼ਲਤ ਤਰੀਕੇ ਦਾ ਖ਼ਿਆਲ ਨਾ ਕਰੋ। ਉਸ ਨੂੰ ਆਪਣੇ ਤਜਰਬੇ ਤੋਂ ਆਪ ਸਿਖਣ ਦਿਓ। ਬਚਾਅ ਅਤੇ ਹਿਫਾਜ਼ਤ ਵੀ ਜ਼ੁਮੇਵਾਰੀ ਆਪ ਦੇ ਸਿਰ ਹੈ। ਜੇ ਤੁਸਾਂ ਆਪਣੇ ਬੱਚੇ ਦੇ ਨਾਲ ਸ਼ੁਰੂ ਤੋਂ ਐਸੀਂ ਸਾਂਝ ਬਣਾ ਲਈ ਹੈ ਤਾਂ ਉਹ ਆਪ ਦੀ ਸਲਾਹ ਪਰਵਾਨ ਕਰੇਗਾ। ਜੇ ਆਪ ਉਸ ਦੀ ਗਲ ਸੁਣਦੇ ਰਹੇ ਹੋ, ਉਸ ਦੀਆਂ ਰੀਝਾਂ ਪੂਰੀਆਂ ਕਰਨ ਦਾ ਯੋਗ ਪਰਬੰਧ ਕਰਦੇ ਰਹੇ ਹੋ, ਉਸ ਦੀਆਂ ਦਿਲਚਸਪੀਆਂ ਵਿਚ ਦਿਲਚਸਪੀ ਲੈਂਦੇ ਰਹੇ ਹੋ ਉਸ ਨੂੰ ਪ੍ਰੇਰਨਾ, ਉਤਸ਼ਾਹ ਤੇ ਪ੍ਰਸੰਸਾ ਦੇਂਦੇ ਰਹੇ ਹੋ ਤਾਂ ਉਹ ਆਪ ਦੇ ਸਿਆਣੇ ਮਸ਼ਵਰੇ ਨੂੰ ਜ਼ਰੂਰ ਮੰਨੇਗਾ। ਪਰ ਜੇ ਆਪ ਦੇ ਮੂੰਹ ਤੇ ਹਮੇਸ਼ਾ ਇਕ 'ਨਨਾ' ਹੀ ਰਹਿੰਦਾ ਹੈ ਤਾਂ ਆਪ ਦਾ ਬੱਚਾ ਆਪ ਦੀ ਨੇਕ ਸਲਾਹ ਭੀ ਘਟ ਸੁਣੇਗਾ। ਨਿਤ ਦੀਆਂ ਮਨਾਹੀਆਂ ਐਸਾ ਰਿਸ਼ਤਾ ਬਣਾ ਦੇਂਦੀਆਂ ਹਨ, ਰੋਕ ਟੋਕ ਬੱਚੇ ਦੀਆਂ ਦਿਲਚਸਪੀਆਂ ਨੂੰ ਕੁਚਲ ਨਹੀਂ ਸਕਦੀ, ਫੁਟਦੇ ਸੋਮੇ ਦਾ ਮੂੰਹ ਹੋਰ ਪਾਸੇ ਮੋੜ ਦੇਂਦੀ ਹੈ। ਬੱਚੇ ਦਾ ਮਨ ਗ਼ਲਤ ਰਸਤਿਆਂ ਤੇ ਟੁਰ ਪੈਂਦਾ ਹੈ, ਬੱਚਾ ਸ਼ੈਤਾਨੀਆਂ ਕਰ ਕੇ ਹੀ ਖ਼ੁਸ਼ ਹੁੰਦਾ ਹੈ, ਆਪਣੇ ਮਾਪਿਆਂ ਦੀ ਹਰ ਹਦਾਇਤ ਦੇ ਉਲਟ ਚਲਦਾ ਹੈ, ਜਿਸ ਗਲ ਤੋਂ ਮਨ੍ਹਾ ਕਰੋ, ਉਹ ਹੀ ਕਰਦਾ ਹੈ। ਛੋਟੀਆਂ ਛੋਟੀਆਂ ਗੱਲਾਂ ਤੋਂ ਬੱਚੇ ਦੇ ਮਨ ਦੀ ਰੋ ਇਸ ਤਰ੍ਹਾਂ ਬਣ ਜਾਂਦੀ ਹੈ, ਸਾਡੇ ਆਪਣੇ ਵਤੀਰੇ ਦੇ ਨਤੀਜੇ ਹੁੰਦੇ ਹਨ।

ਵਧਦੀ ਉਮਰ ਦੇ ਬੱਚੇ ਦਾ ਤਜਰਬੇ ਦਾ ਦਾਇਰਾ ਵਧੇਰੇ ਚੌੜਾ ਹੋ ਜਾਂਦਾ ਹੈ, ਉਸ ਦੀਆਂ ਖ਼ਾਹਿਸ਼ਾਂ ਤੇ ਰੀਝਾਂ ਬਹੁਤੀਆਂ ਤੇ ਵਡੇਰੀਆਂ ਹੁੰਦੀਆਂ ਹਨ। ਉਨ੍ਹਾਂ ਲਈ ਉਸ ਨੂੰ ਵਧੇਰੀ ਖੁਲ੍ਹ ਮਿਲਣੀ ਚਾਹੀਦੀ ਹੈ।

ਦੋ ਤਿੰਨ ਸਾਲ ਦੇ ਬੱਚੇ ਨੂੰ ਬੜੀ ਖ਼ੁਸ਼ੀ ਹੁੰਦੀ ਹੈ ਜੇ ਉਸ ਦਾ ਆਪਣਾ ਵਖਰਾ ਸੂਟਕੇਸ, ਟਰੰਕ ਜਾਂ ਦਰਾਜ਼ ਹੋਵੇ, ਜਿਸ ਵਿਚ ਉਹ ਆਪਣੇ ਕਪੜੇ ਆਪ ਰਖ ਸਕੇ ਤੇ ਉਸ ਵਿਚੋਂ ਆਪ ਕਢ ਸਕੇ। ਉਸ ਨੂੰ ਕੁਝ ਕੁ ਚੋਣਵੇਂ ਕਪੜੇ ਵਖਰੇ ਦਿੱਤੇ ਜਾ ਸਕਦੇ ਹਨ। ਉਹ ਸਾਡੀ ਮਰਜ਼ੀ ਦੇ ਮੁਤਾਬਕ ਠੀਕ ਜੋੜ ਭੀ ਨਹੀਂ ਸਕੇਗਾ, ਤਹਿ ਭੀ ਨਹੀਂ ਕਰ ਸਕੇਗਾ ਪਰ ਅਸਾਂ ਦਖ਼ਲ ਨਹੀਂ ਦੇਣਾ, ਜਦ ਤਕ ਕਿ ਉਹ ਸਾਡੀ ਮਦਦ ਦੀ ਮੰਗ ਨਹੀਂ ਕਰਦਾ। ਉਸ ਦਾ ਸੂਟਕੇਸ, ਟਰੰਕ ਜਾਂ ਦਰਾਜ਼ ਉਸ ਦੀ ਪਹੁੰਚ ਵਿਚ ਹੋਣਾ ਚਾਹੀਦਾ ਹੈ, ਜਿਥੇ ਉਸ ਦਾ ਹਥ ਅਸਾਨੀ ਨਾਲ ਪਹੁੰਚ ਸਕੇ। ਬੱਚੇ ਨੂੰ ਕਿੱਲੀਆਂ ਉਸ ਦੇ ਪੱਧਰ ਤੇ ਲੱਗਾ ਦਿਓ, ਜਿਨ੍ਹਾਂ ਤੇ ਉਹ ਆਪਣੇ ਕਪੜੇ ਆਪ ਟੰਗ ਸਕੇ ਤੇ ਲਾਹ ਸਕੇ। ਬੱਚੇ ਨੂੰ ਵੱਖਰੀ ਕੋਲੀ ਗਲਾਸ, ਚਿਮਚਾ, ਪਲੇਟ ਵਗ਼ੈਰਾ ਸਭ ਕੁਝ ਮੁਹੱਈਆ ਕਰ ਕੇ ਦਿਓ, ਜਿਨ੍ਹਾਂ ਤੇ ਉਸ ਦਾ ਪੂਰਾ ਹਕ ਹੋਵੇ, ਖ਼ੁਸ਼ੀ ਨਾਲ, ਉਹ ਆਪ ਜਿਥੇ ਚਾਹੇ ਉਹਨਾਂ ਨੂੰ ਰਖ ਸਕੇ, ਜਿਸ ਤਰ੍ਹਾਂ ਚਾਹੇ ਉਨ੍ਹਾਂ ਨੂੰ ਵਰਤ ਸਕੇ।

ਅਜ ਕਲ ਦੀ ਨਵੀਂ ਰੌ ਖਿਡਾਉਣਿਆਂ ਦੇ ਬਰਖ਼ਿਲਾਫ਼ ਹੈ। ਉਨ੍ਹਾਂ ਮਨੋਵਿਗਿਆਨਕਾਂ ਦੀ ਰਾਏ ਹੈ ਕਿ ਬੱਚੇ ਦਾ ਆਲਾ ਦੁਆਲਾ ਖਿਡਾਉਣਿਆਂ ਦੀ ਬਜਾਏ ਚੀਜ਼ਾਂ ਨਾਲ ਭਰ ਦਿਓ, ਜਿਨ੍ਹਾਂ ਨਾਲ ਬੱਚੇ ਵਡਿਆਂ ਵਾਲੇ ਕੰਮ ਕਰ ਸਕਣ, ਛੋਟੇ ਛੋਟੇ ਖਿਡਾਉਣੇ ਬੱਚਿਆਂ ਨੂੰ ਸੁਪਨਿਆਂ ਭਰੀ ਦੁਨੀਆਂ ਵਿਚ ਰਖਣਗੇ, ਪਰ ਉਹਨਾਂ ਦਾ ਇਸ ਅਸਲੀ ਦੁਨੀਆਂ ਨਾਲ ਕੰਮ ਹੈ। ਖਿਡਾਉਣਾ ਟੀ-ਸੈਟ ਲੈ ਕੇ ਦੇਣ ਨਾਲੋਂ ਜ਼ਰਾ ਵੱਡਾ ਲੈ ਦਿਓ, ਜਿਸ ਵਿਚ ਆਪ ਚਾਹ ਪੀ ਸਕੇ ਤੇ ਆਪਣੇ ਦੋਸਤਾਂ ਨੂੰ ਚਾਹ ਪਿਆ ਸਕੇ। ਕੁਰਸੀਆਂ ਮੇਜ਼ਾਂ, ਪਲੰਘ ਤੇ ਖਿਡਾਉਣਾ ਸੋਫ਼ਾ-ਸੈਟ ਲੈ ਦੇਣ ਨਾਲੋਂ ਜ਼ਰਾ ਵਡਾ ਬਣਵਾ ਦਿਓ ਜਿਨ੍ਹਾਂ ਨੂੰ ਆਪਣੇ ਕਮਰੇ ਵਿਚ ਸਜਾ ਸਕੇ, ਬੈਠ ਸਕੇ, ਦੋਸਤਾਂ ਨੂੰ ਬਿਠਾ ਸਕੇ। ਛੋਟਾ ਬਾਂਸ ਨਾਲ

ਲਗਿਆ ਹੋਇਆ ਬੁਰਸ਼ ਲੈ ਦਿਓ ਤਾਂ ਕਿ ਆਪਣੇ ਕਮਰੇ ਦੀ ਆਪ ਸਫ਼ਾਈ ਕਰ ਕੇ ਰੀਝ ਪੂਰੀ ਕਰ ਸਕੇ। ਯੋਗ ਪ੍ਰਬੰਧ ਕਰ ਦਿਓ, ਛੋਟਾ ਜਗ ਤੇ ਛੋਟੀ ਚਿਲਮਚੀ ਲੈ ਦਿਓ, ਆਪਣਾ ਰੁਮਾਲ, ਤੌਲੀਆ, ਏਪਰਿਨ ਆਪੇ ਧੋ ਸਕੇ, ਛੋਟਾ ਜਿਹਾ ਤੌਲਦਾਨ ਬਣਵਾ ਦਿਓ, ਜਿਸ ਤੇ ਆਪਣੇ ਕਪੜੇ ਸੁਕਣੇ ਪਾ ਸਕੇ। ਉਹਦੇ ਹਥਾਂ ਨੇੜੇ ਕਿੱਲੀਆਂ ਲਾ ਦਿਓ, ਆਪਣੇ ਕਪੜੇ ਆਪ ਟੰਗ ਸਕੇ। ਉਸ ਨੂੰ ਆਪੇ ਕਪੜੇ ਲਾਹਣ ਪਾਣ ਦਾ ਮੌਕਾ ਦਿਓ, ਆਪੇ ਬਟਨ ਖੋਲ੍ਹਣ ਮੇਲਣ ਦਿਓ, ਆਪੇ ਨਹਾਉਣ ਦਿਓ। ਆਪਣੇ ਬੂਟ ਆਪ ਸਾਫ਼ ਕਰਨਾ ਚਾਹੁੰਦਾ ਹੈ ਤਾਂ ਛੋਟੇ ਛੋਟੇ ਹਥਿਆਰ ਲੈ ਦਿਓ, ਛੋਟਾ ਫੁਹਾਰਾ ਬਾਲਟੀ ਲੈ ਦਿਓ, ਆਪੇ ਬੂਟਿਆਂ ਨੂੰ ਪਾਣੀ ਪਾ ਸਕੇ। ਹਰ ਇਕ ਕੰਮ ਹਥੀਂ ਕਰਨ ਦਾ ਉਸ ਨੂੰ ਮੌਕਾ ਦਿਓ।

ਮੈਡਮ ਮਾਂਟੇਸੋਰੀ ਦੁਨੀਆਂ ਦੇ ਚੋਟੀ ਦੇ ਵਿਗਿਆਨਕਾਂ ਵਿਚੋਂ ਹੈ। ਬਚਿਆਂ ਦੀ ਰਹਿਬਰ ਹੈ, ਉਹ ਕਹਿੰਦੀ ਹੈ, "ਬਚਿਆਂ ਨੂੰ ਖਿਡਾਉਣੇ ਨਾ ਦਿਓ, ਅਸਲੀ ਘਰ ਦਿਓ, ਬਚਿਆਂ ਲਈ ਖਿਡਾਉਣੇ ਨਹੀਂ, ਉਨ੍ਹਾਂ ਨੂੰ ਕੰਮ ਕਰਨ ਲਈ ਜ਼ਮੀਨਾਂ ਦਿਓ, ਹਥਿਆਰ ਦਿਓ। ਬਚਿਆਂ ਲਈ ਗੁਡੀਆਂ ਨਹੀਂ, ਅਸਲੀ ਰੂਪ ਵਿਚ ਬਚਿਆਂ ਦਾ ਸਾਥ ਦਿਓ। ਬੱਚੇ ਨੂੰ ਉਹ ਆਲਾ ਦੁਆਲਾ ਨਾਂ ਦਿਓ, ਜਿਸ ਵਿਚ ਬੱਚਾ ਬੁਤ ਬਣ ਕੇ ਕੁਰਸੀ ਤੇ ਬੈਠ ਰਹੇ ਤੇ ਉਸਤਾਦ ਜੋ ਚਾਹੇ ਕਟੇ, ਬਲਕਿ ਇਸ ਤੋਂ ਉਲਟ ਹੋਵੇ। ਬੱਚੇ ਦਾ ਉਹੋ ਜਿਹਾ ਸਕੂਲ ਹੋਵੇ, ਜਿਥੇ ਬੱਦਾ ਖੇਡ ਸਕੇ, ਕੰਮ ਕਰ ਸਕੇ, ਗੱਲਾਂ ਕਰ ਸਕੇ, ਕਹਾਣੀਆਂ ਸੁਣਾ ਸਕੇ ਤੇ ਹਰ ਇਕ ਕੰਮ ਕਰਨ ਲਈ ਸਾਰਾ ਸਾਮਾਨ ਮੌਜੂਦ ਹੋਵੇ।"

ਬੱਚਾ ਅਵਾਰਾ ਗਰਦ ਫਿਰ ਕੇ ਖ਼ੁਸ਼ ਨਹੀਂ, ਕੰਮ ਕਰਨਾ ਚਾਹੁੰਦਾ ਹੈ। ਵੇਹਲਿਆਂ ਫਿਰ ਕੇ ਬੱਚੇ ਦੇ ਅੰਦਰਲੇ ਨੂੰ ਤਸੱਲੀ ਨਹੀਂ ਮਿਲ

ਸਕਦੀ, ਉਹ ਆਹਰ ਚਾਹੁੰਦਾ ਹੈ, ਕੰਮ ਕਰ ਕੇ ਉਸ ਦਾ ਸਰੀਰ ਪਰ-ਫੁਲਤ ਹੋਵੇਗਾ; ਕੰਮਾਂ ਵਿਚੋਂ ਸਾਰਾ ਤਜਰਬਾ ਹਾਸਲ ਕਰੇਗਾ, ਕੰਮ ਕਰਦਾ ਬੱਚਾ ਥੱਕਦਾ ਨਹੀਂ। ਨੌਕਰਾਂ ਵਾਲੇ ਕੰਮ ਕਰਨ ਦਾ ਉਸ ਦਾ ਖ਼ਾਸ ਸ਼ੌਕ ਹੈ, ਕਰਨ ਦਿਓ, ਰੋਕੋ ਨਾ। ਬਹਾਰੀ ਫੇਰਦੇ ਨੂੰ ਵੇਖ ਕੇ ਇਹ ਕਹਿ ਕੇ ਬੱਚੇ ਦਾ ਦਿਲ ਨਾ ਤੋੜੋ, ਨਿਰਾਦਰ ਨਾ ਕਰੋ; "ਛਡ ਪਰੇ, ਇਹ ਤੇ ਚੂੜ੍ਹਿਆਂ ਦਾ ਕੰਮ ਹੈ।" ਏਸ ਉਮਰ ਦੇ ਬੱਚੇ ਨੂੰ ਕੁਝ ਦਿਓ ਸਿਖ ਜਾਏਗਾ, ਪੜ੍ਹ ਜਾਏਗਾ। ਕੋਈ ਜ਼ਬਾਨ ਲਈ ਔਖੀ ਨਹੀਂ, ਕੋਈ ਕੰਮ ਉਸ ਲਈ ਮੁਸ਼ਕਲ ਨਹੀਂ, ਉਸ ਦੇ ਜ਼ਰਖ਼ੇਜ਼ ਦਿਮਾਗ਼ ਤੇ ਇਸ ਦਾ ਭਾਰ ਨਹੀਂ ਪੈਂਦਾ।

ਬੱਚੇ ਦੇ ਛੇ ਸਾਲ ਜ਼ਾਇਆ ਕਰ ਕੇ ਤੁਸੀਂ ਬੱਚੇ ਕੋਲੋਂ ਬਹੁਤੀਆਂ ਉਮੀਦਾਂ ਨਾ ਰੱਖੋ, ਉਸ ਦੇ ਕੀਮਤੀ ਸਾਲ ਜ਼ਾਇਆ ਨਾ ਕਰੋ। ਇਹ ਸਾਲ ਉਸ ਦੇ ਗਿਆਨ ਦੀਆਂ ਬੁਨਿਆਦਾਂ ਸਨ, ਉਸ ਦੀ ਖ਼ੁਦਮੁਖ਼ਤਾਰੀ ਦੀਆਂ ਨੀਹਾਂ ਹਨ। ਡੂੰਘੀਆਂ ਬੁਨਿਆਦਾਂ ਤੇ ਪੱਕੀਆਂ ਨੀਹਾਂ ਤੇ ਹੀ ਦੇਰਪਾ ਉਸਾਰੀ ਹੋ ਸਕਦੀ ਹੈ।

★